Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA




Vol. 19, Issue- 919, 13th to 19th Aug., 2026, Ph: 916-320-9444, E-mail: punjabmailusa@yahoo.com, Web: punjabmailusa.com

## ਡਿਪੋਰਟ ਹੋ ਚੁੱਕੇ ਪ੍ਰਵਾਸੀਆਂ ਤੋਂ ਜੁਰਮਾਨੇ ਵਸੂਲਣ ਦੀ ਤਿਆਰੀ 'ਚ ਟਰੰਪ ਪ੍ਰਸ਼ਾਸਨ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਅਮਰੀਕਾ ਤੋਂ ਡਿਪੋਰਟ ਹੋ ਚੁੱਕੇ ਜਾਂ ਦੇਸ਼ ਛੱਡ ਚੁੱਕੇ ਪ੍ਰਵਾਸੀਆਂ ਤੋਂ ਬਕਾਇਆ ਇਮੀਗ੍ਰੇਸ਼ਨ ਜੁਰਮਾਨਿਆਂ ਦੀ ਵਸੂਲੀ ਲਈ ਹੁਣ ਅਮਰੀਕਾ ਤੋਂ ਬਾਹਰ ਵੀ ਉਨ੍ਹਾਂ ਦਾ ਪਤਾ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਰਿਪੋਰਟਾਂ ਮੁਤਾਬਕ ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵੱਲੋਂ ਇਸ ਕੰਮ ਲਈ ਨਿੱਜੀ ਜਾਂਚਕਰਤਾਵਾਂ ਜਾਂ ਠੇਕੇਦਾਰਾਂ ਦੀਆਂ ਸੇਵਾਵਾਂ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਸ ਪ੍ਰਸਤਾਵਿਤ ਪ੍ਰੋਗਰਾਮ ਦਾ ਨਾਮ "ਟਰੇਸਿੰਗ ਐਂਡ ਪੇਮੈਂਟ ਰਿਕਵਰੀ ਸਰਵਿਸਿਜ਼" ਦੱਸਿਆ ਗਿਆ ਹੈ ਅਤੇ ਇਸ ਉੱਤੇ ਦੋ ਸਾਲਾਂ ਦੌਰਾਨ ਵੱਧ ਤੋਂ ਵੱਧ ਲਗਭਗ 9 ਮਿਲੀਅਨ ਡਾਲਰ ਖਰਚੇ ਜਾਣ ਦੀ ਯੋਜਨਾ ਹੈ। ਸ਼ੁਰੂਆਤੀ ਤੌਰ 'ਤੇ ਮੈਕਸੀਕੋ, ਗੁਆਟੇਮਾਲਾ ਅਤੇ ਹੋਂਡੂਰਸ ਵਿਚ ਰਹਿ ਰਹੇ ਅਜਿਹੇ ਲੋਕਾਂ




ਦਾ ਪਤਾ ਲਗਾਉਣ ਦੀ ਗੱਲ ਕੀਤੀ ਗਈ ਹੈ, ਹਾਲਾਂਕਿ ਇਸ ਦਾ ਦਾਇਰਾ ਹੋਰ ਦੇਸ਼ਾਂ ਤੱਕ ਵੀ ਵਧ ਸਕਦਾ ਹੈ।

ਰਿਪੋਰਟ ਮੁਤਾਬਕ ਠੇਕੇਦਾਰ ਕਿਸੇ ਵਿਅਕਤੀ ਦੀ ਮੌਜੂਦਾ ਰਿਹਾਇਸ਼ ਦੀ ਪੁਸ਼ਟੀ ਕਰਨ ਲਈ ਘਰ ਦੀਆਂ ਤਸਵੀਰਾਂ, ਯੂਟਿਲਿਟੀ ਬਿੱਲ, ਰੁਜ਼ਗਾਰ ਨਾਲ ਸਬੰਧਤ ਰਿਕਾਰਡ, ਅਦਾਲਤੀ ਦਸਤਾਵੇਜ਼ ਜਾਂ ਹੋਰ ਭਰੋਸੇਯੋਗ ਸਬੂਤ ਇਕੱਠੇ ਕਰ ਸਕਣਗੇ। ਇਸ ਤੋਂ ਬਾਅਦ ਸਬੰਧਤ ਵਿਅਕਤੀ ਨੂੰ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਨੋਟਿਸ ਪਹੁੰਚਾਇਆ ਜਾਵੇਗਾ, ਜਿਸ ਵਿਚ ਉਸ ਉੱਤੇ ਬਕਾਇਆ ਦੱਸੇ ਜਾ ਰਹੇ ਜੁਰਮਾਨਿਆਂ ਅਤੇ ਫੀਸਾਂ ਦੀ ਜਾਣਕਾਰੀ ਹੋਵੇਗੀ।

ਇਹ ਮਾਮਲਾ 1996 ਦੇ ਇਮੀਗ੍ਰੇਸ਼ਨ ਕਾਨੂੰਨ ਦੀ ਉਸ ਵਿਵਸਥਾ ਨਾਲ ਜੁੜਿਆ ਹੈ, ਜਿਸ ਤਹਿਤ ਅੰਤਿਮ ਰਿਮੂਵਲ ਆਰਡਰ ਦੀ ਪਾਲਣਾ ਨਾ ਕਰਨ ਵਾਲੇ ਕੁਝ ਪ੍ਰਵਾਸੀਆਂ ਉੱਤੇ ਸਿਵਲ ਜੁਰਮਾਨੇ ਲਗਾਏ ਜਾ ਸਕਦੇ ਹਨ। ਰਿਪੋਰਟਾਂ ਅਨੁਸਾਰ ਕੁਝ ਮਾਮਲਿਆਂ ਵਿਚ ਇਹ ਜੁਰਮਾਨੇ ਲੰਬੇ ਸਮੇਂ ਤੱਕ ਇਕੱਠੇ ਹੋਣ ਕਾਰਨ ਬਹੁਤ ਵੱਡੀ ਰਕਮ ਬਣ ਸਕਦੇ ਹਨ। ਇਸ ਯੋਜਨਾ ਨੂੰ ਲੈ ਕੇ ਕਾਨੂੰਨੀ ਮਾਹਿਰਾਂ ਅਤੇ ਪ੍ਰਵਾਸੀ ਅਧਿਕਾਰਾਂ ਨਾਲ ਜੁੜੇ ਵਕੀਲਾਂ ਵੱਲੋਂ ਸਵਾਲ ਵੀ ਉਠਾਏ ਜਾ ਰਹੇ ਹਨ। ਖਾਸ ਤੌਰ 'ਤੇ ਇਹ ਸਵਾਲ ਹੈ ਕਿ ਜਿਹੜਾ ਵਿਅਕਤੀ ਪਹਿਲਾਂ ਹੀ ਅਮਰੀਕਾ ਛੱਡ ਚੁੱਕਾ ਹੈ, ਉਸ ਤੋਂ ਕਿਸ ਤਰੀਕੇ ਨਾਲ ਅਤੇ ਕਿਹੜੀ ਕਾਨੂੰਨੀ ਪ੍ਰਕਿਰਿਆ ਰਾਹੀਂ ਇਹ ਰਕਮ ਵਸੂਲੀ ਜਾਵੇਗੀ।

■ ਬਾਕੀ ਖਬਰ ਸਫਾ 31 'ਤੇ

## ਅਮਰੀਕੀ ਨਾਗਰਿਕਤਾ 'ਤੇ ਵੀ ਹੋ ਸਕਦੈ ਖ਼ਤਰਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਾਗਰਿਕਤਾ ਹਾਸਲ ਕਰਨ ਤੋਂ ਬਾਅਦ ਆਮ ਤੌਰ 'ਤੇ ਵਿਅਕਤੀ ਨੂੰ ਇਹ ਭਰੋਸਾ ਹੁੰਦਾ ਹੈ ਕਿ ਹੁਣ ਉਸਦਾ ਇਮੀਗ੍ਰੇਸ਼ਨ ਸਟੇਟਸ ਸਥਾਈ ਤੌਰ 'ਤੇ ਸੁਰੱਖਿਅਤ ਹੈ। ਇਹ ਗੱਲ ਵੱਡੇ ਪੱਧਰ 'ਤੇ ਸਹੀ ਵੀ ਹੈ। ਪਰ ਕੁਝ ਬਹੁਤ ਸੀਮਤ ਅਤੇ ਗੰਭੀਰ ਹਾਲਾਤਾਂ ਵਿਚ ਕੁਦਰਤੀਕਰਨ ਰਾਹੀਂ ਪ੍ਰਾਪਤ ਕੀਤੀ ਗਈ ਨਾਗਰਿਕਤਾ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ।

ਸਭ ਤੋਂ ਵੱਡਾ ਖ਼ਤਰਾ ਉਸ ਵੇਲੇ ਪੈਦਾ ਹੁੰਦਾ ਹੈ, ਜਦੋਂ ਸਰਕਾਰ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰੇ ਕਿ ਕਿਸੇ ਵਿਅਕਤੀ ਨੇ ਨਾਗਰਿਕਤਾ ਦੀ ਅਰਜ਼ੀ ਦੌਰਾਨ ਜਾਣਬੁੱਝ ਕੇ ਝੂਠ ਬੋਲਿਆ, ਮਹੱਤਵਪੂਰਨ ਜਾਣਕਾਰੀ ਛੁਪਾਈ ਜਾਂ ਅਜਿਹਾ ਤੱਥ ਲੁਕਾਇਆ ਜਿਸ ਨਾਲ ਉਸਦੀ ਨਾਗਰਿਕਤਾ ਲਈ ਯੋਗਤਾ ਪ੍ਰਭਾਵਿਤ ਹੋ ਸਕਦੀ ਸੀ।

ਮਿਸਾਲ ਵਜੋਂ, ਜੇ ਕਿਸੇ ਵਿਅਕਤੀ ਨੇ ਆਪਣੇ ਪੁਰਾਣੇ

**■ ਗੰਭੀਰ ਹਾਲਾਤਾਂ 'ਚ ਨਾਗਰਿਕਤਾ ਨੂੰ ਅਦਾਲਤ 'ਚ ਦਿੱਤੀ ਜਾ ਸਕਦੀ ਹੈ ਚੁਣੌਤੀ**



ਅਪਰਾਧਿਕ ਰਿਕਾਰਡ, ਇਮੀਗ੍ਰੇਸ਼ਨ ਉਲੰਘਣਾ, ਅਸਲੀ ਪਛਾਣ ਜਾਂ ਕਿਸੇ ਹੋਰ ਮਹੱਤਵਪੂਰਨ ਮਾਮਲੇ ਬਾਰੇ ਜਾਣਬੁੱਝ ਕੇ ਗਲਤ ਜਾਣਕਾਰੀ ਦਿੱਤੀ ਸੀ, ਤਾਂ ਕਈ ਸਾਲ ਬਾਅਦ ਵੀ ਸਰਕਾਰ ਉਸ ਮਾਮਲੇ ਦੀ ਜਾਂਚ ਕਰ ਸਕਦੀ ਹੈ।

ਪਰ ਇੱਥੇ ਇੱਕ ਬਹੁਤ ਮਹੱਤਵਪੂਰਨ ਫ਼ਰਕ ਸਮਝਣਾ ਜ਼ਰੂਰੀ ਹੈ। ਹਰ ਗਲਤ ਜਵਾਬ ਜਾਂ ਛੋਟੀ ਗਲਤੀ ਧੋਖਾਧੜੀ ਨਹੀਂ ਹੁੰਦੀ। ਨਾਗਰਿਕਤਾ ਖੋਹਣ ਦੀ ਕਾਰਵਾਈ ਲਈ ਕਾਨੂੰਨੀ ਮਿਆਰ ਕਾਫ਼ੀ ਉੱਚਾ ਹੈ ਅਤੇ ਸਰਕਾਰ ਨੂੰ ਆਪਣਾ ਕੇਸ ਸਾਬਤ ਕਰਨਾ ਪੈਂਦਾ ਹੈ।

ਦੂਜਾ ਗੰਭੀਰ ਮਾਮਲਾ ਪਛਾਣ ਜਾਂ ਪਿਛੋਕੜ ਬਾਰੇ ਧੋਖਾਧੜੀ ਦਾ ਹੋ ਸਕਦਾ ਹੈ। ਜੇ ਕਿਸੇ ਨੇ ਜਾਅਲੀ ਪਛਾਣ, ਜਾਅਲੀ ਦਸਤਾਵੇਜ਼ ਜਾਂ ਗਲਤ ਇਮੀਗ੍ਰੇਸ਼ਨ ਇਤਿਹਾਸ ਦੇ ਆਧਾਰ 'ਤੇ ਨਾਗਰਿਕਤਾ ਪ੍ਰਾਪਤ ਕੀਤੀ ਹੋਵੇ, ਤਾਂ ਇਹ ਡੀਨੈਚੁਰਲਾਈਜ਼ੇਸ਼ਨ ਦਾ ਆਧਾਰ ਬਣ ਸਕਦਾ ਹੈ।

ਇਸੇ ਤਰ੍ਹਾਂ ਜੇ ਨਾਗਰਿਕਤਾ ਪ੍ਰਾਪਤ ਕਰਨ ਤੋਂ ਪਹਿਲਾਂ ਹੋਈ ਗੰਭੀਰ ਅਪਰਾਧਿਕ ਗਤੀਵਿਧੀ ਨੂੰ ਅਰਜ਼ੀ ਦੌਰਾਨ ਜਾਣਬੁੱਝ ਕੇ ਛੁਪਾਇਆ ਗਿਆ ਸੀ ਅਤੇ ਉਹ ਜਾਣਕਾਰੀ ਵਿਅਕਤੀ ਦੀ ਯੋਗਤਾ ਲਈ ਮਹੱਤਵਪੂਰਨ ਸੀ, ਤਾਂ ਬਾਅਦ ਵਿਚ ਵੀ ਸਵਾਲ ਖੜ੍ਹੇ ਹੋ ਸਕਦੇ ਹਨ। ਸਿਰਫ਼ ਕ੍ਰਿਮੀਨਲ ਰਿਕਾਰਡ ਹੋਣਾ ਅਤੇ ਕ੍ਰਿਮੀਨਲ ਰਿਕਾਰਡ ਨੂੰ ਜਾਣਬੁੱਝ ਕੇ ਛੁਪਾਉਣਾ ਦੋ ਵੱਖਰੀਆਂ ਗੱਲਾਂ ਹਨ।

■ ਬਾਕੀ ਖਬਰ ਸਫਾ 31 'ਤੇ

## ਗ੍ਰੀਨ ਕਾਰਡ ਅਰਜ਼ੀਆਂ ਦੇ ਤਰੀਕੇ 'ਚ ਵੱਡੀ ਤਬਦੀਲੀ ਦੀ ਤਿਆਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਲਈ ਅਰਜ਼ੀਆਂ ਦੇਣ ਵਾਲੇ ਲੋਕਾਂ ਲਈ ਇੱਕ ਮਹੱਤਵਪੂਰਨ ਤਬਦੀਲੀ ਸਾਹਮਣੇ ਆ ਰਹੀ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ, ਯਾਨੀ ਯੂ.ਐੱਸ.ਸੀ.ਆਈ.ਐੱਸ., ਨੇ 10 ਅਗਸਤ 2026 ਨੂੰ ਐਲਾਨ ਕੀਤਾ ਹੈ ਕਿ ਹੋਮਲੈਂਡ ਸਕਿਓਰਿਟੀ ਵਿਭਾਗ ਇਮੀਗ੍ਰੇਸ਼ਨ ਫਾਰਮਾਂ ਦੀ ਲਾਜ਼ਮੀ ਇਲੈਕਟ੍ਰਾਨਿਕ ਫਾਈਲਿੰਗ ਵੱਲ ਅੱਗੇ ਵਧ ਰਿਹਾ ਹੈ। ਇਸਦਾ ਮਤਲਬ ਹੈ ਕਿ ਭਵਿੱਖ ਵਿਚ ਕਈ ਅਰਜ਼ੀਆਂ, ਪਟੀਸ਼ਨਾਂ ਅਤੇ ਇਮੀਗ੍ਰੇਸ਼ਨ ਨਾਲ ਸਬੰਧਤ ਬੇਨਤੀਆਂ ਨੂੰ ਕਾਗਜ਼ੀ ਰੂਪ ਵਿਚ ਡਾਕ ਰਾਹੀਂ ਭੇਜਣ ਦੀ ਬਜਾਏ ਯੂ.ਐੱਸ.ਸੀ.ਆਈ.ਐੱਸ. ਦੇ ਆਨਲਾਈਨ ਸਿਸਟਮ ਰਾਹੀਂ ਜਮ੍ਹਾਂ ਕਰਵਾਉਣਾ ਲਾਜ਼ਮੀ ਕੀਤਾ ਜਾ ਸਕਦਾ




ਹੈ। ਪਰ ਇੱਥੇ ਸਭ ਤੋਂ ਜ਼ਰੂਰੀ ਗੱਲ ਸਮਝਣ ਵਾਲੀ ਇਹ ਹੈ ਕਿ 10 ਅਗਸਤ ਤੋਂ ਸਾਰੀਆਂ ਗ੍ਰੀਨ ਕਾਰਡ ਅਰਜ਼ੀਆਂ ਦੀ ਪੇਪਰ ਫਾਈਲਿੰਗ ਤੁਰੰਤ ਬੰਦ ਨਹੀਂ ਹੋਈ। ਯੂ.ਐੱਸ.ਸੀ.ਆਈ.ਐੱਸ. ਵੱਖ-ਵੱਖ ਫਾਰਮਾਂ ਲਈ ਇਹ ਤਬਦੀਲੀ ਪੜਾਅਵਾਰ ਲਾਗੂ ਕਰੇਗਾ। ਕਿਸੇ ਫਾਰਮ ਲਈ ਇਲੈਕਟ੍ਰਾਨਿਕ ਫਾਈਲਿੰਗ ਲਾਜ਼ਮੀ ਕਰਨ ਤੋਂ ਪਹਿਲਾਂ ਯੂ.ਐੱਸ.ਸੀ.ਆਈ.ਐੱਸ. ਵੱਲੋਂ ਉਸ ਬਾਰੇ ਅਧਿਕਾਰਤ ਸੂਚਨਾ ਜਾਰੀ ਕੀਤੀ ਜਾਵੇਗੀ।


■ ਬਾਕੀ ਖਬਰ ਸਫਾ 31 'ਤੇ

## ਓਹਾਇਓ ਕਤਲ ਮਾਮਲਾ: ਗੁਰਪ੍ਰੀਤ ਸਿੰਘ ਦੀ ਮੌਤ ਦੀ ਸਜ਼ਾ ਖਿਲਾਫ਼ ਸੁਪਰੀਮ ਕੋਰਟ 'ਚ ਅਪੀਲ

**ਓਹਾਇਓ, (ਪੰਜਾਬ ਮੇਲ)-** ਅਮਰੀਕਾ ਦੇ ਓਹਾਇਓ ਸੂਬੇ 'ਚ ਭਾਰਤੀ ਮੂਲ ਦੇ ਗੁਰਪ੍ਰੀਤ ਸਿੰਘ



ਦਾ ਮਾਮਲਾ ਇੱਕ ਵਾਰ ਫਿਰ ਚਰਚਾ ਵਿਚ ਹੈ। ਤਾਜ਼ਾ ਜਾਣਕਾਰੀ ਮੁਤਾਬਕ ਗੁਰਪ੍ਰੀਤ ਸਿੰਘ ਦੇ ਵਕੀਲਾਂ ਨੇ ਓਹਾਇਓ ਸੁਪਰੀਮ ਕੋਰਟ ਅੱਗੇ ਉਸਦੀ ਸਜ਼ਾ ਅਤੇ ਦੋਸ਼ਸਿੱਧੀ ਨੂੰ ਚੁਣੌਤੀ ਦਿੱਤੀ ਹੈ। ਅਦਾਲਤ ਨੇ ਹਾਲ ਹੀ ਵਿਚ ਇਸ ਅਪੀਲ 'ਤੇ ਜ਼ੁਬਾਨੀ ਦਲੀਲਾਂ ਸੁਣੀਆਂ ਹਨ। ਬਚਾਅ ਪੱਖ ਨਵਾਂ ਟ੍ਰਾਇਲ ਮੰਗ ਰਿਹਾ ਹੈ, ਜਦਕਿ ਸਰਕਾਰੀ ਵਕੀਲ ਮੌਜੂਦਾ ਦੋਸ਼ਸਿੱਧੀ ਅਤੇ ਸਜ਼ਾ ਨੂੰ ਬਰਕਰਾਰ ਰੱਖਣ ਦੀ ਮੰਗ ਕਰ ਰਹੇ ਹਨ। ਇਹ ਮਾਮਲਾ 29 ਅਪ੍ਰੈਲ 2019 ਦੀਆਂ ਘਟਨਾਵਾਂ ਨਾਲ ਸਬੰਧਤ ਹੈ। ਅਦਾਲਤੀ ਰਿਕਾਰਡ ਮੁਤਾਬਕ ਵੈਸਟ ਚੈਸਟਰ, ਬਟਲਰ ਕਾਉਂਟੀ ਦੇ ਇੱਕ ਅਪਾਰਟਮੈਂਟ ਵਿਚ ਗੁਰਪ੍ਰੀਤ ਸਿੰਘ ਦੀ ਪਤਨੀ ਸ਼ਲਿੰਦਰਜੀਤ ਕੌਰ ਸਿੰਘ, ਸਹੁਰਾ ਹਕੀਕਤ ਸਿੰਘ ਪੰਨਾਗ, ਸੱਸ ਪਰਮਜੀਤ ਕੌਰ ਅਤੇ ਪਰਿਵਾਰ ਦੀ ਇੱਕ ਹੋਰ ਮੈਂਬਰ ਅਮਰਜੀਤ ਕੌਰ



ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਗਈ ਸੀ।

ਇਸ ਕੇਸ ਦਾ ਪਹਿਲਾ ਟ੍ਰਾਇਲ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕਿਆ ਸੀ। ਤਿੰਨ ਹਫ਼ਤਿਆਂ ਦੇ ਟ੍ਰਾਇਲ ਅਤੇ ਲਗਭਗ 14 ਘੰਟਿਆਂ ਦੀ ਵਿਚਾਰ-ਚਰਚਾ ਤੋਂ ਬਾਅਦ ਜਿਊਰੀ ਸਹਿਮਤ ਨਹੀਂ ਹੋ ਸਕੀ ਅਤੇ ਜੱਜ ਨੇ ਮਿਸਟ੍ਰਾਇਲ ਐਲਾਨ ਦਿੱਤਾ ਸੀ।

ਬਾਅਦ ਵਿਚ ਗੁਰਪ੍ਰੀਤ ਸਿੰਘ ਨੇ ਜਿਊਰੀ ਰਾਹੀਂ ਮੁਕੱਦਮਾ ਸੁਣੇ ਜਾਣ ਦਾ ਅਧਿਕਾਰ ਛੱਡ ਦਿੱਤਾ ਅਤੇ ਕੇਸ ਤਿੰਨ ਜੱਜਾਂ ਦੇ ਪੈਨਲ ਸਾਹਮਣੇ ਗਿਆ। 2024 ਵਿਚ ਇਸ ਪੈਨਲ ਨੇ ਉਸਨੂੰ ਦੋਸ਼ੀ ਕਰਾਰ ਦਿੱਤਾ ਅਤੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਗਈ। ਹੁਣ ਗੁਰਪ੍ਰੀਤ ਸਿੰਘ ਦੀ ਨਵੀਂ ਵਕੀਲ ਕੈਥਰੀਨ ਸੈਂਡਫੋਰਡ ਵੱਲੋਂ ਓਹਾਇਓ ਸੁਪਰੀਮ ਕੋਰਟ ਵਿਚ ਇਹ ਮੁੱਦਾ ਉਠਾਇਆ ਗਿਆ ਹੈ ਕਿ ਪਿਛਲੇ ਬਚਾਅ ਪੱਖ ਦੇ ਵਕੀਲਾਂ ਵੱਲੋਂ ਉਸਨੂੰ ਪ੍ਰਭਾਵਸ਼ਾਲੀ ਕਾਨੂੰਨੀ ਨੁਮਾਇੰਦਗੀ ਨਹੀਂ ਮਿਲੀ। ਬਚਾਅ ਪੱਖ ਖ਼ਾਸ ਤੌਰ 'ਤੇ ਉਸਦੇ ਜਿਊਰੀ ਟਰਾਇਲ ਛੱਡਣ ਦੇ ਫ਼ੈਸਲੇ 'ਤੇ ਸਵਾਲ ਉਠਾ ਰਿਹਾ ਹੈ। ਉਨ੍ਹਾਂ ਦੀ ਦਲੀਲ ਦਾ ਇੱਕ ਹਿੱਸਾ ਇਹ ਵੀ ਹੈ ਕਿ ਗੁਰਪ੍ਰੀਤ ਸਿੰਘ ਦੀ ਪਹਿਲੀ ਭਾਸ਼ਾ ਪੰਜਾਬੀ ਹੈ ਅਤੇ ਉਸਨੂੰ ਅੰਗਰੇਜ਼ੀ ਕਾਨੂੰਨੀ ਸ਼ਬਦਾਵਲੀ ਸਮਝਣ ਵਿਚ ਮੁਸ਼ਕਲ ਆ ਸਕਦੀ ਸੀ। ਪਰ ਸਰਕਾਰੀ ਪੱਖ ਇਸ ਦਲੀਲ ਦਾ ਵਿਰੋਧ ਕਰ ਰਿਹਾ ਹੈ। ਅਦਾਲਤੀ ਰਿਕਾਰਡ ਵਿਚ ਦਰਜ ਹੈ ਕਿ ਗੁਰਪ੍ਰੀਤ ਸਿੰਘ ਨੇ ਜਿਊਰੀ ਦਾ ਹੱਕ ਛੱਡਣ ਵਾਲੇ ਦਸਤਾਵੇਜ਼ 'ਤੇ ਦਸਤਖ਼ਤ ਕੀਤੇ ਸਨ ਅਤੇ ਟ੍ਰਾਇਲ ਸ਼ੁਰੂ ਹੋਣ ਸਮੇਂ ਜੱਜ ਨੇ ਉਸ ਤੋਂ ਮੁੜ ਪੁੱਛਿਆ ਸੀ ਕਿ ਕੀ ਉਹ ਤਿੰਨ ਜੱਜਾਂ ਦੇ ਪੈਨਲ ਸਾਹਮਣੇ ਹੀ ਕੇਸ ਚਲਾਉਣਾ ਚਾਹੁੰਦਾ ਹੈ। ਰਿਕਾਰਡ ਮੁਤਾਬਕ ਉਸਨੇ ਇਸਦੀ ਪੁਸ਼ਟੀ ਕੀਤੀ ਸੀ। ਹੇਠਲੀ ਅਦਾਲਤ ਨੇ ਟ੍ਰਾਇਲ ਤੋਂ ਪਹਿਲਾਂ ਇਹ ਵੀ ਸਪੱਸ਼ਟ ਕੀਤਾ ਸੀ ਕਿ ਟ੍ਰਾਇਲ ਸ਼ੁਰੂ ਹੋਣ ਤੋਂ ਪਹਿਲਾਂ ਉਹ ਜਿਊਰੀ ਮੁਆਫੀ ਵਾਪਸ ਲੈ ਸਕਦਾ ਹੈ।

■ ਬਾਕੀ ਖਬਰ ਸਫਾ 31 'ਤੇ

## ਇਮੀਗ੍ਰੇਸ਼ਨ ਅਰਜ਼ੀ 'ਚ ਅਧੂਰੇ ਦਸਤਾਵੇਜ਼ ਪੈ ਸਕਦੇ ਹਨ ਭਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ, ਵਰਕ ਪਰਮਿਟ, ਨਾਗਰਿਕਤਾ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਲਈ ਅਰਜ਼ੀਆਂ ਦਾਇਰ ਕਰਨ ਵਾਲਿਆਂ ਲਈ ਦਸਤਾਵੇਜ਼ਾਂ ਦੀ ਪੂਰਨਤਾ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਬਣ ਗਈ




ਹੈ। ਸਾਹਮਣੇ ਆਈਆਂ ਰਿਪੋਰਟਾਂ ਮੁਤਾਬਕ ਯੂ.ਐੱਸ.ਸੀ.ਆਈ.ਐੱਸ. ਦੀ ਨੀਤੀ ਵਿਚ ਹੋਈ ਤਬਦੀਲੀ ਤੋਂ ਬਾਅਦ ਬਿਨੈਕਾਰਾਂ ਨੂੰ ਇਹ ਮੰਨ ਕੇ ਨਹੀਂ ਚੱਲਣਾ ਚਾਹੀਦਾ ਕਿ ਜੇ ਅਰਜ਼ੀ ਵਿਚ ਕੋਈ ਜ਼ਰੂਰੀ ਸਬੂਤ ਜਾਂ ਦਸਤਾਵੇਜ਼ ਘੱਟ ਹੋਇਆ, ਤਾਂ ਯੂ.ਐੱਸ.ਸੀ.ਆਈ.ਐੱਸ. ਫੈਸਲਾ ਕਰਨ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਰਿਕੁਐਸਟ ਫਾਰ ਐਵੀਡੈਂਸ, ਯਾਨੀ ਆਰ.ਐੱਫ.ਈ. ਭੇਜੇਗਾ। ਰਿਪੋਰਟ ਮੁਤਾਬਕ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀਆਂ ਕੋਲ ਕੁਝ ਹਾਲਾਤਾਂ ਵਿਚ ਵਾਧੂ ਸਬੂਤ ਮੰਗੇ ਬਿਨਾਂ ਹੀ ਮੌਜੂਦਾ ਰਿਕਾਰਡ ਦੇ ਆਧਾਰ 'ਤੇ ਕੇਸ ਦਾ ਫੈਸਲਾ ਕਰਨ ਦਾ ਅਧਿਕਾਰ ਹੋ ਸਕਦਾ ਹੈ। ਇਸ ਲਈ ਅਰਜ਼ੀ ਦਾਇਰ ਕਰਨ ਵੇਲੇ ਹੀ ਸਾਰੇ ਲਾਜ਼ਮੀ ਦਸਤਾਵੇਜ਼, ਸਬੂਤ ਅਤੇ ਸਹੀ ਤਰੀਕੇ ਨਾਲ ਭਰੇ ਫਾਰਮ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ।

ਇਸ ਦਾ ਅਸਰ ਗ੍ਰੀਨ ਕਾਰਡ ਲਈ ਫਾਰਮ ਆਈ-485, ਵਰਕ ਪਰਮਿਟ ਲਈ ਫਾਰਮ ਆਈ-765, ਨਾਗਰਿਕਤਾ ਲਈ ਫਾਰਮ ਐੱਨ-400 ਅਤੇ ਹੋਰ ਕਈ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਪੈ ਸਕਦਾ ਹੈ। ਪਰ ਹਰ ਫਾਰਮ ਅਤੇ ਹਰ ਕੇਸ ਵਿਚ ਇੱਕੋ ਜਿਹਾ ਨਿਯਮ ਲਾਗੂ ਹੁੰਦਾ ਹੈ, ਇਹ ਮੰਨਣਾ ਠੀਕ ਨਹੀਂ ਹੋਵੇਗਾ। ਕੇਸ ਦੀ ਕਿਸਮ, ਕਾਨੂੰਨੀ ਆਧਾਰ ਅਤੇ ਕਿਹੜਾ ਸਬੂਤ ਗਾਇਬ ਹੈ—ਇਹ ਸਾਰੇ ਤੱਥ ਮਹੱਤਵਪੂਰਨ ਰਹਿਣਗੇ।

■ ਬਾਕੀ ਖਬਰ ਸਫਾ 31 'ਤੇ

## ਅਮਰੀਕਾ 'ਚ ਡਿਪਲੋਮੈਟਾਂ ਦੇ ਬੱਚਿਆਂ ਦਾ ਭਵਿੱਖ ਧੁੰਦਲਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਆਪਣੀ ਪਾਲਿਸੀ ਮੈਨੂਅਲ ਵਿਚ ਤਬਦੀਲੀ ਕਰਦਿਆਂ ਅਮਰੀਕਾ ਵਿਚ ਤਾਇਨਾਤ ਵਿਦੇਸ਼ੀ ਡਿਪਲੋਮੈਟਾਂ ਦੇ ਬੱਚਿਆਂ ਦੀ ਨਾਗਰਿਕਤਾ ਅਤੇ ਗ੍ਰੀਨ ਕਾਰਡ ਯੋਗਤਾ ਸਬੰਧੀ ਨਿਯਮਾਂ ਨੂੰ ਹੋਰ ਸਪੱਸ਼ਟ ਕੀਤਾ ਹੈ। ਨਵੀਂ ਅਪਡੇਟ ਮੁਤਾਬਕ ਵਿਦੇਸ਼ ਮੰਤਰਾਲੇ ਵੱਲੋਂ ਪਹਿਲਾਂ ਜਾਰੀ ਕੀਤੀ ਜਾਂਦੀ "ਡਿਪਲੋਮੈਟਿਕ ਲਿਸਟ" ਜਾਂ "ਬਲੂ ਲਿਸਟ" ਦਾ ਹਵਾਲਾ ਹੁਣ ਯੂ.ਐੱਸ.ਸੀ.ਆਈ.ਐੱਸ. ਦੀ




ਪਾਲਿਸੀ ਵਿਚੋਂ ਹਟਾ ਦਿੱਤਾ ਗਿਆ ਹੈ, ਕਿਉਂਕਿ ਵਿਦੇਸ਼ ਮੰਤਰਾਲਾ ਹੁਣ ਇਹ ਸੂਚੀ ਪ੍ਰਕਾਸ਼ਿਤ ਨਹੀਂ ਕਰਦਾ।

ਯੂ.ਐੱਸ.ਸੀ.ਆਈ.ਐੱਸ. ਮੁਤਾਬਕ, ਜੇ ਕੋਈ ਬੱਚਾ ਅਮਰੀਕਾ ਵਿਚ ਅਜਿਹੇ ਵਿਦੇਸ਼ੀ ਡਿਪਲੋਮੈਟ ਦੇ ਘਰ ਜਨਮ ਲੈਂਦਾ ਹੈ, ਜੋ ਅਮਰੀਕਾ ਵਿਚ ਬਾਕਾਇਦਾ ਮਾਨਤਾ ਪ੍ਰਾਪਤ ਡਿਪਲੋਮੈਟਿਕ ਅਧਿਕਾਰੀ ਹੈ ਅਤੇ ਜਿਸ ਨੂੰ ਡਿਪਲੋਮੈਟਿਕ ਛੋਟ ਪ੍ਰਾਪਤ ਹੈ, ਤਾਂ ਆਮ ਤੌਰ 'ਤੇ ਉਸ ਬੱਚੇ ਨੂੰ ਸਿਰਫ਼ ਅਮਰੀਕਾ ਵਿਚ ਜਨਮ ਲੈਣ ਦੇ ਆਧਾਰ 'ਤੇ ਆਪਣੇ ਆਪ ਅਮਰੀਕੀ ਨਾਗਰਿਕਤਾ ਨਹੀਂ ਮਿਲਦੀ। ਇਸ ਦਾ ਕਾਰਨ ਇਹ ਹੈ ਕਿ ਅਜਿਹੇ ਡਿਪਲੋਮੈਟ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਸ ਮਕਸਦ ਲਈ ਅਮਰੀਕੀ ਕਾਨੂੰਨੀ ਅਧਿਕਾਰ-ਖੇਤਰ ਦੇ ਅਧੀਨ ਨਹੀਂ ਮੰਨਿਆ ਜਾਂਦਾ। ਹਾਲਾਂਕਿ, ਅਜਿਹੇ ਬੱਚੇ ਕੁਝ ਸ਼ਰਤਾਂ ਪੂਰੀਆਂ ਕਰਨ 'ਤੇ ਕਾਨੂੰਨੀ ਸਥਾਈ ਨਿਵਾਸੀ, ਯਾਨੀ ਗ੍ਰੀਨ ਕਾਰਡ ਧਾਰਕ ਵਜੋਂ ਰਜਿਸਟਰ ਹੋਣ ਦੇ ਯੋਗ ਹੋ ਸਕਦੇ ਹਨ।

■ ਬਾਕੀ ਖਬਰ ਸਫਾ 31 'ਤੇ

# ਨਵਕਿਰਨ ਕੌਰ ਸੇਖੋਂ ਵੱਲੋਂ ਪੰਜਾਬੀ ਵਿਰਸੇ ਤੇ ਸੱਭਿਆਚਾਰ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਦਾ ਉਪਰਾਲਾ

**ਗਿੱਧਾ ਟੀਮ ਵੱਲੋਂ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਦੇ ਦਫ਼ਤਰ ਦਾ ਦੌਰਾ**



ਟੋਰਾਂਟੋ, ਕੈਨੇਡਾ ਵਿਖੇ ਹੋਏ ਗਿੱਧਾ ਕੰਪੀਟੀਸ਼ਨ ਤੋਂ ਜਿੱਤੀ ਟਰਾਫੀ ਦੇ ਨਾਲ ਨਵਕਿਰਨ ਕੌਰ ਸੇਖੋਂ ਦੀ ਟੀਮ।

**ਸੈਕਰਾਮੈਂਟੋ, (ਪੰਜਾਬ ਮੇਲ)-** ਸੈਕਰਾਮੈਂਟੋ ਦੇ ਨਟੋਮਸ ਇਲਾਕੇ 'ਚ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਲਈ ਨਵਕਿਰਨ ਕੌਰ ਸੇਖੋਂ ਵੱਲੋਂ ਕੀਤਾ ਜਾ ਰਿਹਾ ਉਪਰਾਲਾ ਸ਼ਲਾਘਾਯੋਗ ਹੈ। ਉਨ੍ਹਾਂ ਵੱਲੋਂ ਚਲਾਈ ਜਾ ਰਹੀ ਗਿੱਧਾ ਅਕੈਡਮੀ ਵਿਚ ਅਮਰੀਕਾ ਵਿਚ ਜੰਮੀਆਂ ਅਤੇ ਪਲੀਆਂ, ਵਧੀਆਂ ਪੰਜਾਬੀ ਮੂਲ ਦੀਆਂ ਕੁੜੀਆਂ ਨੂੰ ਗਿੱਧੇ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ।

ਖਾਸ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕਈ ਬੱਚੀਆਂ ਪੰਜਾਬੀ ਬੋਲੀ ਬੋਲਣ ਵਿਚ ਪੂਰੀ ਤਰ੍ਹਾਂ ਨਿਪੁੰਨ ਨਹੀਂ ਹਨ, ਪਰ ਗਿੱਧੇ ਦੀਆਂ ਬੋਲੀਆਂ, ਲੋਕ-ਗੀਤਾਂ ਅਤੇ ਪੰਜਾਬੀ ਰਵਾਇਤਾਂ ਰਾਹੀਂ ਉਹ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਨਾਲ ਜੁੜ ਰਹੀਆਂ ਹਨ। ਗਿੱਧਾ ਸਿੱਖਦਿਆਂ ਬੱਚੀਆਂ ਨੂੰ ਪੰਜਾਬੀ ਪਹਿਰਾਵੇ, ਰਸਮਾਂ-ਰਿਵਾਜਾਂ, ਲੋਕ-ਬੋਲੀਆਂ ਅਤੇ ਪੰਜਾਬ ਦੀ ਅਮੀਰ ਵਿਰਾਸਤ ਬਾਰੇ ਵੀ ਜਾਣਕਾਰੀ ਮਿਲ ਰਹੀ ਹੈ।

ਨਵਕਿਰਨ ਕੌਰ ਸੇਖੋਂ ਦੀ ਅਗਵਾਈ ਹੇਠ ਇਹ ਬੱਚੀਆਂ ਵੱਖ-ਵੱਖ ਸੱਭਿਆਚਾਰਕ ਸਮਾਗਮਾਂ ਅਤੇ ਗਿੱਧਾ ਮੁਕਾਬਲਿਆਂ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਚੁੱਕੀਆਂ ਹਨ। ਟੀਮ ਨੇ ਕਈ ਮੁਕਾਬਲਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਟਰਾਫੀਆਂ ਵੀ ਆਪਣੇ ਨਾਮ ਕੀਤੀਆਂ ਹਨ।

ਹਾਲ ਹੀ ਵਿਚ ਇਸ ਗਿੱਧਾ ਟੀਮ ਨੇ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਦੇ ਦਫ਼ਤਰ ਦਾ ਦੌਰਾ ਕੀਤਾ, ਜਿੱਥੇ ਬੱਚੀਆਂ ਅਤੇ ਟੀਮ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਨਵਕਿਰਨ ਕੌਰ ਸੇਖੋਂ ਨਾਲ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਲਈ ਵਿਸ਼ੇਸ਼ ਇੰਟਰਵਿਊ ਵੀ ਕੀਤੀ ਗਈ। ਵਿਦੇਸ਼ੀ ਧਰਤੀ 'ਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਵਿਰਸੇ ਨਾਲ ਜੋੜਨ ਦਾ ਇਹ ਉਪਰਾਲਾ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

# ਉੱਘੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਨਾਨਾ ਬਣੇ



**ਸਿਆਟਲ, (ਪੰਜਾਬ ਮੇਲ)-** ਉੱਘੇ ਖੇਡ ਪ੍ਰਮੋਟਰ, ਖੇਡ ਲੇਖਕ ਜਗਰੂਪ ਸਿੰਘ ਜਰਖੜ ਦੇ ਘਰ ਉਸ ਵੇਲੇ ਖੁਸ਼ੀਆਂ ਦਾ ਅਥਾਹ ਵਾਧਾ ਹੋਇਆ, ਜਦੋਂ ਸਿਆਟਲ ਵੱਸਦੇ ਉਨ੍ਹਾਂ ਦੀ ਬੇਟੀ ਪਰਨੀਤ ਕੌਰ ਦੀ ਕੁੱਖੋਂ, ਦਮਾਦ ਹਰਸਿਮਰਤ ਸਿੰਘ ਚਾਹਿਲ ਦੇ ਘਰ ਇੱਕ ਚੰਨ ਵਰਗੇ ਪੁੱਤ ਨੇ ਜਨਮ ਲਿਆ, ਜਿਸ ਨਾਲ ਚਾਹਿਲ ਅਤੇ ਜਰਖੜ ਪਰਿਵਾਰ 'ਚ ਖੁਸ਼ੀਆਂ ਦਾ ਅੰਬਰ ਫੈਲ ਗਿਆ ਅਤੇ ਜਗਰੂਪ ਸਿੰਘ ਜਰਖੜ ਨੂੰ ਨਾਨਾ ਬਣਨ ਦੀ ਉਪਾਧੀ ਮਿਲ ਗਈ। ਬੇਟੇ ਦਾ ਨਾਮ ਉਦੈਵੀਰ ਸਿੰਘ ਰੱਖਿਆ ਗਿਆ ਹੈ।



ਸਮੂਹ ਦੋਸਤਾਂ ਮਿੱਤਰਾਂ, ਰਿਸ਼ਤੇਦਾਰਾਂ ਵਲੋਂ ਜਰਖੜ ਅਤੇ ਚਾਹਿਲ ਪਰਿਵਾਰ ਨੂੰ ਵੱਡੇ ਪੱਧਰ 'ਤੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਇਸ ਮੌਕੇ ਅਦਾਰਾ ਪੰਜਾਬ ਮੇਲ ਯੂ.ਐੱਸ.ਏ. ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਸਮੂਹ ਸਟਾਫ ਨੇ ਜਗਰੂਪ ਸਿੰਘ ਜਰਖੜ ਨੂੰ ਨਾਨਾ ਬਣਨ 'ਤੇ ਉਚੇਚੇ ਤੌਰ 'ਤੇ ਵਧਾਈ ਦਿੱਤੀ ਹੈ ਅਤੇ ਬੱਚਾ ਤੇ ਜੱਚਾ ਦੀ ਚੜ੍ਹਦੀ ਕਲਾ ਅਤੇ ਤੰਦਰੁਸਤ ਹੋਣ ਦੀ ਕਾਮਨਾ ਕੀਤੀ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਗਦਰੀ ਬਾਬਿਆਂ ਦੇ ਮੇਲੇ 'ਚ ਸਤਿੰਦਰ ਪਾਲ ਸਿੰਘ ਸਿੱਧਵਾਂ ਵੱਲੋਂ ਪ੍ਰਭਾਵਸ਼ਾਲੀ ਅੰਦਾਜ਼ 'ਚ ਸ਼ਰਧਾਂਜਲੀ ਭੇਟ

**ਸਰੀ, (ਪੰਜਾਬ ਮੇਲ)-** ਸਰੀ, ਬੀ.ਸੀ. ਦੇ ਬੀਅਰ ਕਰੀਕ ਪਾਰਕ ਵਿਖੇ ਕਰਵਾਏ ਗਏ 'ਮੇਲਾ ਗਦਰੀ ਬਾਬਿਆਂ ਦਾ' ਦੌਰਾਨ ਪ੍ਰਸਿੱਧ ਬੁਲਾਰੇ ਅਤੇ ਪੰਜਾਬੀ ਲਹਿਰਾਂ ਰੇਡੀਓ ਟੋਰਾਂਟੋ ਦੇ ਸੰਚਾਲਕ ਸ. ਸਤਿੰਦਰ ਪਾਲ ਸਿੰਘ ਸਿੱਧਵਾਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਅਤੇ ਜੋਸ਼ੀਲੇ ਅੰਦਾਜ਼ ਵਿਚ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਸੰਘਰਸ਼, ਕੁਰਬਾਨੀਆਂ ਅਤੇ ਦੇਸ਼ ਭਗਤੀ ਨੂੰ ਯਾਦ ਕੀਤਾ।

ਸ. ਸਿੱਧਵਾਂ ਦੇ ਸੰਬੋਧਨ ਨੂੰ ਹਾਜ਼ਰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਦੀ ਬੋਲਣ ਦੀ ਵਿਲੱਖਣ ਸ਼ੈਲੀ ਦੀ ਭਰਪੂਰ ਸ਼ਲਾਘਾ ਕੀਤੀ ਗਈ। ਮੇਲੇ ਦੇ ਮੁੱਖ ਪ੍ਰਬੰਧਕ ਪ੍ਰੋਫੈਸਰ ਮੋਹਨ ਸਿੰਘ ਫੈਡਰੇਸ਼ਨ ਦੇ ਚੇਅਰਮੈਨ ਸਾਹਿਬ ਸਿੰਘ ਥਿੰਦ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸ. ਸਿੱਧਵਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।



ਮੇਲੇ ਦੌਰਾਨ ਸੱਭਿਆਚਾਰਕ ਰੰਗ ਵੀ ਖੂਬ ਜੰਮਿਆ। ਪਾਰਸ ਸਿੱਧਵਾਂ ਪਰਿਵਾਰ ਦੀ ਸਦਾਬਹਾਰ ਕਵੀਸ਼ਰੀ 'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ' ਨੂੰ ਸਤਿੰਦਰ ਪਾਲ ਸਿੰਘ ਸਿੱਧਵਾਂ, ਸਾਹਿਬ ਥਿੰਦ ਅਤੇ ਉਨ੍ਹਾਂ ਦੀ ਟੀਮ ਨੇ ਪੇਸ਼ ਕਰਕੇ ਦਰਸ਼ਕਾਂ ਤੋਂ ਵਾਹ-ਵਾਹ ਖੱਟੀ। ਕਵੀਸ਼ਰੀ ਦੀ ਇਸ ਪੇਸ਼ਕਾਰੀ ਨੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ ਅਤੇ ਟੀਮ ਨੇ ਆਪਣੀ ਜੋਸ਼ੀਲੀ ਪੇਸ਼ਕਾਰੀ ਨਾਲ ਮੇਲਾ ਲੁੱਟ ਲਿਆ।

# ਟਰੰਪ ਵੱਲੋਂ ਬੱਚਿਆਂ ਲਈ ਸਿਫ਼ਾਰਸ਼ ਕੀਤੀਆਂ ਵੈਕਸੀਨਾਂ ਦੀ ਗਿਣਤੀ ਘਟਾਉਣ ਵਾਲੇ ਕਾਰਜਕਾਰੀ ਹੁਕਮ 'ਤੇ ਦਸਤਖਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੱਚਿਆਂ ਦੇ ਟੀਕਾਕਰਨ ਸਬੰਧੀ ਸੰਘੀ ਨੀਤੀ 'ਚ ਵੱਡੇ ਬਦਲਾਅ ਕਰਨ ਵਾਲੇ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਹਨ। ਨਵੀਂ ਨੀਤੀ ਤਹਿਤ ਬੱਚਿਆਂ ਦੇ ਸ਼ੁਰੂਆਤੀ ਸਾਲਾਂ ਵਿਚ ਦਿੱਤੀਆਂ ਜਾਣ ਵਾਲੀਆਂ ਕੁਝ ਸਿਫ਼ਾਰਸ਼ੀ ਵੈਕਸੀਨਾਂ ਦੀ ਗਿਣਤੀ ਘਟਾਉਣ ਅਤੇ ਟੀਕਿਆਂ ਨੂੰ ਲੰਮੇ ਸਮੇਂ ਵਿਚ ਕਈ ਡਾਕਟਰੀ ਦੌਰਿਆਂ ਦੌਰਾਨ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਹੁਕਮ ਵਿਚ ਬੱਚਿਆਂ ਦੇ ਟੀਕਾਕਰਨ ਪ੍ਰੋਗਰਾਮ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਣ ਦੀ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ ਖਸਰਾ, ਕੰਨ ਪੇੜੇ ਅਤੇ ਰੁਬੈਲਾ ਤੋਂ ਬਚਾਅ ਲਈ ਦਿੱਤੀ ਜਾਣ ਵਾਲੀ ਐੱਮ.ਐੱਮ.ਆਰ. ਵੈਕਸੀਨ ਨੂੰ ਤਿੰਨ ਵੱਖ-ਵੱਖ ਟੀਕਿਆਂ ਵਿਚ ਵੰਡਣ ਦੀ ਯੋਜਨਾ ਵੀ ਸ਼ਾਮਲ ਹੈ। ਰਿਪੋਰਟ ਮੁਤਾਬਕ ਇਹ ਕਦਮ ਮੈਡੀਕਲ ਖੇਤਰ ਵਿਚ ਵਿਆਪਕ ਵਿਗਿਆਨਕ ਸਹਿਮਤੀ ਤੋਂ ਵੱਖਰਾ ਹੈ। ਨਵੀਂ ਨੀਤੀ ਅਨੁਸਾਰ ਸਾਰੇ



ਬੱਚਿਆਂ ਲਈ ਖਸਰਾ, ਕੰਨ ਪੇੜੇ, ਰੁਬੈਲਾ, ਡਿਫਥੀਰੀਆ, ਟੈਟਨਸ, ਕਾਲੀ ਖੰਘ, ਪੋਲਿਓ, ਐੱਚ.ਆਈ.ਬੀ., ਨਿਊਮੋਕੋਕਲ ਬਿਮਾਰੀ, ਐੱਚ.ਪੀ.ਵੀ. ਅਤੇ ਚਿਕਨਪੌਕਸ ਵਿਰੁੱਧ ਵੈਕਸੀਨਾਂ ਦੀ ਸਿਫ਼ਾਰਸ਼ ਜਾਰੀ ਰਹੇਗੀ। ਜਦਕਿ ਆਰ.ਐੱਸ.ਵੀ. ਐਂਟੀਬਾਡੀਜ਼ ਅਤੇ ਹੈਪੇਟਾਈਟਸ ਏ, ਹੈਪੇਟਾਈਟਸ ਬੀ, ਮੈਨਿੰਜੋਕੋਕਲ ਅਤੇ ਡੇਂਗੂ ਵੈਕਸੀਨਾਂ ਹੁਣ ਮੁੱਖ ਤੌਰ 'ਤੇ ਉੱਚ-ਖ਼ਤਰੇ ਵਾਲੇ ਬੱਚਿਆਂ ਲਈ ਸਿਫ਼ਾਰਸ਼ ਕੀਤੀਆਂ ਜਾਣਗੀਆਂ।

ਟਰੰਪ ਨੇ ਕਿਹਾ ਕਿ ਬੱਚਿਆਂ ਨੂੰ ਇੱਕੋ ਸਮੇਂ ਵੱਡੀ ਗਿਣਤੀ ਵਿਚ ਟੀਕੇ ਦੇਣ ਦੀ ਬਜਾਏ ਉਨ੍ਹਾਂ ਨੂੰ ਵੱਖ-ਵੱਖ ਡਾਕਟਰੀ ਦੌਰਿਆਂ ਵਿਚ ਦੇਣਾ ਚਾਹੀਦਾ ਹੈ। ਹਾਲਾਂਕਿ ਰਿਪੋਰਟ ਮੁਤਾਬਕ ਟਰੰਪ ਵੱਲੋਂ ਟੀਕਿਆਂ ਦੀ ਮਾਤਰਾ ਬਾਰੇ ਕੀਤੇ ਗਏ ਦਾਅਵਿਆਂ ਨੂੰ ਸਮਰਥਨ ਦੇਣ ਵਾਲੇ ਸਬੂਤ ਮੌਜੂਦ ਨਹੀਂ ਹਨ।

ਰਿਪਬਲਿਕਨ ਸੈਨੇਟਰ ਅਤੇ ਡਾਕਟਰ ਬਿਲ ਕੈਸੀਡੀ ਨੇ ਹੁਕਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਵੈਕਸੀਨਾਂ ਬਹੁਤ ਹੱਦ ਤੱਕ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ ਅਤੇ ਵੈਕਸੀਨਾਂ ਦਾ ਆਟੀਜ਼ਮ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਵੈਕਸੀਨਾਂ ਨੂੰ ਵੱਖ ਕਰਨ ਨਾਲ ਬੱਚਿਆਂ ਨੂੰ ਇੱਕੋ ਸੁਰੱਖਿਆ ਲਈ ਹੋਰ ਟੀਕੇ ਲਗਵਾਉਣੇ ਪੈ ਸਕਦੇ ਹਨ।

ਬਾਲ ਰੋਗ ਮਾਹਿਰਾਂ ਨੇ ਇਹ ਵੀ ਚਿੰਤਾ ਜਤਾਈ ਹੈ ਕਿ ਕੁਝ ਵੈਕਸੀਨਾਂ ਦੀ ਆਮ ਸਿਫ਼ਾਰਸ਼ ਹਟਾਉਣ ਨਾਲ ਉਨ੍ਹਾਂ ਮਾਪਿਆਂ ਲਈ ਖਰਚ ਵਧ ਸਕਦਾ ਹੈ, ਜੋ ਆਪਣੇ ਬੱਚਿਆਂ ਦਾ ਪੂਰਾ ਟੀਕਾਕਰਨ ਕਰਵਾਉਣਾ ਚਾਹੁੰਦੇ ਹਨ। ਸਰਕਾਰ ਨੇ ਕਿਹਾ ਹੈ ਕਿ ਐੱਮ.ਐੱਮ.ਆਰ. ਦੇ ਵੱਖਰੇ ਟੀਕੇ ਉਪਲਬਧ ਕਰਵਾਉਣ ਲਈ ਨਿੱਜੀ ਖੇਤਰ ਨਾਲ ਕੰਮ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧੀ ਯੋਜਨਾ 90 ਦਿਨਾਂ 'ਚ ਤਿਆਰ ਕਰਨ ਦੀ ਉਮੀਦ ਹੈ।

# ਅਮਰੀਕਾ ਅਦਾਲਤ ਵੱਲੋਂ ਭਾਰਤੀ ਮੂਲ ਦੇ ਸੀ.ਐੱਫ.ਓ. ਨੂੰ 4 ਮਹੀਨਿਆਂ ਦੀ ਕੈਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਸਪਾਈਨਲ ਇਮਪਲਾਂਟ ਕੰਪਨੀ ਦੇ ਭਾਰਤੀ ਮੂਲ ਦੇ ਮੁੱਖ ਵਿੱਤੀ ਅਧਿਕਾਰੀ (ਸੀ.ਐੱਫ.ਓ.) ਨੂੰ ਫਰਜ਼ੀ ਸਲਾਹ ਫੀਸ ਦੇ ਨਾਮ 'ਤੇ ਸਰਜਨਾਂ ਨੂੰ ਰਿਸ਼ਵਤ ਦੇਣ ਅਤੇ ਰਿਸ਼ਵਤ ਦੇ ਬਦਲੇ ਕੰਪਨੀ ਦੇ ਉਤਪਾਦਾਂ ਦੀ ਵਰਤੋਂ ਕਰਨ ਦੇ ਦੋਸ਼ ਵਿਚ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਧਿਕਾਰੀਆਂ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਕੈਂਬਰਿਜ




ਨਿਵਾਸੀ ਆਦਿਤਿਆ ਹੁਮਾਦ (41), ਆਪਣੀ ਜੇਲ੍ਹ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਇੱਕ ਸਾਲ ਦੀ ਨਿਗਰਾਨੀ ਹੇਠ ਰਿਹਾਈ ਦੇ ਅਧੀਨ ਹੋਵੇਗਾ। ਹੁਮਾਦ ਨੂੰ 9,500 ਅਮਰੀਕੀ ਡਾਲਰ ਦਾ ਜੁਰਮਾਨਾ ਵੀ ਭਰਨਾ ਪਵੇਗਾ।

ਹੁਮਾਦ ਨੇ ਪਹਿਲਾਂ ਹੈਲਥਕੇਅਰ ਰਿਸ਼ਵਤਖੋਰੀ ਐਕਟ ਦੀ ਉਲੰਘਣਾ ਕਰਨ ਦੀ ਸਾਜ਼ਿਸ਼ ਰਚਣ ਦੇ ਇੱਕ ਦੋਸ਼ ਵਿਚ ਦੋਸ਼ੀ ਮੰਨਿਆ ਸੀ। ਸਤੰਬਰ 2021 ਵਿਚ, ਇਸ ਮਾਮਲੇ ਵਿਚ ਸਪਾਈਨਫਰੰਟੀਅਰ ਦੇ ਸੰਸਥਾਪਕ, ਚੇਅਰਮੈਨ ਅਤੇ ਸੀ.ਈ.ਓ. ਕਿੰਗਸਲੇ ਆਰ. ਚਿਨ ਦੇ ਨਾਲ ਹੁਮਾਦ 'ਤੇ ਦੋਸ਼ ਲਗਾਇਆ ਗਿਆ ਸੀ। ਮੈਸਾਚਿਉਸੇਟਸ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਨੇ ਇੱਕ ਬਿਆਨ ਵਿਚ ਕਿਹਾ ਕਿ ਹੁਮਾਦ ਨੇ ਸਰਜਨਾਂ ਨੂੰ ਧੋਖਾਧੜੀ ਸਲਾਹ ਫੀਸ ਵਿਚ 540,000 ਡਾਲਰ ਤੋਂ ਵੱਧ ਦੀ ਰਿਸ਼ਵਤ ਦੇਣ ਦੀ ਸਾਜ਼ਿਸ਼ ਰਚੀ ਸੀ। ਵਕੀਲ ਦੇ ਦਫ਼ਤਰ ਅਨੁਸਾਰ ਹੁਮਾਦ ਨੇ ਬਦਲੇ ਵਿਚ ਸਰਜਨਾਂ ਨੂੰ ਸਰਜਰੀਆਂ ਦੌਰਾਨ ਸਪਾਈਨਫਰੰਟੀਅਰ ਉਤਪਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਆ, ਜਿਸ ਨਾਲ ਕੰਪਨੀ ਨੂੰ ਲੱਖਾਂ ਡਾਲਰ ਦਾ ਮਾਲੀਆ ਮਿਲਿਆ।

# ਅਮਰੀਕੀ ਪ੍ਰਸ਼ਾਸਨ ਵੱਲੋਂ ਭਾਰਤੀ ਚੀਜ਼ਾਂ 'ਤੇ 10 ਫ਼ੀਸਦੀ ਵਾਧੂ ਟੈਰਿਫ ਲਗਾਉਣ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਪ੍ਰਸ਼ਾਸਨ ਨੇ ਭਾਰਤੀ ਚੀਜ਼ਾਂ 'ਤੇ 10 ਫ਼ੀਸਦੀ ਵਾਧੂ ਟੈਰਿਫ (ਟੈਕਸ) ਲਗਾਉਣ ਦਾ ਐਲਾਨ ਕੀਤਾ ਹੈ। ਅਮਰੀਕਾ ਵਲੋਂ ਇਹ ਫ਼ੈਸਲਾ ਜਬਰੀ ਮਜ਼ਦੂਰੀ ਵਿਰੁੱਧ ਆਪਣੇ ਟ੍ਰੇਡ ਐਕਸ਼ਨ ਤਹਿਤ ਲਿਆ ਗਿਆ ਹੈ। ਅਮਰੀਕੀ ਵਪਾਰ ਪ੍ਰਤੀਨਿਧ (ਯੂ.ਐੱਸ.ਟੀ.ਆਰ.) ਵੱਲੋਂ ਯੂ.ਐੱਸ. ਟ੍ਰੇਡ ਐਕਟ ਦੇ ਸੈਕਸ਼ਨ 301 ਦੇ ਤਹਿਤ ਕੀਤੀ ਗਈ ਜਾਂਚ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਯੂ.ਐੱਸ ਸਰਕਾਰੀ ਤੇ ਮੀਡੀਆ ਰਿਪੋਰਟਾਂ ਮੁਤਾਬਕ, ਅਮਰੀਕਾ ਨੇ ਇਸ ਸਾਲ ਮਾਰਚ ਵਿਚ ਭਾਰਤ ਸਮੇਤ 60 ਦੇਸ਼ਾਂ ਵਿਰੁੱਧ ਜਬਰੀ ਮਜ਼ਦੂਰੀ ਨਾਲ ਬਣੇ ਸਾਮਾਨ ਦੇ ਨਿਰਯਾਤ ਨੂੰ ਰੋਕਣ ਵਿਚ ਅਸਫਲ ਰਹਿਣ ਦੇ ਮੁੱਦੇ 'ਤੇ ਜਾਂਚ ਸ਼ੁਰੂ ਕੀਤੀ ਸੀ। ਸ਼ੁਰੂਆਤੀ ਤੌਰ 'ਤੇ ਅਮਰੀਕਾ ਵੱਲੋਂ ਭਾਰਤ 'ਤੇ 12.5 ਫ਼ੀਸਦੀ ਟੈਰਿਫ ਲਗਾਉਣ ਦੀ ਤਜਵੀਜ਼ ਰੱਖੀ ਗਈ ਸੀ।


IAPW
INTERNATIONAL ASSOCIATION of PUNJABI WOMEN
Teeyan DA MELA
28th Annual
One n One Only
Yuba City
Since 1999
Mela Melna Da
Jasmeen Akhtar
PARM TAKHAR (HOST)
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVE YUBA CITY, CA 95991
FOR PARTICIPATION, BOOTH BOOKINGS N SPONSORSHIP, PLEASE CONTACT
PARM TAKHAR - (530) 845-4800
PUNJAB MAIL USA TV Channel
SPACE SPONSORED BY GURJATINDER SINGH RANDHAWA,
PUNJAB MAIL USA TV 916-320-9444

# ਟਰੰਪ ਪ੍ਰਸ਼ਾਸਨ ਵੱਲੋਂ ਧੜਾਧੜ ਇਮੀਗ੍ਰੇਸ਼ਨ ਅਰਜ਼ੀਆਂ ਰੱਦ ਕਰਨ ਦੀ ਤਿਆਰੀ; ਨਵਾਂ ਨਿਯਮ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਨੀਤੀ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਜਿਸ ਦੇ ਤਹਿਤ ਅਮਰੀਕੀ ਇਮੀਗ੍ਰੇਸ਼ਨ ਵਿਭਾਗ ਨੇ ਵੀਜ਼ਾ ਅਤੇ ਗ੍ਰੀਨ ਕਾਰਡ ਦੀ ਪ੍ਰਕਿਰਿਆ ਨੂੰ ਲੈ ਕੇ ਇੱਕ ਵੱਡਾ ਫੈਸਲਾ ਲਿਆ ਹੈ, ਜਿਸ ਦਾ ਸਿੱਧਾ ਅਸਰ ਹਜ਼ਾਰਾਂ ਪ੍ਰਵਾਸੀਆਂ ’ਤੇ ਪੈ ਸਕਦਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਆਪਣੇ ਅਧਿਕਾਰੀਆਂ ਨੂੰ ਇਹ ਸ਼ਕਤੀ ਮੁੜ ਪ੍ਰਦਾਨ ਕਰ ਦਿੱਤੀ ਹੈ ਕਿ ਉਹ ਅਧੂਰੀਆਂ ਜਾਂ ਲੋੜੀਂਦੇ ਦਸਤਾਵੇਜ਼ਾਂ ਤੋਂ ਬਿਨਾਂ ਜਮ੍ਹਾਂ ਕੀਤੀਆਂ ਗਈਆਂ ਅਰਜ਼ੀਆਂ ਨੂੰ ਬਿਨਾਂ ਕੋਈ ਮੌਕਾ ਦਿੱਤੇ ਸਿੱਧੇ ਤੌਰ ’ਤੇ ਰੱਦ ਕਰ ਸਕਦੇ ਹਨ।



ਪਿਛਲੀ ਨੀਤੀ ਦੇ ਤਹਿਤ, ਜੇਕਰ ਕੋਈ ਇਮੀਗ੍ਰੇਸ਼ਨ ਅਧਿਕਾਰੀ ਵਾਧੂ ਜਾਣਕਾਰੀ ਜਾਂ ਦਸਤਾਵੇਜ਼ਾਂ ਦੀ ਮੰਗ ਕਰਦਾ ਸੀ, ਤਾਂ ਬਿਨੈਕਾਰ ਨੂੰ ਜਵਾਬ ਦੇਣ ਲਈ 12 ਹਫ਼ਤੇ ਦਿੱਤੇ ਜਾਂਦੇ ਸਨ। ਇਹ ਵਿਵਸਥਾ ਵੀਜ਼ਾ, ਗ੍ਰੀਨ ਕਾਰਡ, ਅਮਰੀਕੀ ਨਾਗਰਿਕਤਾ, ਇਮੀਗ੍ਰੇਸ਼ਨ ਸਥਿਤੀ ਵਿਚ ਤਬਦੀਲੀ ਜਾਂ ਵਿਸਥਾਰ ਲਈ ਅਰਜ਼ੀਆਂ ’ਤੇ ਲਾਗੂ ਸੀ। ਇਸ ਤੋਂ ਇਲਾਵਾ, ਜੇਕਰ ਸਬੂਤ ਲਈ ਬੇਨਤੀ (ਆਰ.ਐੱਫ.ਈ.) ਜਾਂ ਇਨਕਾਰ ਕਰਨ ਦੇ ਇਰਾਦੇ ਦਾ ਨੋਟਿਸ (ਐੱਨ.ਓ.ਆਈ.ਡੀ.) ਅਮਰੀਕਾ ਤੋਂ ਬਾਹਰ ਡਾਕ ਜ਼ਰੀਏ ਭੇਜਿਆ ਜਾਂਦਾ ਸੀ, ਤਾਂ ਜਵਾਬ ਦੀ ਆਖਰੀ ਮਿਤੀ ਵਿਚ 14 ਦਿਨ ਵਾਧੂ ਜੋੜ ਦਿੱਤੇ ਜਾਂਦੇ ਸਨ।

ਜਾਰੀ ਕੀਤੇ ਇੱਕ ਬਿਆਨ ਵਿਚ ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ, “ਬਿਨੈਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਬਿਨੈ ਪੱਤਰ ਦਾਇਰ ਕਰਦੇ ਸਮੇਂ ਇਹ ਸਾਬਤ ਕਰੇ ਕਿ ਉਹ ਮੰਗੇ ਗਏ ਇਮੀਗ੍ਰੇਸ਼ਨ ਲਾਭ ਲਈ ਯੋਗ ਹੈ ਅਤੇ ਫੈਸਲਾ ਲੈਣ ਤੱਕ ਉਸ ਦੀ ਯੋਗਤਾ ਬਣੀ ਹੋਈ ਹੈ।” ਏਜੰਸੀ ਨੇ ਅੱਗੇ ਕਿਹਾ ਕਿ ਜੇਕਰ ਕੋਈ ਬਿਨੈਕਾਰ ਆਪਣੀ ਯੋਗਤਾ ਸਾਬਤ ਕਰਨ ਵਿਚ ਅਸਫਲ ਰਹਿੰਦਾ ਹੈ ਜਾਂ ਲੋੜੀਂਦੇ ਸ਼ੁਰੂਆਤੀ ਦਸਤਾਵੇਜ਼ ਜਮ੍ਹਾ ਨਹੀਂ ਕਰਦਾ ਹੈ, ਤਾਂ ਯੂ.ਐੱਸ.ਸੀ.ਆਈ.ਐੱਸ. ਬਿਨਾਂ ਆਰ.ਐੱਫ.ਈ. ਜਾਂ ਐੱਨ.ਓ.ਆਈ.ਡੀ. ਜਾਰੀ ਕੀਤੇ ਬਿਨਾਂ ਵੀ ਅਰਜ਼ੀ ਨੂੰ ਰੱਦ ਕਰ ਸਕਦਾ ਹੈ। ਨਵੀਂ ਨੀਤੀ ਤੁਰੰਤ ਲਾਗੂ ਹੋ ਗਈ ਹੈ ਅਤੇ ਇਹ ਲੰਬਿਤ ਅਰਜ਼ੀਆਂ ਅਤੇ ਨਵੀਆਂ ਅਰਜ਼ੀਆਂ ਦੋਵਾਂ ’ਤੇ ਲਾਗੂ ਹੁੰਦੀ ਹੈ।

ਨਵੀਂ ਪ੍ਰਣਾਲੀ ਦੇ ਤਹਿਤ ਇਮੀਗ੍ਰੇਸ਼ਨ ਅਧਿਕਾਰੀ ਲੋੜੀਂਦੇ ਮੁੱਢਲੇ ਦਸਤਾਵੇਜ਼ਾਂ ਦੀ ਘਾਟ ਕਾਰਨ ਅਰਜ਼ੀ ਨੂੰ ਰੱਦ ਕਰ ਸਕਦੇ ਹਨ, ਜੇਕਰ ਫਾਈਲ ਕਰਨ ਵੇਲੇ ਯੋਗਤਾ ਸਾਬਤ ਨਹੀਂ ਕੀਤੀ ਗਈ ਸੀ, ਜਾਂ ਜੇ ਉਚਿਤ ਹੋਵੇ ਤਾਂ ਵਾਧੂ ਸਬੂਤਾਂ ਦੀ ਬੇਨਤੀ ਕਰਨ ਲਈ ਇੱਕ ਆਰ.ਐੱਫ.ਈ. ਜਾਰੀ ਕਰ ਸਕਦੇ ਹਨ। ਯੂ.ਐੱਸ.ਸੀ.ਆਈ.ਐੱਸ. ਨੇ ਖਾਸ ਤੌਰ ’ਤੇ ਚਿੰਤਾ ਪ੍ਰਗਟ ਕੀਤੀ ਹੈ ਕਿ ਕੁਝ ਬਿਨੈਕਾਰ ਜਾਣਬੁੱਝ ਕੇ ਅਧੂਰੀਆਂ ਅਰਜ਼ੀਆਂ ਦਾਖਲ ਕਰ ਰਹੇ ਸਨ, ਤਾਂ ਜੋ ਅਸਲ ਅਰਜ਼ੀ ’ਤੇ ਅੰਤਿਮ ਫ਼ੈਸਲਾ ਆਉਣ ਤੱਕ ਰੁਜ਼ਗਾਰ ਪਰਮਿਟ, ਜਿਹੇ ਇਮੀਗ੍ਰੇਸ਼ਨ ਲਾਭ ਹਾਸਲ ਕਰ ਸਕਣ। ਅਮਰੀਕੀ ਇਮੀਗ੍ਰੇਸ਼ਨ ਮਾਹਿਰਾਂ ਦੀ ਸਲਾਹ ਹੈ ਕਿ ਬਿਨੈਕਾਰ ਆਪਣੀ ਫਾਈਲ ਜਮ੍ਹਾਂ ਕਰਨ ਤੋਂ ਪਹਿਲਾਂ ਸਾਰੇ ਦਸਤਾਵੇਜ਼ਾਂ ਦੀ ਚੰਗੀ ਤਰ੍ਹਾਂ ਜਾਂਚ ਕਰ ਲੈਣ, ਤਾਂ ਜੋ ਉਨ੍ਹਾਂ ਦੀ ਅਰਜ਼ੀ ਸਿੱਧੀ ਰੱਦ ਹੋਣ ਤੋਂ ਬਚ ਸਕੇ।

# ਕੋਵਿਡ-19 ਬਾਰੇ ਰਾਬਰਟ ਐੱਫ. ਕੈਨੇਡੀ ਜੂਨੀਅਰ ਦੇ ਬਿਆਨਾਂ ’ਤੇ ਵਿਵਾਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਕੋਵਿਡ-19 ਕਾਰਨ ਦਸ ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਪਰ ਸਿਹਤ ਮੰਤਰੀ ਰਾਬਰਟ ਐੱਫ. ਕੈਨੇਡੀ ਜੂਨੀਅਰ ਦੇ ਤਾਜ਼ਾ ਬਿਆਨਾਂ ਨੇ ਇੱਕ ਵਾਰ ਫਿਰ ਮੈਡੀਕਲ ਗਲਤ ਜਾਣਕਾਰੀ ਬਾਰੇ ਚਿੰਤਾ ਵਧਾ ਦਿੱਤੀ ਹੈ। ਸੀ.ਐੱਨ.ਐੱਨ. ਦੀ ਪੱਤਰਕਾਰ ਡਾਨਾ ਬੈਸ਼ ਨਾਲ ਐਤਵਾਰ ਨੂੰ ਹੋਈ ਤਿੱਖੀ ਇੰਟਰਵਿਊ ਦੌਰਾਨ ਕੈਨੇਡੀ ਨੇ ਦਾਅਵਾ ਕੀਤਾ ਕਿ ਮਹਾਮਾਰੀ ਸਮੇਂ ਲਗਾਏ ਗਏ ਲਾਕਡਾਊਨ ਨੇ ਕੋਰੋਨਾਵਾਇਰਸ ਨਾਲੋਂ ਵੱਧ ਨੁਕਸਾਨ ਕੀਤਾ। ਇੰਟਰਵਿਊ ਦੌਰਾਨ ਉਨ੍ਹਾਂ ਨੇ ਕੋਵਿਡ-19, ਖਸਰਾ, ਆਟਿਜ਼ਮ ਅਤੇ ਲਾਈਮ ਬਿਮਾਰੀ ਬਾਰੇ ਵੀ ਕਈ ਵਿਵਾਦਤ ਬਿਆਨ ਦਿੱਤੇ। ਸਿਹਤ ਮਾਹਿਰਾਂ ਅਤੇ ਵਿਗਿਆਨਕ ਸਬੂਤਾਂ ਮੁਤਾਬਕ ਇਨ੍ਹਾਂ ਵਿਚੋਂ ਕਈ ਦਾਅਵੇ ਅਧੂਰੇ, ਗੁੰਮਰਾਹਕੁੰਨ ਜਾਂ ਮੌਜੂਦਾ ਖੋਜ ਨਾਲ ਮੇਲ ਨਾ ਖਾਣ ਵਾਲੇ ਹਨ। ਕੈਨੇਡੀ ਨੇ ਡਾਕਟਰ ਐਂਥਨੀ ਫਾਊਚੀ ਦੀ ਵੀ ਮੁੜ ਆਲੋਚਨਾ ਕੀਤੀ, ਜਿਨ੍ਹਾਂ ਨੇ ਕੋਵਿਡ ਮਹਾਮਾਰੀ ਦੌਰਾਨ ਅਮਰੀਕੀ ਸਰਕਾਰ ਦੀ ਜਨਤਕ ਸਿਹਤ ਪ੍ਰਤੀਕਿਰਿਆ ’ਚ ਅਹਿਮ ਭੂਮਿਕਾ ਨਿਭਾਈ ਸੀ। ਵਿਗਿਆਨਕ ਅਧਿਐਨਾਂ ਅਨੁਸਾਰ ਕੋਵਿਡ-19 ਇੱਕ ਗੰਭੀਰ ਸਾਹ ਸੰਬੰਧੀ ਬਿਮਾਰੀ ਰਹੀ, ਜਿਸ ਨੇ ਬਜ਼ੁਰਗਾਂ ਅਤੇ ਪਹਿਲਾਂ ਤੋਂ ਬਿਮਾਰ ਲੋਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ।

# ਟਰੰਪ ਗੋਲਫ ਕਲੱਬ ਨੇੜੇ ਲੋਡਿਡ ਪਿਸਤੌਲ ਸਮੇਤ ਗ੍ਰਿਫ਼ਤਾਰ ਵਿਅਕਤੀ ਖਿਲਾਫ਼ ਸੰਘੀ ਹਥਿਆਰ ਮਾਮਲਾ ਦਰਜ

**ਲਾਸ ਏਂਜਲਸ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਿਰਧਾਰਤ ਫੇਰੀ ਤੋਂ ਕੁਝ ਦਿਨ ਪਹਿਲਾਂ ਟਰੰਪ ਨੈਸ਼ਨਲ ਗੋਲਫ ਕਲੱਬ ਲਾਸ ਏਂਜਲਸ ਵਿਖੇ ਸ਼ੱਕੀ ਗਤੀਵਿਧੀਆਂ ਕਰਦੇ ਹੋਏ ਗ੍ਰਿਫ਼ਤਾਰ ਕੀਤੇ ਗਏ ਡਾਊਨੀ ਨਿਵਾਸੀ ਖ਼ਿਲਾਫ਼ ਸੰਘੀ ਹਥਿਆਰ ਅਪਰਾਧ ਦਾ ਕੇਸ ਦਰਜ ਕੀਤਾ ਗਿਆ ਹੈ। ਸੰਘੀ ਸ਼ਿਕਾਇਤ ਅਨੁਸਾਰ 38 ਸਾਲਾ ਜੀਨੀਨ ਜੌਨ ਟਾਇਲੇ ਉੱਤੇ ਬਿਨਾਂ ਰਜਿਸਟਰੇਸ਼ਨ ਵਾਲੀ ਛੋਟੀ ਨਲੀ ਦੀ ਰਾਈਫਲ ਰੱਖਣ ਦਾ ਦੋਸ਼ ਲਗਾਇਆ ਗਿਆ ਹੈ। ਦੋਸ਼ ਸਾਬਤ ਹੋਣ ਦੀ ਸੂਰਤ ਵਿਚ ਉਸ ਨੂੰ ਵੱਧ ਤੋਂ ਵੱਧ 10 ਸਾਲ ਦੀ ਸੰਘੀ ਕੈਦ ਹੋ ਸਕਦੀ ਹੈ।

ਅਧਿਕਾਰੀਆਂ ਮੁਤਾਬਕ 31 ਜੁਲਾਈ ਨੂੰ ਰਾਸ਼ਟਰਪਤੀ ਟਰੰਪ ਦੀ 4 ਅਗਸਤ ਦੀ ਫੇਰੀ ਤੋਂ ਪਹਿਲਾਂ ਸੰਘੀ ਏਜੰਟ ਰੈਂਚੋ ਪਾਲੋਸ ਵਰਡੇਸ ਸਥਿਤ ਗੋਲਫ ਕਲੱਬ ਵਿਚ ਸੁਰੱਖਿਆ ਮੁਲਾਂਕਣ ਕਰ ਰਹੇ ਸਨ। ਇਸ ਦੌਰਾਨ ਟਾਇਲੇ ਨੂੰ ਗੋਲਫ ਮੈਦਾਨ ਵਿਚ ਘੁੰਮਦੇ, ਕੰਨ ਵਿਚ ਸੰਚਾਰ ਯੰਤਰ ਪਹਿਨੇ ਅਤੇ ਸੁਰੱਖਿਆ ਤਿਆਰੀਆਂ ਦੀਆਂ ਤਸਵੀਰਾਂ ਤੇ ਵੀਡੀਓ ਬਣਾਉਂਦੇ ਦੇਖਿਆ ਗਿਆ।

ਉਹ 2 ਅਗਸਤ ਨੂੰ ਦੁਬਾਰਾ ਗੋਲਫ ਕਲੱਬ ਪਹੁੰਚਿਆ ਅਤੇ ਕਥਿਤ ਤੌਰ ’ਤੇ ਆਪਣੇ ਆਪ ਨੂੰ



ਵਿਦੇਸ਼ ਵਿਭਾਗ ਦਾ ਕਰਮਚਾਰੀ ਅਤੇ ਸੁਰੱਖਿਆ ਡਿਊਟੀ ਉੱਤੇ ਤਾਇਨਾਤ ਦੱਸਿਆ। ਉਸ ਨੇ ਏਜੰਟਾਂ ਨੂੰ ਆਪਣੀ ਗੱਡੀ ਵਿਚ ਲੋਡਿਡ ਹਥਿਆਰ ਹੋਣ ਦੀ ਜਾਣਕਾਰੀ ਵੀ ਦਿੱਤੀ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਦੇ ਅਧਿਕਾਰੀਆਂ ਨੇ ਉਸ ਨੂੰ ਹਿਰਾਸਤ ਵਿਚ ਲਿਆ ਅਤੇ ਉਸ ਦੀਆਂ ਜੇਬਾਂ ਵਿਚੋਂ ਖੋਖਲੀ ਨੋਕ ਵਾਲੀਆਂ ਗੋਲੀਆਂ ਨਾਲ ਭਰੀ 16 ਗੋਲੀਆਂ ਦੀ ਮੈਗਜ਼ੀਨ ਮਿਲੀ।

ਉਸ ਦੀ ਪਿਕਅੱਪ ਗੱਡੀ ਵਿਚੋਂ ਲੋਡਿਡ 9 ਮਿਲੀਮੀਟਰ ਪਿਸਤੌਲ, ਦੂਰਬੀਨ ਅਤੇ “ਸਕਿਓਰਿਟੀ ਪ੍ਰੋਟੈਕਸ਼ਨ ਏਜੰਟ” ਲਿਖਿਆ ਬੈਜ ਬਰਾਮਦ ਕੀਤਾ ਗਿਆ। ਅਗਲੇ ਦਿਨ ਉਸ ਦੇ ਘਰ ਦੀ ਤਲਾਸ਼ੀ ਦੌਰਾਨ ਗੈਰਕਾਨੂੰਨੀ ਤੌਰ ’ਤੇ ਸੋਧੀ ਗਈ ਏਆਰ ਕਿਸਮ ਦੀ ਰਾਈਫਲ, ਹੋਰ ਹਥਿਆਰ, ਸਰੀਰਕ ਸੁਰੱਖਿਆ ਕਵਚ, ਵੱਡੀ ਸਮਰੱਥਾ ਵਾਲੀਆਂ ਮੈਗਜ਼ੀਨਾਂ, ਰੇਡੀਓ ਸੰਕੇਤ ਯੰਤਰ ਅਤੇ ਚਿੰਤਾਜਨਕ ਲਿਖਤਾਂ ਵਾਲੀਆਂ ਕਾਪੀਆਂ ਮਿਲਣ ਦਾ ਦਾਅਵਾ ਕੀਤਾ ਗਿਆ ਹੈ।

# ਅਮਰੀਕਾ ਨੇ ਇਰਾਕੀ ਵਪਾਰਕ ਏਅਰਲਾਈਨ ਤੋਂ ਹਟਾਈ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਵਿੱਤ ਵਿਭਾਗ ਨੇ ਇੱਕ ਅਹਿਮ ਫੈਸਲਾ ਲੈਂਦਿਆਂ ਇਰਾਕੀ ਵਪਾਰਕ ਏਅਰਲਾਈਨ -‘ਫਲਾਈ ਬਗਦਾਦ’ ਅਤੇ ਉਸ ਦੇ ਦੋ ਜਹਾਜ਼ਾਂ ਨੂੰ ਆਪਣੀ ਪਾਬੰਦੀਆਂ ਦੀ ਸੂਚੀ ਵਿਚੋਂ ਬਾਹਰ ਕਰ ਦਿੱਤਾ ਹੈ। ਇਹ ਏਅਰਲਾਈਨ ਪਹਿਲਾਂ ਈਰਾਨ ਦੀ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਨਾਲ ਸਬੰਧਾਂ ਦੇ ਦੋਸ਼ਾਂ ਹੇਠ ਪਾਬੰਦੀਸ਼ੁਦਾ ਸੀ।

ਅਮਰੀਕੀ ਖਜ਼ਾਨਾ ਵਿਭਾਗ ਦੇ ਵਿਦੇਸ਼ੀ ਸੰਪਤੀਆਂ ਦੇ ਨਿਯੰਤਰਣ ਦਫਤਰ ਦੇ ਇੱਕ ਬਿਆਨ ਵਿਚ ਕਿਹਾ ਗਿਆ ਹੈ ਕਿ ਫਲਾਈ ਬਗਦਾਦ ਏਅਰਲਾਈਨਜ਼, ਜਿਸਨੂੰ ਇਰਾਕ ਐਕਸਪ੍ਰੈੱਸ ਵੀ ਕਿਹਾ ਜਾਂਦਾ ਹੈ, ਅਤੇ ਇਸਦੇ ਦੋ ਬੋਇੰਗ 737 ਜਹਾਜ਼ਾਂ ਨੂੰ ਵਿਸ਼ੇਸ਼ ਤੌਰ ’ਤੇ ਮਨੋਨੀਤ ਨਾਗਰਿਕਾਂ (ਐੱਸ.ਡੀ.ਐੱਨ.) ਸੂਚੀ ਵਿਚੋਂ ਹਟਾ ਦਿੱਤਾ ਗਿਆ ਹੈ। ‘ਫਲਾਈ ਬਗਦਾਦ’ਅਤੇ ਇਸ ਦੇ ਦੋ ਬੋਇੰਗ 737 ਜਹਾਜ਼ਾਂ ’ਤੇ ਜਨਵਰੀ 2024 ਵਿਚ ਪਾਬੰਦੀਆਂ ਲਗਾਈਆਂ ਗਈਆਂ ਸਨ। ਉਦੋਂ ਅਮਰੀਕਾ ਨੇ ਦੋਸ਼ ਲਾਇਆ ਸੀ ਕਿ ਇਹ ਏਅਰਲਾਈਨ ਇਰਾਕ, ਸੀਰੀਆ ਅਤੇ ਲੇਬਨਾਨ ਵਿਚ ਕੰਮ ਕਰ ਰਹੀਆਂ ਆਈ.ਆਰ.ਜੀ.ਸੀ. ਦੀਆਂ ਕੁਦਸ ਫੋਰਸਾਂ ਅਤੇ ਉਨ੍ਹਾਂ ਦੀਆਂ ਸਹਾਇਕ ਮਿਲੀਸ਼ੀਆ ਨੂੰ ਸਹਾਇਤਾ ਪ੍ਰਦਾਨ ਕਰ ਰਹੀ ਸੀ। ਵਿਭਾਗ ਦੇ ਇੱਕ ਅਧਿਕਾਰੀ ਅਨੁਸਾਰ ਅੰਦਰੂਨੀ ਪੁਨਰ-ਵਿਚਾਰ ਪ੍ਰਕਿਰਿਆ ਤੋਂ ਬਾਅਦ ਹੁਣ ਇਹ ਬਦਲਾਅ ਕੀਤਾ ਗਿਆ ਹੈ। ਹਾਲਾਂਕਿ ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਇਸ ਦਾ ਮਤਲਬ ਈਰਾਨ ਜਾਂ ਅੱਤਵਾਦੀ ਸੰਗਠਨਾਂ ਪ੍ਰਤੀ ਉਸ ਦੀ ਨੀਤੀ ਵਿਚ ਕੋਈ ਬਦਲਾਅ ਨਹੀਂ ਹੈ। ਇਹ ਈਰਾਨ ਸਰਕਾਰ, ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ-ਕੁਦਸ ਫੋਰਸ, ਕਿਸੇ ਵੀ ਨਾਮਜ਼ਦ ਅੱਤਵਾਦੀ ਸੰਗਠਨ, ਜਾਂ ਇਨ੍ਹਾਂ ਵਿਚੋਂ ਕਿਸੇ ਦਾ ਸਮਰਥਨ ਕਰਨ ਵਾਲੇ ਜਾਂ ਉਨ੍ਹਾਂ ਵੱਲੋਂ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਪ੍ਰਤੀ ਅਮਰੀਕੀ ਨੀਤੀ ਵਿਚ ਕਿਸੇ ਬਦਲਾਅ ਦਾ ਸੰਕੇਤ ਨਹੀਂ ਹੈ।

# ਭਾਰਤੀ-ਅਮਰੀਕੀ ਮਕਾਨ ਮਾਲਕ ’ਤੇ ਮਹਿਲਾ ਕਿਰਾਏਦਾਰ ਦਾ ‘ਜਿਨਸੀ ਸ਼ੋਸ਼ਣ’ ਕਰਨ ਦਾ ਮੁਕੱਦਮਾ ਦਾਇਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੰਘੀ ਸਰਕਾਰ ਨੇ ਪੈਨਸਿਲਵੇਨੀਆ ’ਚ ਇੱਕ ਭਾਰਤੀ ਮਕਾਨ ਮਾਲਕ ਵਿਰੁੱਧ ਇੱਕ ਮਹਿਲਾ ਕਿਰਾਏਦਾਰ ਦਾ ਕਥਿਤ ਤੌਰ ’ਤੇ ਜਿਨਸੀ ਸ਼ੋਸ਼ਣ ਕਰਨ ਦਾ ਮੁਕੱਦਮਾ ਦਾਇਰ ਕੀਤਾ ਹੈ। ਪੈਨਸਿਲਵੇਨੀਆ ਦੇ ਮੱਧ ਜ਼ਿਲ੍ਹੇ ਲਈ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਦਾਇਰ ਕੀਤੇ ਗਏ ਇਸ ਮੁਕੱਦਮੇ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸਟੇਟ ਕਾਲਜ ਖੇਤਰ ਦੇ ਇੱਕ ਮਕਾਨ ਮਾਲਕ ਵੈਂਕਟਚਲਮ ਮਨੀ ਨੇ ਮਹਿਲਾ ਕਿਰਾਏਦਾਰ ਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਜਦੋਂ ਉਸਨੇ ਵਿਰੋਧ ਕੀਤਾ, ਤਾਂ ਮਕਾਨ ਦੀ ਮੁਰੰਮਤ ਲਈ ਉਸ ਦੀਆਂ ਬੇਨਤੀਆਂ ਨੂੰ ਵਾਰ-ਵਾਰ ਅਣਡਿੱਠ ਕੀਤਾ।

ਅਮਰੀਕੀ ਨਿਆਂ ਵਿਭਾਗ ਦੇ ਨਾਗਰਿਕ ਅਧਿਕਾਰ ਵਿਭਾਗ ਦੇ ਸਹਾਇਕ ਅਟਾਰਨੀ ਜਨਰਲ ਹਰਮੀਤ ਕੇ. ਢਿੱਲੋਂ ਨੇ ਕਿਹਾ, “ਅਜਿਹਾ ਵਿਵਹਾਰ ਗੈਰ-ਕਾਨੂੰਨੀ ਹੈ। ਨਿਆਂ ਵਿਭਾਗ ਮਹਿਲਾ ਕਿਰਾਏਦਾਰਾਂ ਦੇ ਆਪਣੇ ਮਕਾਨ ਮਾਲਕ ਦੁਆਰਾ ਜਿਨਸੀ ਸ਼ੋਸ਼ਣ ਦੇ ਖ਼ਤਰੇ ਤੋਂ ਬਿਨਾਂ ਆਪਣੇ ਘਰ ਵਿਚ ਰਹਿਣ ਦੇ ਅਧਿਕਾਰ ਦੀ ਰੱਖਿਆ ਕਰੇਗਾ।” ਮੁਕੱਦਮੇ ਵਿਚ ਮਹਿਲਾ ਕਿਰਾਏਦਾਰ ਅਤੇ ਉਸਦੇ ਬੱਚਿਆਂ ਲਈ ਵਿੱਤੀ ਮੁਆਵਜ਼ਾ ਅਤੇ ਭਵਿੱਖ ਵਿਚ ਵਿਤਕਰੇ ਨੂੰ ਰੋਕਣ ਲਈ ਅਦਾਲਤੀ ਆਦੇਸ਼ ਦੀ ਮੰਗ ਕੀਤੀ ਗਈ ਹੈ। ਪੈਨਸਿਲਵੇਨੀਆ ਦੇ ਮੱਧ ਜ਼ਿਲ੍ਹੇ ਦੇ ਅਮਰੀਕੀ ਅਟਾਰਨੀ ਬ੍ਰਾਇਨ ਡੀ. ਮਿਲਰ ਨੇ ਕਿਹਾ, “ਮਕਾਨ ਮਾਲਕਾਂ ਦੁਆਰਾ ਕਿਰਾਏਦਾਰਾਂ ਨੂੰ ਜਿਨਸੀ ਪੱਖਪਾਤ ਲਈ ਮਜਬੂਰ ਕਰਕੇ ਉਨ੍ਹਾਂ ਦਾ ਸ਼ੋਸ਼ਣ ਕਰਨ, ਜਿਨਸੀ ਸ਼ੋਸ਼ਣ ਕਰਨ ਅਤੇ ਬਦਲਾ ਲੈਣ ਦੀਆਂ ਕੋਸ਼ਿਸ਼ਾਂ ਨੂੰ ਪੈਨਸਿਲਵੇਨੀਆ ਦੇ ਮੱਧ ਜ਼ਿਲ੍ਹੇ ਵਿਚ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।” ਜਾਂਚ ਤੋਂ ਬਾਅਦ ਵਿਭਾਗ ਨੇ ਪਾਇਆ ਕਿ ਮਨੀ ਨੇ ਫੇਅਰ ਹਾਊਸਿੰਗ ਐਕਟ ਦੀ ਉਲੰਘਣਾ ਕਰਦੇ ਹੋਏ ਬਿਨੈਕਾਰ ਨਾਲ ਵਿਤਕਰਾ ਕੀਤਾ।

# ਓ.ਪੀ.ਟੀ. ਪ੍ਰੋਗਰਾਮ ਨੂੰ ਖਤਮ ਕਰਨ ਦੀ ਵਕਾਲਤ : ਰਿਪੋਰਟ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ’ਚ 2024-25 ਵਿਚ ਲਗਭਗ 3 ਲੱਖ ਵਿਦੇਸ਼ੀ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਅਸਥਾਈ ਰੁਜ਼ਗਾਰ ਪ੍ਰਾਪਤ ਕੀਤਾ, ਜਦੋਂ ਕਿ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ ਵਿਚ ਗਿਰਾਵਟ ਆਈ। ਇਕ ਰਿਪੋਰਟ ਵਿਚ ਇਸ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਰਿਪੋਰਟ ਵਿਚ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ (ਓ.ਪੀ.ਟੀ.) ਪ੍ਰੋਗਰਾਮ ਨੂੰ ਖਤਮ ਕਰਨ ਦੀ ਵਕਾਲਤ ਕੀਤੀ ਗਈ ਹੈ। ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ (ਸੀ.ਆਈ.ਐੱਸ.) ਦੇ ਸੀਨੀਅਰ ਲੀਗਲ ਫੈਲੋ ਜਾਰਜ ਫਿਸ਼ਮੈਨ ਦੁਆਰਾ ਤਿਆਰ ਕੀਤੀ ਇਸ ਰਿਪੋਰਟ ਮੁਤਾਬਕ ਸਾਲ 2025 ’ਚ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਅਮਰੀਕੀ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 2024 ਦੇ ਮੁਕਾਬਲੇ 62 ਪ੍ਰਤੀਸ਼ਤ ਘੱਟ ਗਈ, ਜੋ ਅਮਰੀਕੀ ਵਿਦਿਆਰਥੀਆਂ ਲਈ ਲਾਭਦਾਇਕ ਸਾਬਤ ਹੋਵੇਗੀ।

ਰਿਪੋਰਟ ਅਨੁਸਾਰ, ਚੀਨੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਵਿਚ ਵੀ 34 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਸਾਲ 2025 ਵਿਚ ਚੀਨੀ ਵਿਦਿਆਰਥੀਆਂ ਨੂੰ 40,034 ਵੀਜ਼ੇ ਜਾਰੀ ਕੀਤੇ ਗਏ, ਜਦੋਂ ਕਿ 2024 ਵਿਚ ਇਹ ਗਿਣਤੀ 61,075 ਸੀ। ਇਸੇ ਤਰ੍ਹਾਂ ਅਮਰੀਕਾ ਨੇ 2025 ਵਿਚ ਭਾਰਤੀ ਨਾਗਰਿਕਾਂ ਨੂੰ 22,149 ਵਿਦਿਆਰਥੀ ਵੀਜ਼ੇ ਜਾਰੀ ਕੀਤੇ, ਜਦੋਂ ਕਿ 2024 ਵਿਚ ਇਹ ਗਿਣਤੀ 58,694 ਸੀ। ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਐਜੂਕੇਸ਼ਨ (ਆਈ.ਆਈ.ਈ.) ਦੀ ਸਾਲਾਨਾ ਜਨਗਣਨਾ ਦੇ ਅਨੁਸਾਰ, 2024-25 ਅਕਾਦਮਿਕ ਸਾਲ ਵਿਚ 1,177,766 ਵਿਦੇਸ਼ੀ ਵਿਦਿਆਰਥੀ ਅਮਰੀਕਾ ਦੇ ਉੱਚ ਸਿੱਖਿਆ ਸੰਸਥਾਨਾਂ ਵਿਚ ਪੜ੍ਹ ਰਹੇ ਸਨ। ਇਨ੍ਹਾਂ ਵਿਚੋਂ 363,019 ਵਿਦਿਆਰਥੀ ਭਾਰਤ ਤੋਂ ਅਤੇ 265,919 ਚੀਨ ਤੋਂ ਸਨ।

**ਅਮਰੀਕਾ ਜਾਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਸਟੱਡੀ ਤੇ ਨੌਕਰੀ ਹੋਈ ਔਖੀ**

ਦੋਵਾਂ ਦੇਸ਼ਾਂ ਦੇ ਵਿਦਿਆਰਥੀਆਂ ਦੀ ਗਿਣਤੀ ਕੁੱਲ ਵਿਦੇਸ਼ੀ ਵਿਦਿਆਰਥੀਆਂ ਵਿਚੋਂ 53 ਪ੍ਰਤੀਸ਼ਤ ਸੀ। ਆਈ.ਆਈ.ਈ. ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2024-25 ਅਕਾਦਮਿਕ ਸਾਲ ਵਿਚ ਅਮਰੀਕਾ ਵਿਚ ਪੜ੍ਹ ਰਹੇ 10 ਲੱਖ ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਵਿਚੋਂ, 2,94,253 ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਓ.ਪੀ.ਟੀ. ਪ੍ਰੋਗਰਾਮ ਅਧੀਨ ਅਮਰੀਕਾ ਵਿਚ ਕੰਮ ਕਰ ਰਹੇ ਸਨ। ਰਿਪੋਰਟ ਅਨੁਸਾਰ, ਓ.ਪੀ.ਟੀ. ਪ੍ਰੋਗਰਾਮ ਅਧੀਨ ਕੰਮ ਕਰਨ ਵਾਲੇ 49 ਪ੍ਰਤੀਸ਼ਤ (143,740) ਵਿਦਿਆਰਥੀ ਭਾਰਤੀ ਸਨ, ਜਦੋਂ ਕਿ 21 ਪ੍ਰਤੀਸ਼ਤ (61,981) ਚੀਨ ਤੋਂ ਸਨ। ਫਿਸ਼ਮੈਨ ਨੇ ਕਿਹਾ, “ਮੈਂ ਅਮਰੀਕੀ ਵਿਦਿਆਰਥੀਆਂ ਅਤੇ ਕਾਮਿਆਂ ਦੀਆਂ ਤਨਖਾਹਾਂ ਅਤੇ ਰੁਜ਼ਗਾਰ ਦੇ ਮੌਕਿਆਂ ਦੀ ਰੱਖਿਆ ਲਈ ਓ.ਪੀ.ਟੀ. ਪ੍ਰੋਗਰਾਮ ਨੂੰ ਖਤਮ ਕਰਨ ਦੀ ਲਗਾਤਾਰ ਵਕਾਲਤ ਕੀਤੀ ਹੈ।”

ਭਾਵੇਂ ਅਜਿਹਾ ਨਹੀਂ ਵੀ ਹੁੰਦਾ, ਤਾਂ ਭਾਰਤ ਅਤੇ ਚੀਨ ਤੋਂ ਆਉਣ ਵਾਲੇ ਓ.ਪੀ.ਟੀ. ਪ੍ਰੋਗਰਾਮ ਦੇ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਨਾਲ ਅਮਰੀਕੀ ਵਿਦਿਆਰਥੀਆਂ ਅਤੇ ਕਾਮਿਆਂ ’ਤੇ ਇਸ ਦੇ ਮਾੜੇ ਪ੍ਰਭਾਵ ਘੱਟ ਪੈਣਗੇ, ਕਿਉਂਕਿ ਇਨ੍ਹਾਂ ਦੋਵਾਂ ਦੇਸ਼ਾਂ ਦੇ ਵਿਦਿਆਰਥੀਆਂ ਦਾ ਓ.ਪੀ.ਟੀ. ਭਾਗੀਦਾਰਾਂ ਵਿਚ ਸਭ ਤੋਂ ਵੱਡਾ ਹਿੱਸਾ ਹੈ। ਸੀ.ਆਈ.ਐੱਸ. ਰਿਪੋਰਟ ਤੁਲਨਾ ਲਈ ਮਈ ਤੋਂ ਅਗਸਤ ਦੀ ਮਿਆਦ ਦੀ ਵਰਤੋਂ ਕਰਦੀ ਹੈ, ਕਿਉਂਕਿ ਆਉਣ ਵਾਲੇ ਅਕਾਦਮਿਕ ਸੈਸ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਆਦਾਤਰ ਐੱਫ-1 ਵਿਦਿਆਰਥੀ ਵੀਜ਼ੇ ਇਸ ਸਮੇਂ ਦੌਰਾਨ ਜਾਰੀ ਕੀਤੇ ਜਾਂਦੇ ਹਨ।

# ਅਮਰੀਕਾ ਅਤੇ ਪਾਕਿਸਤਾਨ ਵੱਲੋਂ ਅੱਤਵਾਦ ਵਿਰੁੱਧ ਸਾਂਝੀ ਲੜਾਈ ਹੋਰ ਮਜ਼ਬੂਤ ਕਰਨ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਪਾਕਿਸਤਾਨ ਨੇ ਅੱਤਵਾਦੀ ਸੰਗਠਨਾਂ, ਸਰਹੱਦੀ ਖ਼ਤਰਿਆਂ ਅਤੇ ਅੱਤਵਾਦੀਆਂ ਨੂੰ ਸਹਾਇਤਾ ਦੇਣ ਵਾਲੇ ਨੈੱਟਵਰਕਾਂ ਵਿਰੁੱਧ ਆਪਸੀ ਸਹਿਯੋਗ ਹੋਰ ਮਜ਼ਬੂਤ ਕਰਨ ਦਾ ਫ਼ੈਸਲਾ ਕੀਤਾ ਹੈ। ਦੋਵਾਂ ਦੇਸ਼ਾਂ ਵਿਚਾਲੇ ਚੌਥੀ ਅਮਰੀਕਾ-ਪਾਕਿਸਤਾਨ ਅੱਤਵਾਦ ਵਿਰੋਧੀ ਵਾਰਤਾ 4 ਅਗਸਤ 2026 ਨੂੰ ਵਾਸ਼ਿੰਗਟਨ ਡੀ.ਸੀ. ਵਿਚ ਹੋਈ।

ਵਾਰਤਾ ਦੀ ਅਗਵਾਈ ਅਮਰੀਕਾ ਵੱਲੋਂ ਅੱਤਵਾਦ ਵਿਰੋਧੀ ਮਾਮਲਿਆਂ ਦੇ ਕੋਆਰਡੀਨੇਟਰ ਰਾਜਦੂਤ ਗ੍ਰੈਗਰੀ ਲੋਗੇਰਫੋ ਅਤੇ ਪਾਕਿਸਤਾਨ ਵੱਲੋਂ ਵਿਦੇਸ਼ ਮੰਤਰਾਲੇ ਦੇ ਵਿਸ਼ੇਸ਼ ਸਕੱਤਰ ਰਾਜਦੂਤ ਨਬੀਲ ਮੁਨੀਰ ਨੇ ਕੀਤੀ। ਬੈਠਕ ਤੋਂ ਬਾਅਦ ਦੋਵਾਂ ਸਰਕਾਰਾਂ ਵੱਲੋਂ ਜਾਰੀ ਸਾਂਝੇ ਬਿਆਨ ਵਿਚ ਕਿਹਾ ਗਿਆ ਕਿ ਅੱਤਵਾਦ ਦਾ ਮੁਕਾਬਲਾ ਕਰਨਾ ਦੋਵੇਂ ਦੇਸ਼ਾਂ ਦੀ ਸੁਰੱਖਿਆ ਅਤੇ ਖੇਤਰੀ ਸਥਿਰਤਾ ਲਈ ਬਹੁਤ ਜ਼ਰੂਰੀ ਹੈ।

ਦੋਵਾਂ ਵਫ਼ਦਾਂ ਨੇ ਅੱਤਵਾਦ ਦੇ ਮੌਜੂਦਾ ਖ਼ਤਰੇ, ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ, ਜਾਣਕਾਰੀ ਸਾਂਝੀ ਕਰਨ ਅਤੇ ਅੱਤਵਾਦੀ ਗਰੁੱਪਾਂ ਨੂੰ ਵਿੱਤੀ, ਹਥਿਆਰਬੰਦ ਜਾਂ ਹੋਰ ਸਹਾਇਤਾ ਦੇਣ ਵਾਲੇ ਨੈੱਟਵਰਕਾਂ ਨੂੰ ਤੋੜਨ ਦੇ ਉਪਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ ਅੱਤਵਾਦ ਵਿਰੋਧੀ ਸਾਂਝੀ ਕਾਰਵਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਨਵੇਂ ਰਸਤੇ ਵੀ ਖੋਜੇ ਗਏ।

ਅਮਰੀਕਾ ਅਤੇ ਪਾਕਿਸਤਾਨ ਨੇ ਆਈ.ਐੱਸ.ਆਈ.ਐੱਸ.-ਖੁਰਾਸਾਨ, ਅਲ-ਕਾਇਦਾ, ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਅਤੇ ਬਲੋਚਿਸਤਾਨ ਲਿਬਰੇਸ਼ਨ ਆਰਮੀ ਸਮੇਤ ਇਸ ਨਾਲ ਜੁੜੇ ਸੰਗਠਨਾਂ ਨੂੰ ਗੰਭੀਰ ਸੁਰੱਖਿਆ ਖ਼ਤਰਾ ਕਰਾਰ ਦਿੱਤਾ। ਦੋਵਾਂ ਦੇਸ਼ਾਂ ਨੇ ਕਿਹਾ ਕਿ ਇਹ ਸੰਗਠਨ ਨਾਗਰਿਕਾਂ ਦੀ ਜਾਨ, ਰਾਸ਼ਟਰੀ ਸੁਰੱਖਿਆ ਅਤੇ ਪੂਰੇ ਖੇਤਰ ਦੀ ਸ਼ਾਂਤੀ ਲਈ ਖ਼ਤਰਾ ਬਣੇ ਹੋਏ ਹਨ।

ਸਾਂਝੇ ਬਿਆਨ ਵਿਚ ਕਿਹਾ ਗਿਆ ਕਿ ਅਮਰੀਕਾ ਅਤੇ ਪਾਕਿਸਤਾਨ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਰੱਖਣ ਲਈ ਅੱਤਵਾਦ ਵਿਰੁੱਧ ਸਹਿਯੋਗ ਜਾਰੀ ਰੱਖਣਗੇ। ਦੋਵਾਂ ਸਰਕਾਰਾਂ ਨੇ ਇਸ ਭਾਈਵਾਲੀ ਨੂੰ ਦੱਖਣੀ ਅਤੇ ਕੇਂਦਰੀ ਏਸ਼ੀਆ ਵਿਚ ਲੰਬੇ ਸਮੇਂ ਦੀ ਸ਼ਾਂਤੀ, ਖੁਸ਼ਹਾਲੀ ਅਤੇ ਸਥਿਰਤਾ ਲਈ ਵੀ ਮਹੱਤਵਪੂਰਨ ਦੱਸਿਆ ਹੈ।

**Ladies Only Event**

Giddha, Bhangra, Comedy Skits, Stalls, Dance, Cultural Music, DJ

# NATOMAS TEEYAN

**Sunday August 30th 2026 12pm-6pm**

*Free Entry*

North Natomas Community Center
2601 New Market Drive
Sacramento CA 95835



**Management Commitee**

Goodie Takhar
916-688-9994
Manjeet K Sibia
916-717-5441
Manjeet K Grewal
916-494-1404
Charanjit K Gill
916-601-1274
Sundeep Walia
916-712-1724
Manpreet Gill



**SPONSOR**

Takhar Medical Clinic
Family Medicine & Urgent Care Clinic
916-688-8888



**THANK YOU TO ALL OUR SPONSORS**




3rd Place in Flower City Canada Giddha Competition

**Raffle Draws**

Nurmahal Jewellers and Sharif Jewellers

Many gold and diamond jewelry pieces for raffle draws

Ladies and Girls' Team: Choreography by Sundeep Walia and Navkiran;

Special Bhangra Girls Team Choreegraphy by Gary Bassi

Food by Mehfil Banquet Hall
916-534-3432

Decoration By SV Design
Sajid Anwar
916-396-3841

DJ GSK
209-302-8877

Photography by Chahal Studio
916-601-6632

PUNJAB MAIL USA TV Channel

*Space sponsored by*

Gurjatinder S. Randhawa (REALTOR) CA DRE licence # 01490567

RE/MAX Outstanding Agents Outstanding Results

916-320-9444

# ਅਮਰੀਕਾ ਵੱਲੋਂ ਨਸ਼ਾ ਤਸਕਰੀ ਗਿਰੋਹ ਦੇ 8 ਆਗੂਆਂ 'ਤੇ 10 ਕਰੋੜ 20 ਲੱਖ ਡਾਲਰ ਦੇ ਇਨਾਮ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸਰਕਾਰ ਨੇ ਮੈਕਸੀਕੋ ਦੇ ਬਦਨਾਮ ਅਤੇ ਖ਼ਤਰਨਾਕ ਨਸ਼ਾ ਤਸਕਰੀ ਗਿਰੋਹ ਕਾਰਟੇਲ ਡੇ ਜਾਲਿਸਕੋ ਨੁਏਵਾ ਜਨੇਰਾਸਿਓਨ, ਜਿਸ ਨੂੰ ਸੀ.ਜੇ.ਐੱਨ.ਜੀ. ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਖ਼ਿਲਾਫ਼ ਇੱਕ ਵੱਡੀ ਅਤੇ ਫੈਸਲਾਕੁੰਨ ਕਾਰਵਾਈ ਦਾ ਐਲਾਨ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਇਸ ਸੰਗਠਨ ਦੇ ਅੱਠ ਪ੍ਰਮੁੱਖ ਆਗੂਆਂ ਅਤੇ ਸਹਿਯੋਗੀਆਂ ਦੀ ਗ੍ਰਿਫ਼ਤਾਰੀ ਜਾਂ ਸਜ਼ਾ ਤੱਕ ਪਹੁੰਚਾਉਣ ਵਾਲੀ ਜਾਣਕਾਰੀ ਲਈ ਕੁੱਲ 10 ਕਰੋੜ 20 ਲੱਖ ਡਾਲਰ ਤੱਕ ਦੇ ਇਨਾਮ ਰੱਖੇ ਹਨ। ਇਸ ਦੇ ਨਾਲ ਹੀ ਸੀ.ਜੇ.ਐੱਨ.ਜੀ. ਨਾਲ ਜੁੜੇ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ, ਨਜ਼ਦੀਕੀ ਸਾਥੀਆਂ ਅਤੇ ਕਾਰੋਬਾਰੀ ਸਹਿਯੋਗੀਆਂ ਸਮੇਤ 65 ਲੋਕਾਂ ਉੱਤੇ ਅਮਰੀਕਾ 'ਚ ਦਾਖ਼ਲੇ ਸਬੰਧੀ ਵੀਜ਼ਾ ਪਾਬੰਦੀਆਂ ਲਗਾਈਆਂ ਗਈਆਂ ਹਨ।

**■ ਅਮਰੀਕੀ ਵਿਦੇਸ਼ ਵਿਭਾਗ ਨੇ 65 ਵਿਅਕਤੀਆਂ 'ਤੇ ਵੀਜ਼ਾ ਪਾਬੰਦੀਆਂ ਵੀ ਲਗਾਈਆਂ**



ਅਮਰੀਕੀ ਵਿਦੇਸ਼ ਵਿਭਾਗ ਦੇ ਅੰਤਰਰਾਸ਼ਟਰੀ ਨਾਰਕੋਟਿਕਸ ਅਤੇ ਕਾਨੂੰਨ ਲਾਗੂ ਕਰਨ ਦੇ ਮਾਮਲਿਆਂ ਬਾਰੇ ਬਿਊਰੋ ਨੇ ਕਿਹਾ ਹੈ ਕਿ ਇਹ ਕਾਰਵਾਈ ਨਾਰਕੋਟਿਕਸ ਰਿਵਾਰਡਜ਼ ਪ੍ਰੋਗਰਾਮ ਅਤੇ ਟਰਾਂਸਨੈਸ਼ਨਲ ਆਰਗੇਨਾਈਜ਼ਡ ਕ੍ਰਾਈਮ ਰਿਵਾਰਡਜ਼ ਪ੍ਰੋਗਰਾਮ ਅਧੀਨ ਕੀਤੀ ਗਈ ਹੈ। ਇਹ ਇਨਾਮ ਅਮਰੀਕੀ ਨਿਆਂ ਵਿਭਾਗ, ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ, ਐੱਫ.ਬੀ.ਆਈ., ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼, ਆਈ.ਆਰ.ਐੱਸ., ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਤੇ ਨੈਸ਼ਨਲ ਕੋਆਰਡੀਨੇਸ਼ਨ ਸੈਂਟਰ ਨਾਲ ਤਾਲਮੇਲ ਕਰਕੇ ਐਲਾਨੇ ਗਏ ਹਨ।

ਅਮਰੀਕੀ ਸਰਕਾਰ ਮੁਤਾਬਕ ਸੀ.ਜ਼ੇ.ਐੱਨ.ਜੀ. ਪੱਛਮੀ ਗੋਲਾਰਧ ਦੇ ਸਭ ਤੋਂ ਹਿੰਸਕ ਅਤੇ ਖ਼ਤਰਨਾਕ ਨਸ਼ਾ ਤਸਕਰੀ ਸੰਗਠਨਾਂ ਵਿਚੋਂ ਇੱਕ ਹੈ। ਇਸ ਗਿਰੋਹ ਉੱਤੇ ਫੈਂਟਾਨਿਲ, ਕੋਕੀਨ, ਹੈਰੋਇਨ ਅਤੇ ਮੈਥਐਂਫੈਟਾਮੀਨ ਵਰਗੇ ਘਾਤਕ ਨਸ਼ਿਆਂ ਦੀ ਤਸਕਰੀ ਕਰਕੇ ਅਮਰੀਕੀ ਭਾਈਚਾਰਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹਨ। ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ ਸੀ.ਜੇ.ਐੱਨ.ਜੀ. ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਅਤੇ ਵਿਸ਼ੇਸ਼ ਤੌਰ 'ਤੇ ਨਾਮਜ਼ਦ ਵਿਸ਼ਵ ਅੱਤਵਾਦੀ ਸੰਗਠਨ ਐਲਾਨਿਆ ਸੀ।

ਇਨਾਮਾਂ ਦੇ ਨਾਲ ਅਮਰੀਕੀ ਵਿਦੇਸ਼ ਵਿਭਾਗ ਨੇ 65 ਵਿਅਕਤੀਆਂ 'ਤੇ ਵੀਜ਼ਾ ਪਾਬੰਦੀਆਂ ਵੀ ਲਗਾਈਆਂ ਹਨ। ਇਹ ਵਿਅਕਤੀ ਉਨ੍ਹਾਂ ਲੋਕਾਂ ਦੇ ਪਰਿਵਾਰਕ ਮੈਂਬਰ, ਨਜ਼ਦੀਕੀ ਨਿੱਜੀ ਸਾਥੀ ਜਾਂ ਕਾਰੋਬਾਰੀ ਭਾਈਵਾਲ ਦੱਸੇ ਗਏ ਹਨ, ਜਿਨ੍ਹਾਂ ਦੇ ਸੀ.ਜ਼ੇ.ਐੱਨ.ਜੀ. ਨਾਲ ਸਬੰਧ ਹਨ ਅਤੇ ਜਿਨ੍ਹਾਂ ਉੱਤੇ ਗੈਰਕਾਨੂੰਨੀ ਵਿਸ਼ਵ ਨਸ਼ਾ ਵਪਾਰ ਵਿੱਚ ਸ਼ਾਮਲ ਹੋਣ ਕਾਰਨ ਪਹਿਲਾਂ ਹੀ ਅਮਰੀਕੀ ਪਾਬੰਦੀਆਂ ਲੱਗੀਆਂ ਹੋਈਆਂ ਹਨ। ਇਨ੍ਹਾਂ 65 ਵਿਅਕਤੀਆਂ ਵਿਚੋਂ 26 ਕੋਲ ਪਹਿਲਾਂ ਤੋਂ ਅਮਰੀਕੀ ਵੀਜ਼ੇ ਸਨ, ਜਿਨ੍ਹਾਂ ਨੂੰ ਹੁਣ ਰੱਦ ਕਰ ਦਿੱਤਾ ਗਿਆ ਹੈ।

## ਭਾਰਤੀ ਸਮੇਤ 25 ਅਮਰੀਕੀ ਨਾਗਰਿਕਾਂ ਨੂੰ ਨਾਗਰਿਕਤਾ ਖੁਸਣ ਦਾ ਖੌਫ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਭਾਰਤ ਦੇ ਨਰਿੰਦਰ ਸਿੰਘ (65) ਉਨ੍ਹਾਂ 25 ਅਮਰੀਕੀ ਨਾਗਰਿਕਾਂ ਵਿਚੋਂ ਇੱਕ ਹਨ, ਜਿਨ੍ਹਾਂ ਨੂੰ ਅਮਰੀਕੀ ਨਿਆਂ ਵਿਭਾਗ ਨੇ ਵਿਭਾਗ ਦੇ ਇਤਿਹਾਸ ਵਿਚ ਆਪਣੀ ਕਿਸਮ ਦੇ ਸਭ ਤੋਂ ਵੱਡੇ ਤਾਲਮੇਲ ਵਾਲੇ ਯਤਨ ਵਜੋਂ ਨਾਗਰਿਕਤਾ ਖੁਸਣ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਿਆਂ ਵਿਭਾਗ ਨੇ ਐਲਾਨ ਕੀਤਾ ਕਿ 20 ਜੁਲਾਈ ਤੋਂ 3 ਅਗਸਤ ਦੇ ਵਿਚਕਾਰ ਦਾਇਰ ਕੀਤੇ ਗਏ ਮਾਮਲਿਆਂ ਵਿਚ ਭਾਰਤ, ਪਾਕਿਸਤਾਨ, ਮੈਕਸੀਕੋ, ਨਾਈਜੀਰੀਆ, ਕੋਲੰਬੀਆ, ਘਾਨਾ, ਲਾਇਬੇਰੀਆ, ਜੌਰਡਨ, ਤਾਈਵਾਨ, ਕੈਮਰੂਨ, ਅਲ ਸਲਵਾਡੋਰ, ਹੈਤੀ, ਪੇਰੂ, ਜਮਾਇਕਾ, ਕਿਊਬਾ, ਮੋਲਡੋਵਾ ਅਤੇ ਸਵੀਡਨ ਮੂਲ ਦੇ ਵਿਅਕਤੀ ਸ਼ਾਮਲ ਹਨ। ਵਿਭਾਗ ਦਾ ਦੋਸ਼ ਹੈ ਕਿ ਇਨ੍ਹਾਂ ਨੇ ਧੋਖਾਧੜੀ ਜਾਂ ਗਲਤ ਪੇਸ਼ਕਾਰੀ ਰਾਹੀਂ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ। ਸ਼ਿਕਾਇਤਾਂ ਵਿਚ ਝੂਠੀ ਪਛਾਣ, ਇਮੀਗ੍ਰੇਸ਼ਨ ਧੋਖਾਧੜੀ, ਹਿੰਸਕ ਅਪਰਾਧ ਅਤੇ ਬਾਲ ਜਿਨਸੀ ਸ਼ੋਸ਼ਣ ਦੇ ਦੋਸ਼ ਸ਼ਾਮਲ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਟਰੰਪ ਪ੍ਰਸ਼ਾਸਨ ਦੁਆਰਾ ਗ੍ਰੀਨ ਕਾਰਡ ਅਰਜ਼ੀਆਂ ਫਰੀਜ਼ ਕਰਨਾ ਗੈਰ ਕਾਨੂੰਨੀ ਕਰਾਰ




**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਯੂ.ਐੱਸ. ਜ਼ਿਲਾ ਜੱਜ ਅਮਿਤ ਮਹਿਤਾ ਨੇ ਇਕ ਅਹਿਮ ਫੈਸਲੇ ਵਿਚ ਕਿਹਾ ਹੈ ਕਿ ਜਨਤਕ ਲਾਭਾਂ ਦੀਆਂ ਚਿੰਤਾਵਾਂ 'ਤੇ ਟਰੰਪ ਪ੍ਰਸ਼ਾਸਨ ਦੀ ਕੁਝ ਗ੍ਰੀਨ ਕਾਰਡ ਅਰਜ਼ੀਆਂ ਨੂੰ ਫਰੀਜ਼ ਕਰਨ ਦੀ ਨੀਤੀ ਗੈਰ-ਕਾਨੂੰਨੀ ਹੈ ਤੇ ਅਜਿਹਾ ਕਰਦੇ ਸਮੇਂ ਵਿਦੇਸ਼ ਵਿਭਾਗ ਨੇ ਕਾਂਗਰਸ ਦੁਆਰਾ ਦਿੱਤੇ ਗਏ ਅਧਿਕਾਰਾਂ ਦੀ ਸੀਮਾ ਦੀ ਉਲੰਘਣਾ ਕੀਤੀ ਹੈ। ਜੱਜ ਮਹਿਤਾ ਨੇ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਜਨਤਕ ਚਾਰਜ ਨੀਤੀ ਨੇ ਬਲੂਮਬਰਗ ਕਾਨੂੰਨ ਅਨੁਸਾਰ ਵਿਅਕਤੀਗਤ ਤੌਰ 'ਤੇ ਪ੍ਰਵਾਸੀ ਵੀਜ਼ਾ ਅਰਜ਼ੀਆਂ ਦਾ ਫੈਸਲਾ ਕਰਨ ਲਈ ਕੌਂਸਲਰ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਵਾਂਝਾ ਕਰ ਦਿੱਤਾ ਹੈ। ਜੱਜ ਨੇ ਕਿਹਾ ਜਨਵਰੀ ਵਿਚ ਅਪਣਾਈ ਗਈ ਜਨਤਕ ਚਾਰਜ ਨੀਤੀ ਨੇ 75 ਦੇਸ਼ਾਂ ਦੇ ਬਿਨੈਕਾਰਾਂ ਲਈ ਪ੍ਰਵਾਸੀ ਵੀਜ਼ਾ ਪ੍ਰਕਿਰਿਆ ਵਿਚ ਦੇਰੀ ਕੀਤੀ ਹੈ, ਜੋ ਮੁੱਖ ਤੌਰ 'ਤੇ ਪਰਿਵਾਰ-ਆਧਾਰਿਤ ਗ੍ਰੀਨ ਕਾਰਡ ਬਿਨੈਕਾਰਾਂ ਦੇ ਨਾਲ-ਨਾਲ ਕੁਝ ਰੁਜ਼ਗਾਰ-ਆਧਾਰਿਤ ਬਿਨੈਕਾਰਾਂ ਨੂੰ ਪ੍ਰਭਾਵਤ ਕਰਦੀ ਹੈ। ਪ੍ਰਸ਼ਾਸਨ ਨੇ ਦਲੀਲ ਦਿੱਤੀ ਕਿ ਨੀਤੀ ਦਾ ਉਦੇਸ਼ ਉਨ੍ਹਾਂ ਪ੍ਰਵਾਸੀਆਂ ਨੂੰ ਵੀਜ਼ਾ ਪ੍ਰਾਪਤ ਕਰਨ ਤੋਂ ਰੋਕਣਾ ਸੀ, ਜੋ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦੇ ਹਨ। ਮਹਿਤਾ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ (ਆਈ.ਐੱਨ.ਏ.) ਖਾਸ ਤੌਰ 'ਤੇ ਵਿਅਕਤੀਗਤ ਕੌਂਸਲਰ ਅਧਿਕਾਰੀਆਂ ਨੂੰ ਵੀਜ਼ਾ ਨਿਰਧਾਰਨ ਕਰਨ ਦਾ ਅਧਿਕਾਰ ਦਿੰਦਾ ਹੈ ਅਤੇ ਵਿਦੇਸ਼ ਸਕੱਤਰ ਨੂੰ ਇੱਕ ਸਾਧਾਰਨ ਨੀਤੀ ਰਾਹੀਂ ਉਨ੍ਹਾਂ ਫੈਸਲਿਆਂ ਨੂੰ ਪਹਿਲਾਂ ਤੋਂ ਨਿਰਧਾਰਤ ਕਰਨ ਦੀ ਆਗਿਆ ਨਹੀਂ ਦਿੰਦਾ ਹੈ। ਆਪਣੀ ਰਾਏ ਵਿਚ, ਮਹਿਤਾ ਨੇ ਲਿਖਿਆ ਕਿ ਵਿਦੇਸ਼ ਵਿਭਾਗ ਵਿਅਕਤੀਗਤ ਵੀਜ਼ਾ ਅਰਜ਼ੀਆਂ ਸਬੰਧੀ ਫੈਸਲਿਆਂ ਨੂੰ ਨਿਯੰਤਰਿਤ ਕਰਕੇ ਬਿਲਕੁਲ ਉਹੀ ਕਰ ਰਿਹਾ ਸੀ, ਜੋ ਆਈ.ਐੱਨ.ਏ. ਮਨਾ ਕਰਦਾ ਹੈ। ਇਹ ਮਾਮਲਾ ਬ੍ਰਾਜ਼ੀਲ ਦੇ ਨਾਗਰਿਕ ਨਿਊਟਨ ਡੀ ਮੌਰਾ ਗੋਮਜ਼ ਦੁਆਰਾ ਲਿਆਂਦਾ ਗਿਆ ਸੀ, ਜਿਸ ਦੀ ਈ ਬੀ-5 ਨਿਵੇਸ਼ਕ ਵੀਜ਼ਾ ਪ੍ਰੋਗਰਾਮ ਰਾਹੀਂ ਪ੍ਰਵਾਸੀ ਵੀਜ਼ਾ ਅਰਜ਼ੀ ਨੀਤੀ ਦੇ ਤਹਿਤ ਰੋਕ ਦਿੱਤੀ ਗਈ ਸੀ। ਉਸ ਨੇ ਦਲੀਲ ਦਿੱਤੀ ਕਿ ਵਿਦੇਸ਼ ਵਿਭਾਗ ਨੇ ਗੈਰ-ਕਾਨੂੰਨੀ ਤੌਰ 'ਤੇ ਫੈਸਲੇ ਨੂੰ ਰੋਕ ਕੇ ਅਤੇ ਸੰਘੀ ਕਾਨੂੰਨ ਦੇ ਉਲਟ ਨੀਤੀ ਅਪਣਾ ਕੇ ਪ੍ਰਸ਼ਾਸਕੀ ਪ੍ਰਕਿਰਿਆ ਐਕਟ ਦੀ ਉਲੰਘਣਾ ਕੀਤੀ ਹੈ।

Global Allianz
ਕਾਨੂੰਨੀ ਸਲਾਹਾਂ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਏਅਰ ਇੰਡੀਆ ਦੇ ਪਾਇਲਟ ਦਾ ਡਰੱਗ ਟੈਸਟ ਪਾਜ਼ੀਟਿਵ, 300 ਫੁੱਟ ਹੇਠਾਂ ਆਇਆ ਸੀ ਜਹਾਜ਼




**ਨਵੀਂ ਦਿੱਲੀ, (ਪੰਜਾਬ ਮੇਲ)-** ਫੁਕੇਟ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਇੱਕ ਉਡਾਣ ਦੌਰਾਨ ਅਚਾਨਕ ਲਗਭਗ 300 ਫੁੱਟ ਦੀ ਉਚਾਈ ਘਟਣ ਦੇ ਮਾਮਲੇ ’ਚ ਨਵਾਂ ਮੋੜ ਆਇਆ ਹੈ। ਰਿਪੋਰਟ ਮੁਤਾਬਕ ਉਡਾਣ ਦੇ ਕਮਾਂਡ ਵਿਚ ਰਹੇ ਪਾਇਲਟ ਦੇ ਪੁਸ਼ਟੀਕਰਨ ਵਾਲੇ ਡਰੱਗ ਟੈਸਟ ਵਿਚ 11 ਅਗਸਤ ਨੂੰ ਨਸ਼ੀਲੇ ਪਦਾਰਥ ਦੀ ਮੌਜੂਦਗੀ ਪਾਜ਼ੀਟਿਵ ਪਾਈ ਗਈ ਹੈ।

ਏਅਰ ਇੰਡੀਆ ਦੀ ਏ320 ਉਡਾਣ ਏਆਈ2379 ਨੇ 4 ਅਗਸਤ ਨੂੰ ਫੁਕੇਟ ਤੋਂ ਦਿੱਲੀ ਲਈ ਉਡਾਣ ਭਰੀ ਸੀ। ਦੌਰਾਨ ਜਹਾਜ਼ ਨੂੰ ਭਾਰੀ ਟਰਬਿਊਲੈਂਸ ਦਾ ਸਾਹਮਣਾ ਕਰਨਾ ਪਿਆ, ਜਿਸ ਤੋਂ ਬਾਅਦ ਜਹਾਜ਼ ਅਚਾਨਕ ਕਰੀਬ 300 ਫੁੱਟ ਹੇਠਾਂ ਆ ਗਿਆ। ਹਾਲਾਂਕਿ ਇਸ ਤੋਂ ਬਾਅਦ ਜਹਾਜ਼ ਮੁੜ ਸਥਿਰ ਹੋ ਗਿਆ ਅਤੇ ਸੁਰੱਖਿਅਤ ਢੰਗ ਨਾਲ ਦਿੱਲੀ ਵਿਚ ਲੈਂਡ ਕਰ ਗਿਆ। ਘਟਨਾ ਦੌਰਾਨ ਕਈ ਯਾਤਰੀਆਂ ਅਤੇ ਕੈਬਿਨ ਕਰੂ ਮੈਂਬਰਾਂ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਹੈ।

ਘਟਨਾ ਤੋਂ ਬਾਅਦ ਪਾਇਲਟ ਦਾ ਪਹਿਲਾ ਸਾਈਕੋਐਕਟਿਵ ਸਬਸਟੈਂਸ ਸਕ੍ਰੀਨਿੰਗ ਟੈਸਟ ‘ਨਾਨ-ਨੈਗੇਟਿਵ’ ਆਉਣ ਕਾਰਨ ਹੋਰ ਜਾਂਚ ਲਈ ਪੁਸ਼ਟੀਕਰਨ ਵਾਲਾ ਟੈਸਟ ਕਰਵਾਇਆ ਗਿਆ। ਇਸ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਨੇ ਜਾਂਚ ਪੂਰੀ ਹੋਣ ਤੱਕ ਫਲਾਈਟ ਦੇ ਕਰੂ ਨੂੰ ਡਿਊਟੀ ਰੋਸਟਰ ਤੋਂ ਹਟਾ ਦਿੱਤਾ ਸੀ।

ਹਾਲਾਂਕਿ ਹਵਾਬਾਜ਼ੀ ਖੇਤਰ ਨਾਲ ਜੁੜੇ ਨੁਮਾਇੰਦਿਆਂ ਨੇ ਸਿਰਫ਼ ਸ਼ੁਰੂਆਤੀ ਡਰੱਗ ਸਕ੍ਰੀਨਿੰਗ ਦੇ ਆਧਾਰ ’ਤੇ ਕਿਸੇ ਨਤੀਜੇ ’ਤੇ ਪਹੁੰਚਣ ਤੋਂ ਸਾਵਧਾਨ ਕੀਤਾ ਹੈ। ਏਅਰਲਾਈਨ ਪਾਇਲਟਸ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਕੈਪਟਨ ਸੈਮ ਥਾਮਸ ਨੇ ਕਿਹਾ ਕਿ ਆਮ ਤੌਰ ’ਤੇ ਵਰਤੀਆਂ ਜਾਣ ਵਾਲੀਆਂ ਕੁਝ ਦਵਾਈਆਂ ਅਤੇ ਖੁਰਾਕੀ ਸਪਲੀਮੈਂਟ ਵੀ ਪੋਸਟ-ਫਲਾਈਟ ਡਰੱਗ ਸਕ੍ਰੀਨਿੰਗ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਫੈਡਰੇਸ਼ਨ ਆਫ ਇੰਡੀਅਨ ਪਾਇਲਟਸ ਦੇ ਪ੍ਰਧਾਨ ਕੈਪਟਨ ਸੀ.ਐੱਸ. ਰੰਧਾਵਾ ਨੇ ਵੀ ਕਿਹਾ ਕਿ ਏਅਰਲਾਈਨ ਵੱਲੋਂ ਅਜੇ ਤੱਕ ਟੈਸਟ ਦੇ ਨਤੀਜੇ ਅਧਿਕਾਰਤ ਤੌਰ ’ਤੇ ਜਾਰੀ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਉਹ ਸਰਕਾਰੀ ਜਾਂ ਏਅਰਲਾਈਨ ਪੁਸ਼ਟੀ ਤੋਂ ਪਹਿਲਾਂ ਪਾਇਲਟ ਦੇ ਟੈਸਟ ਨੂੰ ਪਾਜ਼ੀਟਿਵ ਦੱਸਣ ਵਾਲੀਆਂ ਰਿਪੋਰਟਾਂ ’ਤੇ ਟਿੱਪਣੀ ਨਹੀਂ ਕਰਨਗੇ।

ਜੇਕਰ ਟੈਸਟ ਅਧਿਕਾਰਤ ਤੌਰ ’ਤੇ ਪਾਜ਼ੀਟਿਵ ਪੁਸ਼ਟੀ ਹੁੰਦਾ ਹੈ, ਤਾਂ ਪਾਇਲਟ ਦਾ ਲਾਇਸੈਂਸ ਰੱਦ ਹੋਣ ਸਮੇਤ ਜੁਰਮਾਨੇ ਅਤੇ ਹੋਰ ਗੰਭੀਰ ਕਾਰਵਾਈਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਕੈਲੀਫੋਰਨੀਆ ’ਚ ਪੰਜਾਬ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

■ **ਪਰਿਵਾਰ ਵੱਲੋਂ ਲਾਸ਼ ਨੂੰ ਜਲਦੀ ਵਾਪਸ ਲਿਆਉਣ ਲਈ ਸਰਕਾਰ ਨੂੰ ਅਪੀਲ**



**ਕੈਲੀਫੋਰਨੀਆ/ਪਟਿਆਲਾ, (ਪੰਜਾਬ ਮੇਲ)-** ਕੈਲੀਫੋਰਨੀਆ ’ਚ ਅਣਪਛਾਤੇ ਹਮਲਾਵਰਾਂ ਵੱਲੋਂ 24 ਸਾਲਾ ਪੰਜਾਬੀ ਨੌਜਵਾਨ ਖੁਸ਼ਕਰਨਦੀਪ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਦੀ ਦੁਖਦਾਈ ਖ਼ਬਰ ਮਿਲਣ ਤੋਂ ਬਾਅਦ ਪਟਿਆਲਾ ਨੇੜਲੇ ਪਿੰਡ ਅਤਲਾ ਵਿਚ ਸੋਗ ਦੀ ਲਹਿਰ ਦੌੜ ਗਈ ਹੈ।

ਖੁਸ਼ਕਰਨਦੀਪ, ਜੋ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਲਗਭਗ ਪੰਜ ਸਾਲ ਪਹਿਲਾਂ ਅਮਰੀਕਾ ਗਿਆ ਸੀ, ਕੈਲੀਫੋਰਨੀਆ ਵਿਚ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ। ਕਮਿਊਨਿਟੀ ਅੱਪਡੇਟ ਅਤੇ ਸ਼ੁਰੂਆਤੀ ਰਿਪੋਰਟਾਂ ਦੇ ਅਨੁਸਾਰ ਪਰਿਵਾਰ ਦਾ 30 ਜੁਲਾਈ ਤੋਂ ਬਾਅਦ ਉਸ ਨਾਲੋਂ ਸੰਪਰਕ ਟੁੱਟ ਗਿਆ ਸੀ, ਜਦੋਂ ਉਸ ਦਾ ਮੋਬਾਈਲ ਫ਼ੋਨ ਅਚਾਨਕ ਬੰਦ ਹੋ ਗਿਆ ਸੀ।

ਵਧਦੀ ਚਿੰਤਾ ਅਤੇ ਇਸ ਤੋਂ ਬਾਅਦ ਕੀਤੀਆਂ ਗਈਆਂ ਸ਼ਿਕਾਇਤਾਂ ’ਤੇ ਕਾਰਵਾਈ ਕਰਦਿਆਂ, ਕੈਲੀਫੋਰਨੀਆ ਦੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਬਾਅਦ ਵਿਚ ਉਸਦੀ ਲਾਸ਼ ਇੱਕ ਜੰਗਲੀ ਖੇਤਰ ਵਿਚੋਂ ਬਰਾਮਦ ਕੀਤੀ ਗਈ।

ਅਮਰੀਕੀ ਪੁਲਿਸ ਦੀ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਸਿੰਘ ਨੂੰ ਉਸ ਦੀ ਗੱਡੀ ਦੇ ਅੰਦਰ ਯਾਤਰਾ ਕਰਦੇ ਸਮੇਂ ਨਿਸ਼ਾਨਾ ਬਣਾਇਆ ਗਿਆ ਅਤੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਕਤਲ ਪਿੱਛੇ ਅਸਲ ਮਕਸਦ ਅਜੇ ਅਸਪੱਸ਼ਟ ਹੈ, ਅਤੇ ਸਥਾਨਕ ਜਾਸੂਸ ਅਣਪਛਾਤੇ ਹਮਲਾਵਰਾਂ ਦਾ ਪਤਾ ਲਗਾਉਣ ਲਈ ਆਪਣੀ ਜਾਂਚ ਜਾਰੀ ਰੱਖੀ ਹੋਏ ਹਨ। ਇਸ ਘਟਨਾ ਕਾਰਨ ਪੀੜਤ ਦੇ ਪਿਤਾ ਬਲਵਿੰਦਰ ਸਿੰਘ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਇਨਸਾਫ਼ ਅਤੇ ਦਖ਼ਲ ਦੇਣ ਦੀ ਅਪੀਲ ਕੀਤੀ ਹੈ, ਤਾਂ ਜੋ ਅੰਤਿਮ ਸਸਕਾਰ ਲਈ ਉਸ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਂਦਾ ਜਾ ਸਕੇ। ਇਸ ਦੌਰਾਨ, ਉੱਤਰੀ ਅਮਰੀਕੀ ਪੰਜਾਬੀ ਪ੍ਰਵਾਸੀਆਂ ਦੇ ਮੈਂਬਰਾਂ ਨੇ ਪਰਿਵਾਰ ਦੀ ਮ੍ਰਿਤਕ ਦੇਹ ਨੂੰ ਵਾਪਸ ਲਿਆਉਣ ਦੇ ਖਰਚਿਆਂ ਅਤੇ ਕਾਨੂੰਨੀ ਪ੍ਰਕਿਰਿਆਵਾਂ ਵਿਚ ਮਦਦ ਕਰਨ ਲਈ ਇੱਕ ਫੰਡ ਇਕੱਠਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ।

# ਬਿਨਾਂ ਕਾਨੂੰਨੀ ਦਰਜੇ ਵਾਲੇ ਪ੍ਰਵਾਸੀਆਂ ਵੱਲੋਂ ਅਮਰੀਕੀ ਬੈਂਕਿੰਗ ਪ੍ਰਣਾਲੀ ਦੀ ਵਰਤੋਂ ’ਤੇ ਟਰੰਪ ਪ੍ਰਸ਼ਾਸਨ ਦੀ ਸਖਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ’ਚ ਬਿਨਾਂ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਦੇ ਰਹਿ ਰਹੇ ਪ੍ਰਵਾਸੀਆਂ ਨਾਲ ਜੁੜੀਆਂ ਵਿੱਤੀ ਗਤੀਵਿਧੀਆਂ ’ਤੇ ਟਰੰਪ ਪ੍ਰਸ਼ਾਸਨ ਨੇ ਨਿਗਰਾਨੀ ਹੋਰ ਸਖ਼ਤ ਕਰਨ ਦੇ ਸੰਕੇਤ ਦਿੱਤੇ ਹਨ। ਅਮਰੀਕੀ ਖਜ਼ਾਨਾ ਮੰਤਰੀ ਸਕਾਟ ਬੈਸੈਂਟ ਨੇ ਐਰੀਜ਼ੋਨਾ ਵਿਚ ਬੈਂਕ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਅਪਰਾਧਿਕ ਗਿਰੋਹਾਂ, ਕਾਰਟੈਲਾਂ ਅਤੇ ਬਿਨਾਂ ਕਾਨੂੰਨੀ ਦਰਜੇ ਵਾਲੇ ਪ੍ਰਵਾਸੀਆਂ ਨਾਲ ਜੁੜੀਆਂ ਗੈਰਕਾਨੂੰਨੀ ਤਨਖਾਹ ਯੋਜਨਾਵਾਂ, ਸ਼ੱਕੀ ਵਿੱਤੀ ਲੈਣ-ਦੇਣ ਅਤੇ ਧੋਖਾਧੜੀ ਵਿਰੁੱਧ ਕਾਰਵਾਈ ਤੇਜ਼ ਕਰ ਰਿਹਾ ਹੈ।

ਬੈਸੈਂਟ ਨੇ ਕਿਹਾ ਕਿ ਬੈਂਕਾਂ ਤੋਂ ਸਰਹੱਦੀ ਜਾਂ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਭੂਮਿਕਾ ਨਿਭਾਉਣ ਦੀ ਉਮੀਦ ਨਹੀਂ ਕੀਤੀ ਜਾ ਰਹੀ। ਪਰ ਬੈਂਕਾਂ ਨੂੰ ਆਪਣੇ ਗਾਹਕਾਂ ਦੀ ਸਹੀ ਪਛਾਣ ਕਰਨ, ਵਿੱਤੀ ਜ਼ੋਖਮਾਂ ਨੂੰ ਸਮਝਣ ਅਤੇ ਸ਼ੱਕੀ ਲੈਣ-ਦੇਣ ਜਾਂ ਪੈਟਰਨ ਸਾਹਮਣੇ ਆਉਣ ’ਤੇ ਉਨ੍ਹਾਂ ਦੀ ਰਿਪੋਰਟ ਕਰਨ ਵਿਚ ਵਧੇਰੇ ਚੌਕਸੀ ਵਰਤਣ ਲਈ ਕਿਹਾ ਜਾ ਰਿਹਾ ਹੈ।

ਇਹ ਕਾਰਵਾਈ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 19 ਮਈ 2026 ਨੂੰ ਜਾਰੀ ਕੀਤੇ ਗਏ “ਰਿਸੋਟਰਿੰਗ ਇੰਟੈਗ੍ਰਿਟੀ ਟੂ ਅਮਰੀਕਾ’ਜ਼ ਫਾਈਨੈਂਸ਼ੀਅਲ ਸਿਸਟਮ” ਨਾਮਕ ਕਾਰਜਕਾਰੀ ਹੁਕਮ ਨਾਲ ਜੁੜੀ ਹੋਈ ਹੈ। ਇਸ ਹੁਕਮ ਰਾਹੀਂ ਖਜ਼ਾਨਾ ਵਿਭਾਗ ਅਤੇ ਵੱਖ-ਵੱਖ ਸੰਘੀ ਬੈਂਕਿੰਗ ਰੈਗੂਲੇਟਰਾਂ ਨੂੰ ਗਾਹਕਾਂ ਦੀ ਪਛਾਣ, ਵਿੱਤੀ ਜਾਂਚ ਅਤੇ ਕਰਜ਼ਾ ਦੇਣ ਸਮੇਂ ਜ਼ੋਖਮ ਦੇ ਮੁਲਾਂਕਣ ਨਾਲ ਸਬੰਧਤ ਨਿਯਮਾਂ ਦੀ ਸਮੀਖਿਆ ਕਰਨ ਲਈ ਕਿਹਾ ਗਿਆ ਸੀ। ਖਜ਼ਾਨਾ ਮੰਤਰੀ ਮੁਤਾਬਕ ਸਰਕਾਰ ਨੇ ਇਸ ਹੁਕਮ ਨਾਲ ਜੁੜੀਆਂ ਸ਼ੁਰੂਆਤੀ ਸਮਾਂ-ਸੀਮਾਵਾਂ ਪੂਰੀਆਂ ਕਰ ਲਈਆਂ ਹਨ। ਜੂਨ ਵਿਚ ਫਾਈਨੈਂਸ਼ੀਅਲ ਕ੍ਰਾਈਮਜ਼ ਇਨਫੋਰਸਮੈਂਟ ਨੈੱਟਵਰਕ ਵੱਲੋਂ ਬੈਂਕਾਂ ਲਈ ਗਾਈਡੈਂਸ ਜਾਰੀ ਕੀਤੀ ਗਈ ਸੀ, ਜਿਸ ਵਿਚ ਗੈਰਕਾਨੂੰਨੀ ਰੋਜ਼ਗਾਰ ਨਾਲ ਜੁੜੇ ਭੁਗਤਾਨ, ਲੇਬਰ ਬ੍ਰੋਕਰਾਂ, ਸ਼ੈੱਲ ਕੰਪਨੀਆਂ, ਪੇਰੋਲ ਟੈਕਸ ਚੋਰੀ ਅਤੇ ਪਛਾਣ ਚੋਰੀ ਵਰਗੇ ਸ਼ੱਕੀ ਵਿੱਤੀ ਪੈਟਰਨਾਂ ਦੀ ਪਛਾਣ ਕਰਨ ’ਤੇ ਜ਼ੋਰ ਦਿੱਤਾ ਗਿਆ।

ਇਸੇ ਤਰ੍ਹਾਂ **Office of the Comptroller of the Currency** ਵੱਲੋਂ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਨਾ ਰੱਖਣ ਵਾਲੇ ਕਰਜ਼ਾ ਲੈਣ ਵਾਲਿਆਂ ਨਾਲ ਸਬੰਧਤ ਜ਼ੋਖਮ ਦੀ ਸਮੀਖਿਆ ਬਾਰੇ ਵੀ ਬੈਂਕਾਂ ਨੂੰ ਸਲਾਹ ਦਿੱਤੀ ਗਈ ਹੈ। ਇਸ ਵਿਚ ਕਰਜ਼ਾ ਵਾਪਸ ਕਰਨ ਦੀ ਸਮਰੱਥਾ ਅਤੇ ਇੱਛਾ ਵਰਗੇ ਮਾਪਦੰਡਾਂ ਨੂੰ ਆਮ ਅੰਡਰਰਾਈਟਿੰਗ ਪ੍ਰਕਿਰਿਆ ਵਿਚ ਧਿਆਨ ਨਾਲ ਦੇਖਣ ਲਈ ਕਿਹਾ ਗਿਆ ਹੈ।

ਹਾਲਾਂਕਿ ਇਸ ਖ਼ਬਰ ਦਾ ਇਹ ਅਰਥ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਅਮਰੀਕਾ ਵਿਚ ਹਰ ਬਿਨਾਂ ਕਾਨੂੰਨੀ ਦਰਜੇ ਵਾਲੇ ਵਿਅਕਤੀ ਦਾ ਬੈਂਕ ਖਾਤਾ ਤੁਰੰਤ ਬੰਦ ਕੀਤਾ ਜਾ ਰਿਹਾ ਹੈ। ਕਾਨੂੰਨੀ ਅਤੇ ਟੈਕਸ ਮਾਹਿਰਾਂ ਮੁਤਾਬਕ ਮਈ ਦਾ ਹੁਕਮ ਆਪਣੇ ਆਪ ਵਿਚ ਬੈਂਕਾਂ ’ਤੇ ਤੁਰੰਤ ਨਵੇਂ ਨਿਯਮ ਲਾਗੂ ਨਹੀਂ ਕਰਦਾ, ਸਗੋਂ ਸੰਘੀ ਏਜੰਸੀਆਂ ਨੂੰ ਨਵੇਂ ਨਿਯਮ ਅਤੇ ਗਾਈਡੈਂਸ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਹਿੰਦਾ ਹੈ। ਇਹ ਵੀ ਮਹੱਤਵਪੂਰਨ ਹੈ ਕਿ ਮੌਜੂਦਾ ਹੁਕਮ ਹਰ ਬੈਂਕ ਗਾਹਕ ਦੀ ਅਮਰੀਕੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦੀ ਲਾਜ਼ਮੀ ਜਾਂਚ ਕਰਨ ਵਾਲਾ ਸਰਬਵਿਆਪੀ ਨਿਯਮ ਨਹੀਂ ਬਣਾਉਂਦਾ।

# ਨਵੰਬਰ ’ਚ ਹੋਣ ਵਾਲੀਆਂ ਕਾਂਗਰਸ ਚੋਣਾਂ ’ਚ ਦੋ ਭਾਰਤੀ-ਅਮਰੀਕੀ ਉਮੀਦਵਾਰ ਹੋਣਗੇ ਆਹਮੋ-ਸਾਹਮਣੇ

■ **ਵਾਸ਼ਿੰਗਟਨ ਪ੍ਰਾਇਮਰੀ ’ਚ ਭਾਰਤੀ-ਅਮਰੀਕੀ ਪ੍ਰਮਿਲਾ ਜੈਪਾਲ ਦੀ ਆਸਾਨ ਜਿੱਤ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਵਾਸ਼ਿੰਗਟਨ ਰਾਜ ਦੇ 7ਵੇਂ ਜ਼ਿਲ੍ਹੇ ਤੋਂ ਨਵੰਬਰ ਵਿਚ ਹੋਣ ਵਾਲੀਆਂ ਕਾਂਗਰਸ ਚੋਣਾਂ ਵਿਚ ਦੋ ਭਾਰਤੀ-ਅਮਰੀਕੀ ਉਮੀਦਵਾਰ ਇੱਕ ਦੂਜੇ ਦਾ ਸਾਹਮਣਾ ਕਰਨਗੇ। ਪੰਜ ਵਾਰ ਦੀ ਸਾਂਸਦ ਪ੍ਰਮਿਲਾ ਜੈਪਾਲ ਦਾ ਸਾਹਮਣਾ ਰਿਪਬਲਿਕਨ ਉਮੀਦਵਾਰ ਨੀਰਵ ਸੇਠ ਨਾਲ ਹੋਵੇਗਾ। ਮੌਜੂਦਾ ਕਾਂਗਰਸਵੂਮੈਨ ਪ੍ਰਮਿਲਾ ਜੈਪਾਲ ਨੇ ਡੈਮੋਕ੍ਰੇਟਿਕ ਗੜ੍ਹ ਮੰਨੇ ਜਾਣ ਵਾਲੇ ਇਸ ਹਲਕੇ ’ਚ ਹੋਈਆਂ ਸਰਬ-ਪਾਰਟੀ ਪ੍ਰਾਇਮਰੀ ਚੋਣਾਂ ਵਿਚ 83.3 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ। ਸਾਬਕਾ ਪੁਲਿਸ ਅਧਿਕਾਰੀ ਤੋਂ ਕਾਰੋਬਾਰੀ ਬਣੇ ਨੀਰਵ ਸੇਠ 10.8 ਪ੍ਰਤੀਸ਼ਤ ਵੋਟਾਂ ਨਾਲ ਦੂਜੇ ਸਥਾਨ ’ਤੇ ਰਹੇ। ਐਸੋਸੀਏਟਿਡ ਪ੍ਰੈੱਸ (ਏ.ਪੀ.) ਨੇ 53 ਪ੍ਰਤੀਸ਼ਤ ਵੋਟਾਂ ਦੀ ਗਿਣਤੀ ਤੋਂ ਬਾਅਦ ਜੈਪਾਲ ਦੀ ਜਿੱਤ ਦਾ ਐਲਾਨ ਕਰ ਦਿੱਤਾ।

ਵਾਸ਼ਿੰਗਟਨ ਰਾਜ ਵਿਚ ਇੱਕ ਓਪਨ ਪ੍ਰਾਇਮਰੀ ਪ੍ਰਣਾਲੀ ਹੈ, ਜਿਸ ਦੇ ਤਹਿਤ ਪਾਰਟੀ ਨਾਲ ਸਬੰਧਤ ਹੋਣ ਦੀ ਪਰਵਾਹ ਕੀਤੇ ਬਿਨਾਂ, ਚੋਟੀ ਦੇ ਦੋ ਉਮੀਦਵਾਰ ਆਮ ਚੋਣਾਂ ਵਿਚ ਅੱਗੇ ਵਧਦੇ ਹਨ। ਡੈਮੋਕ੍ਰੇਟਿਕ ਕਾਂਗਰਸਵੂਮੈਨ ਪ੍ਰਮਿਲਾ ਜੈਪਾਲ (60) 2016 ਵਿਚ ਅਮਰੀਕੀ ਪ੍ਰਤੀਨਿਧੀ ਸਭਾ ਲਈ ਚੁਣੇ ਜਾਣ ਵਾਲੀ ਦੱਖਣੀ ਏਸ਼ੀਆਈ ਮੂਲ ਦੀ ਪਹਿਲੀ ਔਰਤ ਬਣੀ। 21 ਸਤੰਬਰ, 1965 ਨੂੰ ਚੇਨਈ ਵਿਚ ਜਨਮੀ, ਜੈਪਾਲ 16 ਸਾਲ ਦੀ ਉਮਰ ਵਿਚ ਜਾਰਜਟਾਊਨ ਯੂਨੀਵਰਸਿਟੀ ਵਿਚ ਪੜ੍ਹਾਈ ਕਰਨ ਲਈ ਅਮਰੀਕਾ ਆਈ ਸੀ। ਬਰਨੀ ਸੈਂਡਰਸ ਦੇ ਸਮਰਥਨ ਨਾਲ, ਜੈਪਾਲ ਨੇ ਜਲਦੀ ਹੀ ਡੈਮੋਕ੍ਰੇਟਿਕ ਪਾਰਟੀ ਵਿਚ ਮਾਨਤਾ ਪ੍ਰਾਪਤ ਕਰ ਲਈ ਅਤੇ ਕਾਂਗਰਸ ’ਚ ਇੱਕ ਪ੍ਰਭਾਵਸ਼ਾਲੀ ਪ੍ਰਗਤੀਸ਼ੀਲ ਨੇਤਾ ਬਣ ਗਈ। ਉਸਦੀ ਅਧਿਕਾਰਤ ਜੀਵਨੀ ਦੇ ਅਨੁਸਾਰ, ਉਹ ਕਾਂਗਰਸਨਲ ਪ੍ਰੋਗਰੈਸਿਵ ਕਾਕਸ ਦੀ ਆਨਰੇਰੀ ਚੇਅਰਪਰਸਨ ਹੈ, ਇੱਕ ਸਮੂਹ ਜੋ ਲਗਭਗ 50 ਪ੍ਰਤੀਸ਼ਤ ਡੈਮੋਕ੍ਰੇਟਿਕ ਕਾਨੂੰਨਸਾਜ਼ਾਂ ਦੀ ਨੁਮਾਇੰਦਗੀ ਕਰਦਾ ਹੈ।

ਇਸ ਦੌਰਾਨ 40 ਸਾਲਾ ਨੀਰਵ ਸੇਠ ਦਾ ਜਨਮ ਅਤੇ ਪਾਲਣ-ਪੋਸ਼ਣ ਅਹਿਮਦਾਬਾਦ ਵਿਚ ਹੋਇਆ ਸੀ ਅਤੇ 2008 ਵਿਚ ਕੰਪਿਊਟਰ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਉਹ ਅਮਰੀਕਾ ਆਇਆ ਸੀ। ਉਸਦੀ ਚੋਣ ਵੈੱਬਸਾਈਟ ਦੇ ਅਨੁਸਾਰ ਉਹ 2011 ਵਿਚ ਯੂ.ਐੱਸ. ਮਰੀਨ ਕੋਰ ਵਿਚ ਇੱਕ ਏਅਰਕ੍ਰਾਫਟ ਮਕੈਨਿਕ ਵਜੋਂ ਸ਼ਾਮਲ ਹੋਇਆ। ਬਾਅਦ ਵਿਚ ਉਸਨੇ ਵਾਸ਼ਿੰਗਟਨ ਰਾਜ ਦੇ ਲੇਕਵੁੱਡ ਵਿਚ ਇੱਕ ਪੁਲਿਸ ਅਧਿਕਾਰੀ ਵਜੋਂ ਥੋੜ੍ਹੇ ਸਮੇਂ ਲਈ ਸੇਵਾ ਕੀਤੀ, ਪਰ ਆਪਣੀ ਫੌਜੀ ਸੇਵਾ ਦੌਰਾਨ ਲੱਗੀਆਂ ਸੱਟਾਂ ਕਾਰਨ ਉਸਨੂੰ ਆਪਣਾ ਅਹੁਦਾ ਛੱਡਣ ਲਈ ਮਜਬੂਰ ਹੋਣਾ ਪਿਆ।

ਸੇਠ ਨੇ 2023 ਵਿਚ ਪਹਿਲੀ ਵਾਰ ਰਾਜਨੀਤੀ ਵਿਚ ਪ੍ਰਵੇਸ਼ ਕੀਤਾ। ਉਸਨੇ ਵਾਸ਼ਿੰਗਟਨ ਰਾਜ ਵਿਚ ਆਪਣੇ ਕਈ ਕਾਰੋਬਾਰਾਂ ਵਿਚ ਸੰਨ੍ਹ ਅਤੇ ਚੋਰੀ ਦੀਆਂ ਲਗਾਤਾਰ ਘਟਨਾਵਾਂ ਤੋਂ ਪਰੇਸ਼ਾਨ ਹੋਣ ਤੋਂ ਬਾਅਦ ਚੋਣ ਲੜਨ ਦਾ ਫੈਸਲਾ ਕੀਤਾ। ਉਸਨੇ 2023 ਵਿਚ ਜੇਸਨ ਰੈਂਟਜ਼ ਦੇ ਪੋਡਕਾਸਟ ’ਤੇ ਕਿਹਾ, “ਮੈਂ ਅਹੁਦੇ ਲਈ ਚੋਣ ਲੜ ਰਿਹਾ ਹਾਂ ਕਿਉਂਕਿ ਅਸੀਂ ਮੌਜੂਦਾ ਪ੍ਰਸ਼ਾਸਨ ਦੀਆਂ ਅਸਫਲਤਾਵਾਂ ਕਾਰਨ ਇਨ੍ਹਾਂ ਬੇਤੁਕੇ ਹਾਲਾਤਾਂ ਦਾ ਸਾਹਮਣਾ ਕਰ ਰਹੇ ਹਾਂ।” ਹਾਲਾਂਕਿ ਸੇਠ ਨੂੰ ਆਸਾਨ ਲੜਾਈ ਦਾ ਸਾਹਮਣਾ ਨਹੀਂ ਕਰਨਾ ਪਵੇਗਾ, ਕਿਉਂਕਿ ਇਹ ਹਲਕਾ, ਸਿਆਟਲ ਅਤੇ ਆਲੇ-ਦੁਆਲੇ ਦੇ ਖੇਤਰਾਂ ਨੂੰ ਸ਼ਾਮਲ ਕਰਦਾ ਹੈ, ਲੰਬੇ ਸਮੇਂ ਤੋਂ ਇੱਕ ਡੈਮੋਕ੍ਰੇਟਿਕ ਗੜ੍ਹ ਮੰਨਿਆ ਜਾਂਦਾ ਰਿਹਾ ਹੈ ਅਤੇ ਪ੍ਰਮਿਲਾ ਜੈਪਾਲ 2016 ਤੋਂ ਲਗਾਤਾਰ ਇੱਥੇ ਜਿੱਤਦੀ ਆ ਰਹੀ ਹੈ।

# ਮੈਸੇਚਿਉਸੇਟਸ ਨੇ 15 ਅਗਸਤ ਨੂੰ ‘ਇੰਡੀਆ ਡੇਅ’ ਵਜੋਂ ਐਲਾਨਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਮੈਸੇਚਿਉਸੇਟਸ ਦੀ ਗਵਰਨਰ ਮੌਰਾ ਹੀਲੀ ਨੇ ਰਾਜ ਦੇ ਵਿਕਾਸ ਵਿਚ ਭਾਰਤੀ ਭਾਈਚਾਰੇ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ 15 ਅਗਸਤ ਨੂੰ ‘ਇੰਡੀਆ ਡੇਅ’ ਵਜੋਂ ਐਲਾਨ ਕੀਤਾ ਹੈ ਅਤੇ ਰਾਜ ਨਿਵਾਸੀਆਂ ਨੂੰ ਇਨ੍ਹਾਂ ਜਸ਼ਨਾਂ ਵਿਚ ਉਤਸ਼ਾਹ ਨਾਲ ਹਿੱਸਾ ਲੈਣ ਦਾ ਸੱਦਾ ਦਿੱਤਾ ਹੈ। 1 ਅਗਸਤ ਨੂੰ ਜਾਰੀ ਕੀਤੇ ਗਏ ਇੱਕ ਕਾਰਜਕਾਰੀ ਆਦੇਸ਼ ਵਿਚ ਰਾਜਪਾਲ ਨੇ ਇਹ ਵੀ ਕਿਹਾ ਕਿ ਭਾਈਚਾਰਕ ਸੰਗਠਨਾਂ ਅਤੇ ਸਮਾਜਿਕ ਵਰਕਰਾਂ ਨੇ ਆਪਣੇ ਸਾਲਾਨਾ ਸੁਤੰਤਰਤਾ ਦਿਵਸ ਜਸ਼ਨਾਂ ਅਤੇ ਭਾਈਚਾਰਕ ਸੇਵਾ ਗਤੀਵਿਧੀਆਂ ਰਾਹੀਂ ਨਾਗਰਿਕ ਸ਼ਮੂਲੀਅਤ, ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਆਪਸੀ ਸਮਝ ਨੂੰ ਉਤਸ਼ਾਹਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬੋਸਟਨ ਦੀ ਮੇਅਰ ਮਿਸ਼ੇਲ ਵੂ ਨੇ ਵੀ ਇਸੇ ਤਰ੍ਹਾਂ ਦਾ ਐਲਾਨ ਕੀਤਾ, 15 ਅਗਸਤ ਨੂੰ ‘ਇੰਡੀਆ ਡੇਅ’ ਵਜੋਂ ਘੋਸ਼ਿਤ ਕੀਤਾ। ਉਸਨੇ ਬੋਸਟਨ ਵਿਚ ਭਾਰਤੀ ਕੌਂਸਲੇਟ ਦੇ ਨਵੇਂ ਦਫ਼ਤਰ ਦੇ ਉਦਘਾਟਨ ਦਾ ਸਵਾਗਤ ਕੀਤਾ ਅਤੇ ‘ਸੇਲਬੋਸਟਨ-250’ ਸਮਾਗਮ ਵਿਚ ਭਾਰਤੀ ਜਲ ਸੈਨਾ ਦੇ ਜਹਾਜ਼ ਆਈ.ਐੱਨ.ਐੱਸ. ਸੁਦਰਸ਼ਨੀ ਦੇ ਆਉਣ ’ਤੇ ਖੁਸ਼ੀ ਪ੍ਰਗਟ ਕੀਤੀ।

ਮੈਸੇਚਿਉਸੇਟਸ ਦੇ ਗਵਰਨਰ ਵੱਲੋਂ ਜਾਰੀ ਕਾਰਜਕਾਰੀ ਹੁਕਮ ’ਚ ਕਿਹਾ ਗਿਆ ਹੈ ਕਿ 15 ਅਗਸਤ, 2026, ਨੂੰ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਤੋਂ 1947 ਵਿਚ ਮਿਲੀ ਭਾਰਤ ਦੀ ਆਜ਼ਾਦੀ ਦੀ 79ਵੀਂ ਵਰ੍ਹੇਗੰਢ ਮਨਾਈ ਜਾਵੇਗੀ। ਇਸ ਆਜ਼ਾਦੀ ਨੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਂਹ ਰੱਖੀ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤੀ ਮੂਲ ਦੇ 3.6 ਕਰੋੜ ਤੋਂ ਵੱਧ ਲੋਕ ਵੱਖ-ਵੱਖ ਦੇਸ਼ਾਂ ਵਿਚ ਰਹਿੰਦੇ ਹਨ। ਭਾਰਤੀ ਮੂਲ ਦੇ 50 ਲੱਖ ਤੋਂ ਵੱਧ ਲੋਕ ਸੰਯੁਕਤ ਰਾਜ ਅਮਰੀਕਾ ਵਿਚ ਰਹਿੰਦੇ ਹਨ, ਜੋ ਦੇਸ਼ ਅਤੇ ਸਮਾਜ ਦੇ ਸਮਾਜਿਕ, ਆਰਥਿਕ ਅਤੇ ਨਾਗਰਿਕ ਜੀਵਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਸਰਕਾਰੀ ਹੁਕਮ ਵਿਚ ਕਿਹਾ ਗਿਆ ਹੈ ਕਿ ਭਾਰਤ ਇੱਕ ਪ੍ਰਾਚੀਨ ਅਤੇ ਬਹੁਪੱਖੀ ਸੱਭਿਅਤਾ ਵਾਲਾ ਦੇਸ਼ ਹੈ, ਜਿਸਨੇ ਵੱਖ-ਵੱਖ ਨਸਲੀ ਸਮੂਹਾਂ, ਧਰਮਾਂ, ਭਾਸ਼ਾਵਾਂ, ਰੀਤੀ-ਰਿਵਾਜਾਂ, ਪ੍ਰੰਪਰਾਵਾਂ, ਪਹਿਰਾਵੇ, ਖਾਣ-ਪੀਣ ਦੀਆਂ ਆਦਤਾਂ, ਜਲਵਾਯੂ ਅਤੇ ਕੁਦਰਤੀ ਸਰੋਤਾਂ ਦੀ ਹੈਰਾਨੀਜਨਕ ਵਿਭਿੰਨਤਾ ਦੇ ਬਾਵਜੂਦ ਆਪਣੀ ਬੁਨਿਆਦੀ ਏਕਤਾ ਬਣਾਈ ਰੱਖੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਮੈਸੇਚਿਉਸੇਟਸ ਵਿਚ ਭਾਰਤੀ-ਅਮਰੀਕੀ ਭਾਈਚਾਰੇ ਨੇ ਦਵਾਈ, ਵਿਗਿਆਨ, ਤਕਨਾਲੋਜੀ, ਸਿੱਖਿਆ, ਕਾਰੋਬਾਰ ਅਤੇ ਜਨਤਕ ਸੇਵਾ ਵਰਗੇ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਰਾਜ ਦੀ ਸੱਭਿਆਚਾਰਕ ਅਤੇ ਆਰਥਿਕ ਖੁਸ਼ਹਾਲੀ ਵਧੀ ਹੈ।

# ਗ੍ਰੀਨ ਕਾਰਡ ਹੋਲਡਰਾਂ ਨੂੰ ਯਾਤਰਾ ਤੋਂ ਪਹਿਲਾਂ ਇਮੀਗ੍ਰੇਸ਼ਨ ਰਿਕਾਰਡ ਦੀ ਜਾਂਚ ਕਰਨ ਦੀ ਸਲਾਹ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ ਰੱਖਣ ਵਾਲੇ ਲੋਕਾਂ ਲਈ ਯਾਤਰਾ ਅਤੇ ਇਮੀਗ੍ਰੇਸ਼ਨ ਜਾਂਚ ਸਬੰਧੀ ਇੱਕ ਮਹੱਤਵਪੂਰਨ ਚੇਤਾਵਨੀ ਸਾਹਮਣੇ ਆਈ ਹੈ। ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ, ਏ.ਆਈ.ਐੱਲ.ਏ., ਨਾਲ ਜੋੜੀ ਗਈ ਹਾਲੀਆ ਸਲਾਹ ਮੁਤਾਬਕ ਗ੍ਰੀਨ ਕਾਰਡ ਕਿਸੇ ਵਿਅਕਤੀ ਨੂੰ ਅਮਰੀਕਾ ਵਿਚ ਕਾਨੂੰਨੀ ਸਥਾਈ ਨਿਵਾਸ ਦਾ ਦਰਜਾ ਤਾਂ ਦਿੰਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਹਰ ਹਾਲਤ ਵਿਚ ਇਮੀਗ੍ਰੇਸ਼ਨ ਪੁੱਛਗਿੱਛ, ਹਿਰਾਸਤ ਜਾਂ ਡਿਪੋਰਟੇਸ਼ਨ ਕਾਰਵਾਈ ਤੋਂ ਮੁਕਤ ਹੈ। ਖਾਸ ਕਰਕੇ ਪੁਰਾਣਾ ਅਪਰਾਧਿਕ ਰਿਕਾਰਡ, ਪਹਿਲਾਂ ਦਾ ਡਿਪੋਰਟੇਸ਼ਨ ਮਾਮਲਾ ਜਾਂ ਹੋਰ ਗੰਭੀਰ ਇਮੀਗ੍ਰੇਸ਼ਨ ਸਮੱਸਿਆ ਯਾਤਰਾ ਦੌਰਾਨ ਮੁਸ਼ਕਲ ਪੈਦਾ ਕਰ ਸਕਦੀ ਹੈ।

ਸੰਘੀ ਕਾਨੂੰਨ ਅਧੀਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕਾਨੂੰਨੀ ਸਥਾਈ ਨਿਵਾਸੀਆਂ ਲਈ ਆਪਣੇ ਕੋਲ ਗ੍ਰੀਨ ਕਾਰਡ, ਯਾਨੀ ਫਾਰਮ ਆਈ-551 ਰੱਖਣ ਦੀ ਕਾਨੂੰਨੀ ਲੋੜ ਹੈ। ਇਸ ਲਈ ਗ੍ਰੀਨ ਕਾਰਡ ਹੋਲਡਰਾਂ ਨੂੰ ਖਾਸ ਕਰਕੇ ਯਾਤਰਾ ਕਰਦੇ ਸਮੇਂ ਆਪਣਾ ਅਸਲੀ ਅਤੇ ਵੈਧ ਕਾਰਡ ਨਾਲ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।

ਘਰੇਲੂ ਹਵਾਈ ਯਾਤਰਾ ਲਈ ਗ੍ਰੀਨ ਕਾਰਡ ਟੀ.ਐੱਸ.ਏ. ਵੱਲੋਂ ਮੰਨਿਆ ਜਾਣ ਵਾਲਾ ਪਛਾਣ ਦਸਤਾਵੇਜ਼ ਹੈ। ਇਸ ਲਈ ਵੈਧ ਗ੍ਰੀਨ ਕਾਰਡ ਨਾਲ ਘਰੇਲੂ ਉਡਾਣ ਲਈ ਵੱਖਰਾ ਰੀਅਲ ਆਈ.ਡੀ. ਡਰਾਈਵਿੰਗ ਲਾਇਸੈਂਸ ਲਾਜ਼ਮੀ ਨਹੀਂ ਹੁੰਦਾ। ਫਿਰ



ਵੀ ਜਿਨ੍ਹਾਂ ਲੋਕਾਂ ਦਾ ਪੁਰਾਣਾ ਅਪਰਾਧਿਕ ਰਿਕਾਰਡ, ਡਿਪੋਰਟੇਸ਼ਨ ਨਾਲ ਸਬੰਧਤ ਕੋਈ ਹੁਕਮ, ਵਾਰੰਟ ਜਾਂ ਗੰਭੀਰ ਇਮੀਗ੍ਰੇਸ਼ਨ ਮਾਮਲਾ ਰਿਹਾ ਹੋਵੇ, ਉਨ੍ਹਾਂ ਨੂੰ ਯਾਤਰਾ ਤੋਂ ਪਹਿਲਾਂ ਆਪਣੇ ਕੇਸ ਦੀ ਕਾਨੂੰਨੀ ਸਥਿਤੀ ਦੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ।

ਹਾਲੀਆ ਰਿਪੋਰਟਾਂ ਵਿਚ ਟੀ.ਐੱਸ.ਏ. ਅਤੇ ਆਈਸ ਵਿਚਕਾਰ ਕੁਝ ਯਾਤਰੀ ਜਾਣਕਾਰੀ ਸਾਂਝੀ ਕੀਤੇ ਜਾਣ ਦਾ ਮੁੱਦਾ ਵੀ ਸਾਹਮਣੇ ਆਇਆ ਹੈ। ਇਸ ਕਾਰਨ ਖਾਸ ਇਮੀਗ੍ਰੇਸ਼ਨ ਐਨਫੋਰਸਮੈਂਟ ਦੇ ਅਧੀਨ ਆਉਣ ਵਾਲੇ ਵਿਅਕਤੀਆਂ ਲਈ ਏਅਰਪੋਰਟ 'ਤੇ ਗ੍ਰਿਫ਼ਤਾਰੀ ਜਾਂ ਪੁੱਛਗਿੱਛ ਦਾ ਜੋਖਮ ਹੋ ਸਕਦਾ ਹੈ। ਹਾਲਾਂਕਿ ਸਿਰਫ਼ ਗ੍ਰੀਨ ਕਾਰਡ ਹੋਲਡਰ ਹੋਣ ਜਾਂ ਆਮ ਘਰੇਲੂ ਹਵਾਈ ਯਾਤਰਾ ਕਰਨ ਦਾ ਮਤਲਬ ਇਹ ਨਹੀਂ ਕਿ ਵਿਅਕਤੀ ਨੂੰ ਆਈਸ ਵੱਲੋਂ ਰੋਕਿਆ ਹੀ ਜਾਵੇਗਾ। ਚੇਤਾਵਨੀ ਵਿਚ ਪੁਰਾਣੇ ਅਪਰਾਧਿਕ ਮਾਮਲਿਆਂ ਵੱਲ ਖਾਸ ਧਿਆਨ ਦਿਵਾਇਆ ਗਿਆ ਹੈ। ਕੁਝ ਕਿਸਮਾਂ ਦੀਆਂ ਸਜ਼ਾਵਾਂ ਜਾਂ ਦੋਸ਼-ਸਵੀਕਾਰ ਸਮਝੌਤੇ ਇਮੀਗ੍ਰੇਸ਼ਨ ਕਾਨੂੰਨ ਅਧੀਨ ਗੰਭੀਰ ਨਤੀਜੇ ਪੈਦਾ ਕਰ ਸਕਦੇ ਹਨ। ਹਰ ਡੀ.ਯੂ.ਆਈ. ਜਾਂ ਛੋਟਾ ਅਪਰਾਧ ਆਪਣੇ ਆਪ ਡਿਪੋਰਟੇਸ਼ਨ ਦਾ ਕਾਰਨ ਨਹੀਂ ਬਣਦਾ; ਇਸ ਦਾ ਅਸਰ ਦੋਸ਼ ਦੀ ਕਿਸਮ, ਕਾਨੂੰਨੀ ਧਾਰਾ, ਸਜ਼ਾ ਅਤੇ ਵਿਅਕਤੀ ਦੇ ਇਮੀਗ੍ਰੇਸ਼ਨ ਇਤਿਹਾਸ 'ਤੇ ਨਿਰਭਰ ਕਰਦਾ ਹੈ। ਇਸ ਲਈ ਕਿਸੇ ਅਪਰਾਧਿਕ ਮਾਮਲੇ ਵਿਚ ਦੋਸ਼ ਕਬੂਲ ਕਰਨ ਤੋਂ ਪਹਿਲਾਂ ਇਮੀਗ੍ਰੇਸ਼ਨ ਪ੍ਰਭਾਵ ਸਮਝਣਾ ਬਹੁਤ ਮਹੱਤਵਪੂਰਨ ਹੈ।

ਜੇ ਕਿਸੇ ਗ੍ਰੀਨ ਕਾਰਡ ਹੋਲਡਰ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਰੋਕਿਆ ਜਾਂ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਜਾਂਦਾ ਹੈ, ਤਾਂ ਉਸ ਨੂੰ ਘਬਰਾਹਟ ਵਿਚ ਕੋਈ ਅਜਿਹਾ ਦਸਤਾਵੇਜ਼ ਦਸਤਖ਼ਤ ਨਹੀਂ ਕਰਨਾ ਚਾਹੀਦਾ, ਜਿਸ ਦਾ ਅਰਥ ਉਹ ਪੂਰੀ ਤਰ੍ਹਾਂ ਨਾ ਸਮਝਦਾ ਹੋਵੇ। ਖਾਸ ਤੌਰ 'ਤੇ ਆਪਣੇ ਅਧਿਕਾਰ ਛੱਡਣ ਜਾਂ ਅਮਰੀਕਾ ਤੋਂ ਜਾਣ ਨਾਲ ਸਬੰਧਤ ਦਸਤਾਵੇਜ਼ਾਂ 'ਤੇ ਕਾਨੂੰਨੀ ਸਲਾਹ ਤੋਂ ਬਿਨਾਂ ਦਸਤਖ਼ਤ ਕਰਨਾ ਗੰਭੀਰ ਨਤੀਜੇ ਪੈਦਾ ਕਰ ਸਕਦਾ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਆਮ ਤੌਰ 'ਤੇ ਵੈਧ ਗ੍ਰੀਨ ਕਾਰਡ ਅਤੇ ਸਾਫ਼ ਇਮੀਗ੍ਰੇਸ਼ਨ ਰਿਕਾਰਡ ਵਾਲੇ ਵਿਅਕਤੀ ਨੂੰ ਸਿਰਫ਼ ਘਰੇਲੂ ਯਾਤਰਾ ਤੋਂ ਡਰਨ ਦੀ ਲੋੜ ਨਹੀਂ ਹੈ। ਪਰ ਜਿਨ੍ਹਾਂ ਦਾ ਪੁਰਾਣਾ ਅਪਰਾਧਿਕ ਰਿਕਾਰਡ, ਡਿਪੋਰਟੇਸ਼ਨ ਮਾਮਲਾ ਜਾਂ ਹੋਰ ਇਮੀਗ੍ਰੇਸ਼ਨ ਪੇਚੀਦਗੀ ਹੈ, ਉਨ੍ਹਾਂ ਲਈ ਯਾਤਰਾ ਤੋਂ ਪਹਿਲਾਂ ਯੋਗ ਇਮੀਗ੍ਰੇਸ਼ਨ ਵਕੀਲ ਨਾਲ ਆਪਣੇ ਰਿਕਾਰਡ ਦੀ ਸਮੀਖਿਆ ਕਰਵਾਉਣਾ ਮਹੱਤਵਪੂਰਨ ਹੋ ਸਕਦਾ ਹੈ।

# ਅਮਰੀਕੀ ਨਾਗਰਿਕ ਨਾਲ ਵਿਆਹ ਆਪਣੇ ਆਪ ਗ੍ਰੀਨ ਕਾਰਡ ਦੀ ਗਾਰੰਟੀ ਨਹੀਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਾਗਰਿਕ ਜਾਂ ਗ੍ਰੀਨ ਕਾਰਡ ਹੋਲਡਰ ਨਾਲ ਵਿਆਹ ਕਿਸੇ ਵਿਦੇਸ਼ੀ ਨਾਗਰਿਕ ਲਈ ਅਮਰੀਕੀ ਗ੍ਰੀਨ ਕਾਰਡ ਦਾ ਰਸਤਾ ਖੋਲ੍ਹ ਸਕਦਾ ਹੈ, ਪਰ ਸਿਰਫ਼ ਵਿਆਹ ਕਰਵਾ ਲੈਣ ਨਾਲ ਗ੍ਰੀਨ ਕਾਰਡ ਆਪਣੇ ਆਪ ਨਹੀਂ ਮਿਲ ਜਾਂਦਾ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ, ਯੂ.ਐੱਸ.ਸੀ.ਆਈ.ਐੱਸ. ਵੱਲੋਂ ਵਿਆਹ-ਅਧਾਰਿਤ ਇਮੀਗ੍ਰੇਸ਼ਨ ਮਾਮਲਿਆਂ ਵਿਚ ਇਹ ਜਾਂਚ ਕੀਤੀ ਜਾਂਦੀ ਹੈ ਕਿ ਵਿਆਹ ਕਾਨੂੰਨੀ ਤੌਰ 'ਤੇ ਵੈਧ ਹੈ, ਰਿਸ਼ਤਾ ਅਸਲੀ ਹੈ ਅਤੇ ਵਿਦੇਸ਼ੀ ਜੀਵਨ ਸਾਥੀ ਇਮੀਗ੍ਰੇਸ਼ਨ ਕਾਨੂੰਨ ਅਧੀਨ ਗ੍ਰੀਨ ਕਾਰਡ ਲਈ ਯੋਗ ਹੈ ਜਾਂ ਨਹੀਂ।

ਜੇ ਕਿਸੇ ਵਿਦੇਸ਼ੀ ਨਾਗਰਿਕ ਦਾ ਵਿਆਹ ਅਮਰੀਕੀ ਨਾਗਰਿਕ ਨਾਲ ਹੋਇਆ ਹੈ, ਤਾਂ ਉਸ ਨੂੰ ਇਮੀਗ੍ਰੇਸ਼ਨ ਕਾਨੂੰਨ ਅਧੀਨ ਆਮ ਤੌਰ 'ਤੇ "ਇਮੀਡੀਏਟ ਰਿਲੇਟਿਵ" ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਸ ਸ਼੍ਰੇਣੀ 'ਤੇ ਪਰਿਵਾਰਕ ਤਰਜੀਹ ਵਾਲੀਆਂ ਕਈ ਹੋਰ ਸ਼੍ਰੇਣੀਆਂ ਵਾਂਗ ਸਾਲਾਨਾ ਵੀਜ਼ਾ ਕੋਟਾ ਨਹੀਂ ਹੁੰਦਾ। ਫਿਰ ਵੀ ਅਰਜ਼ੀਕਾਰ ਨੂੰ ਸਾਰੇ ਲੋੜੀਂਦੇ ਫਾਰਮ, ਦਸਤਾਵੇਜ਼ ਅਤੇ ਸਬੂਤ ਪੇਸ਼ ਕਰਨੇ ਪੈਂਦੇ ਹਨ ਅਤੇ ਇਹ ਸਾਬਤ ਕਰਨਾ ਪੈਂਦਾ ਹੈ ਕਿ ਵਿਆਹ ਸਿਰਫ਼ ਇਮੀਗ੍ਰੇਸ਼ਨ ਲਾਭ ਲੈਣ ਲਈ ਨਹੀਂ ਕੀਤਾ ਗਿਆ।

ਗ੍ਰੀਨ ਕਾਰਡ ਹੋਲਡਰ ਵੀ ਆਪਣੇ ਪਤੀ ਜਾਂ ਪਤਨੀ ਲਈ ਇਮੀਗ੍ਰੇਸ਼ਨ ਪਟੀਸ਼ਨ ਦਾਇਰ ਕਰ ਸਕਦਾ ਹੈ। ਪਰ ਅਜਿਹੇ ਜੀਵਨ ਸਾਥੀ ਆਮ ਤੌਰ 'ਤੇ ਪਰਿਵਾਰਕ ਐੱਫ-2ਏ ਸ਼੍ਰੇਣੀ ਵਿਚ ਆਉਂਦੇ ਹਨ। ਇਸ ਸ਼੍ਰੇਣੀ ਵਿਚ ਵੀਜ਼ਿਆਂ ਦੀ ਗਿਣਤੀ ਸੀਮਤ ਹੋਣ ਕਾਰਨ ਉਡੀਕ ਹੋ ਸਕਦੀ ਹੈ ਅਤੇ ਵੀਜ਼ਾ ਬੁਲੇਟਿਨ ਦੀਆਂ ਤਾਰੀਖਾਂ ਮਹੱਤਵਪੂਰਨ ਬਣ ਜਾਂਦੀਆਂ ਹਨ।

ਵਿਆਹ ਦਾ ਕਾਨੂੰਨੀ ਤੌਰ 'ਤੇ ਵੈਧ ਹੋਣਾ ਵੀ ਜ਼ਰੂਰੀ ਹੈ। ਜੇ ਵਿਆਹ ਅਮਰੀਕਾ ਤੋਂ ਬਾਹਰ



ਹੋਇਆ ਹੈ, ਤਾਂ ਆਮ ਤੌਰ 'ਤੇ ਇਹ ਦੇਖਿਆ ਜਾਂਦਾ ਹੈ ਕਿ ਜਿਸ ਦੇਸ਼ ਜਾਂ ਸਥਾਨ 'ਤੇ ਵਿਆਹ ਹੋਇਆ, ਉੱਥੋਂ ਦੇ ਕਾਨੂੰਨ ਅਨੁਸਾਰ ਉਹ ਵਿਆਹ ਕਾਨੂੰਨੀ ਸੀ ਜਾਂ ਨਹੀਂ। ਜੇ ਕਿਸੇ ਪਤੀ ਜਾਂ ਪਤਨੀ ਦਾ ਪਹਿਲਾਂ ਵਿਆਹ ਹੋਇਆ ਸੀ, ਤਾਂ ਪਿਛਲਾ ਵਿਆਹ ਕਾਨੂੰਨੀ ਤੌਰ 'ਤੇ ਖਤਮ ਹੋਣ ਦੇ ਸਬੂਤ ਵੀ ਮੰਗੇ ਜਾ ਸਕਦੇ ਹਨ।

ਯੂ.ਐੱਸ.ਸੀ.ਆਈ.ਐੱਸ. ਲਈ ਇੱਕ ਹੋਰ ਬਹੁਤ ਮਹੱਤਵਪੂਰਨ ਸਵਾਲ ਇਹ ਹੁੰਦਾ ਹੈ ਕਿ ਵਿਆਹ ਅਸਲੀ ਅਤੇ ਨੇਕ ਨੀਅਤ ਨਾਲ ਕੀਤਾ ਗਿਆ ਹੈ ਜਾਂ ਨਹੀਂ। ਇਸ ਨੂੰ ਸਾਬਤ ਕਰਨ ਲਈ ਸਾਂਝੇ ਬੈਂਕ ਖਾਤੇ, ਘਰ ਦੀ ਲੀਜ਼ ਜਾਂ ਮੋਰਟਗੇਜ, ਸਾਂਝੇ ਬਿੱਲ, ਬੀਮਾ ਪਾਲਿਸੀਆਂ, ਇਕੱਠੀਆਂ ਤਸਵੀਰਾਂ, ਯਾਤਰਾ ਦੇ ਰਿਕਾਰਡ ਅਤੇ ਪਰਿਵਾਰਕ ਜੀਵਨ ਨਾਲ ਸਬੰਧਤ ਹੋਰ ਸਬੂਤ ਪੇਸ਼ ਕੀਤੇ ਜਾ ਸਕਦੇ ਹਨ। ਕੋਈ ਇੱਕ ਦਸਤਾਵੇਜ਼ ਆਪਣੇ ਆਪ ਕੇਸ ਦੀ ਮਨਜ਼ੂਰੀ ਦੀ ਗਾਰੰਟੀ ਨਹੀਂ ਦਿੰਦਾ; ਅਧਿਕਾਰੀ ਸਮੁੱਚੇ ਸਬੂਤਾਂ ਨੂੰ ਦੇਖਦੇ ਹਨ।

ਅਮਰੀਕੀ ਕਾਨੂੰਨ ਅਧੀਨ ਕਾਨੂੰਨੀ ਤੌਰ 'ਤੇ ਵੈਧ ਸਮਲਿੰਗੀ ਵਿਆਹ ਵੀ ਵਿਆਹ-ਅਧਾਰਿਤ ਇਮੀਗ੍ਰੇਸ਼ਨ ਲਾਭਾਂ ਲਈ ਯੋਗ ਹੋ ਸਕਦੇ ਹਨ।

ਜੇ ਗ੍ਰੀਨ ਕਾਰਡ ਮਿਲਣ ਵਾਲੇ ਦਿਨ ਵਿਆਹ ਨੂੰ ਦੋ ਸਾਲ ਤੋਂ ਘੱਟ ਸਮਾਂ ਹੋਇਆ ਹੋਵੇ, ਤਾਂ ਆਮ ਤੌਰ 'ਤੇ ਦੋ ਸਾਲ ਦੀ ਸ਼ਰਤਬੱਧ ਸਥਾਈ ਰਿਹਾਇਸ਼ ਮਿਲਦੀ ਹੈ। ਬਾਅਦ ਵਿਚ ਨਿਰਧਾਰਤ ਪ੍ਰਕਿਰਿਆ ਅਧੀਨ ਇਹ ਸ਼ਰਤਾਂ ਹਟਵਾਉਣੀਆਂ ਪੈਂਦੀਆਂ ਹਨ ਅਤੇ ਵਿਆਹ ਦੀ ਸੱਚਾਈ ਨਾਲ ਸਬੰਧਤ ਸਬੂਤ ਮੁੜ ਪੇਸ਼ ਕਰਨੇ ਪੈ ਸਕਦੇ ਹਨ।

# ਅਮਰੀਕੀ ਨਾਗਰਿਕਤਾ ਵੀ ਹੋ ਸਕਦੀ ਹੈ ਖਤਰੇ 'ਚ? ਇਹ ਗੱਲਾਂ ਜਾਣਨੀਆਂ ਬਹੁਤ ਜ਼ਰੂਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਾਗਰਿਕਤਾ ਹਾਸਲ ਕਰਨ ਤੋਂ ਬਾਅਦ ਆਮ ਤੌਰ 'ਤੇ ਵਿਅਕਤੀ ਨੂੰ ਇਹ ਭਰੋਸਾ ਹੁੰਦਾ ਹੈ ਕਿ ਹੁਣ ਉਸਦਾ ਇਮੀਗ੍ਰੇਸ਼ਨ ਸਟੇਟਸ ਸਥਾਈ ਤੌਰ 'ਤੇ ਸੁਰੱਖਿਅਤ ਹੈ। ਇਹ ਗੱਲ ਵੱਡੇ ਪੱਧਰ 'ਤੇ ਸਹੀ ਵੀ ਹੈ। ਪਰ ਕੁਝ ਬਹੁਤ ਸੀਮਤ ਅਤੇ ਗੰਭੀਰ ਹਾਲਾਤਾਂ ਵਿਚ ਕੁਦਰਤੀਕਰਨ ਰਾਹੀਂ ਪ੍ਰਾਪਤ ਕੀਤੀ ਗਈ ਨਾਗਰਿਕਤਾ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ।

ਸਭ ਤੋਂ ਵੱਡਾ ਖ਼ਤਰਾ ਉਸ ਵੇਲੇ ਪੈਦਾ ਹੁੰਦਾ ਹੈ, ਜਦੋਂ ਸਰਕਾਰ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰੇ ਕਿ ਕਿਸੇ ਵਿਅਕਤੀ ਨੇ ਨਾਗਰਿਕਤਾ ਦੀ ਅਰਜ਼ੀ ਦੌਰਾਨ ਜਾਣਬੁੱਝ ਕੇ ਝੂਠ ਬੋਲਿਆ, ਮਹੱਤਵਪੂਰਨ ਜਾਣਕਾਰੀ ਛੁਪਾਈ ਜਾਂ ਅਜਿਹਾ ਤੱਥ



ਲੁਕਾਇਆ ਜਿਸ ਨਾਲ ਉਸਦੀ ਨਾਗਰਿਕਤਾ ਲਈ ਯੋਗਤਾ ਪ੍ਰਭਾਵਿਤ ਹੋ ਸਕਦੀ ਸੀ।

ਮਿਸਾਲ ਵਜੋਂ, ਜੇ ਕਿਸੇ ਵਿਅਕਤੀ ਨੇ ਆਪਣੇ ਪੁਰਾਣੇ ਅਪਰਾਧਿਕ ਰਿਕਾਰਡ, ਇਮੀਗ੍ਰੇਸ਼ਨ ਉਲੰਘਣਾ, ਅਸਲੀ ਪਛਾਣ ਜਾਂ ਕਿਸੇ ਹੋਰ ਮਹੱਤਵਪੂਰਨ ਮਾਮਲੇ ਬਾਰੇ ਜਾਣਬੁੱਝ ਕੇ ਗਲਤ ਜਾਣਕਾਰੀ ਦਿੱਤੀ ਸੀ, ਤਾਂ ਕਈ ਸਾਲ ਬਾਅਦ ਵੀ ਸਰਕਾਰ ਉਸ ਮਾਮਲੇ ਦੀ ਜਾਂਚ ਕਰ ਸਕਦੀ ਹੈ।

ਪਰ ਇੱਥੇ ਇੱਕ ਬਹੁਤ ਮਹੱਤਵਪੂਰਨ ਫ਼ਰਕ ਸਮਝਣਾ ਜ਼ਰੂਰੀ ਹੈ। ਹਰ ਗਲਤ ਜਵਾਬ ਜਾਂ ਛੋਟੀ ਗਲਤੀ ਧੋਖਾਧੜੀ ਨਹੀਂ ਹੁੰਦੀ। ਨਾਗਰਿਕਤਾ ਖੋਹਣ ਦੀ ਕਾਰਵਾਈ ਲਈ ਕਾਨੂੰਨੀ ਮਿਆਰ ਕਾਫ਼ੀ ਉੱਚਾ ਹੈ ਅਤੇ ਸਰਕਾਰ ਨੂੰ ਆਪਣਾ ਕੇਸ ਸਾਬਤ ਕਰਨਾ ਪੈਂਦਾ ਹੈ।

ਦੂਜਾ ਗੰਭੀਰ ਮਾਮਲਾ ਪਛਾਣ ਜਾਂ ਪਿਛੋਕੜ ਬਾਰੇ ਧੋਖਾਧੜੀ ਦਾ ਹੋ ਸਕਦਾ ਹੈ। ਜੇ ਕਿਸੇ ਨੇ ਜਾਅਲੀ ਪਛਾਣ, ਜਾਅਲੀ ਦਸਤਾਵੇਜ਼ ਜਾਂ ਗਲਤ ਇਮੀਗ੍ਰੇਸ਼ਨ ਇਤਿਹਾਸ ਦੇ ਆਧਾਰ 'ਤੇ ਨਾਗਰਿਕਤਾ ਪ੍ਰਾਪਤ ਕੀਤੀ ਹੋਵੇ, ਤਾਂ ਇਹ ਡੀਨੈਚੁਰਲਾਈਜ਼ੇਸ਼ਨ ਦਾ ਆਧਾਰ ਬਣ ਸਕਦਾ ਹੈ।

ਇਸੇ ਤਰ੍ਹਾਂ ਜੇ ਨਾਗਰਿਕਤਾ ਪ੍ਰਾਪਤ ਕਰਨ ਤੋਂ ਪਹਿਲਾਂ ਹੋਈ ਗੰਭੀਰ ਅਪਰਾਧਿਕ ਗਤੀਵਿਧੀ ਨੂੰ ਅਰਜ਼ੀ ਦੌਰਾਨ ਜਾਣਬੁੱਝ ਕੇ ਛੁਪਾਇਆ ਗਿਆ ਸੀ ਅਤੇ ਉਹ ਜਾਣਕਾਰੀ ਵਿਅਕਤੀ ਦੀ ਯੋਗਤਾ ਲਈ ਮਹੱਤਵਪੂਰਨ ਸੀ, ਤਾਂ ਬਾਅਦ ਵਿਚ ਵੀ ਸਵਾਲ ਖੜ੍ਹੇ ਹੋ ਸਕਦੇ ਹਨ। ਸਿਰਫ਼ ਕ੍ਰਿਮੀਨਲ ਰਿਕਾਰਡ ਹੋਣਾ ਅਤੇ ਕ੍ਰਿਮੀਨਲ ਰਿਕਾਰਡ ਨੂੰ ਜਾਣਬੁੱਝ ਕੇ ਛੁਪਾਉਣਾ ਦੋ ਵੱਖਰੀਆਂ ਗੱਲਾਂ ਹਨ।

ਇੱਕ ਹੋਰ ਵੱਖਰਾ ਮਾਮਲਾ ਆਪਣੀ ਮਰਜ਼ੀ ਨਾਲ ਅਮਰੀਕੀ ਨਾਗਰਿਕਤਾ ਛੱਡਣ ਦਾ ਹੈ। ਕੋਈ ਅਮਰੀਕੀ ਨਾਗਰਿਕ ਨਿਰਧਾਰਤ ਕਾਨੂੰਨੀ ਪ੍ਰਕਿਰਿਆ ਰਾਹੀਂ ਵਿਦੇਸ਼ ਵਿਚ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਅੱਗੇ ਆਪਣੀ ਨਾਗਰਿਕਤਾ ਤਿਆਗ ਸਕਦਾ ਹੈ।

# ਈਰਾਨੀ ਧਮਕੀ ਦੇ ਮੱਦੇਨਜ਼ਰ ਟਰੰਪ ਨੇ ਤੁਰਕੀ ਤੋਂ ਗੁਪਤ ਤੌਰ 'ਤੇ ਬਦਲਿਆ ਜਹਾਜ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੁਰੱਖਿਆ ਨੂੰ ਲੈ ਕੇ ਪਿਛਲੇ ਮਹੀਨੇ ਇੱਕ ਬੇਹੱਦ ਗੁਪਤ ਕਾਰਵਾਈ ਕੀਤੀ ਗਈ, ਜਿਸ ਦੌਰਾਨ ਟਰੰਪ ਨੇ ਤੁਰਕੀ ਤੋਂ ਰਵਾਨਾ ਹੁੰਦੇ ਸਮੇਂ ਆਪਣਾ ਜਹਾਜ਼ ਗੁਪਤ ਤੌਰ 'ਤੇ ਬਦਲ ਲਿਆ। ਰਿਪੋਰਟ ਮੁਤਾਬਕ ਇਹ ਕਦਮ ਈਰਾਨ ਵੱਲੋਂ ਰਾਸ਼ਟਰਪਤੀ ਖ਼ਿਲਾਫ਼ ਕਥਿਤ ਹੱਤਿਆ ਦੀ ਧਮਕੀ ਮਿਲਣ ਤੋਂ ਬਾਅਦ ਚੁੱਕਿਆ ਗਿਆ ਸੀ।

ਰਿਪੋਰਟ ਅਨੁਸਾਰ ਟਰੰਪ ਨੂੰ ਤੁਰਕੀ ਦੇ ਅੰਕਾਰਾ ਵਿਚ ਨਾਟੋ ਸੰਮੇਲਨ ਵਿਚ ਸ਼ਾਮਲ ਹੋਣ ਤੋਂ ਬਾਅਦ ਪਹਿਲਾਂ ਪੁਰਾਣੇ "ਏਅਰ ਫੋਰਸ ਵਨ" ਵਿਚ ਸਵਾਰ ਹੋਏ। ਉਨ੍ਹਾਂ ਨੇ ਕੈਮਰਿਆਂ ਸਾਹਮਣੇ ਹੱਥ ਹਿਲਾ ਕੇ ਰਵਾਨਗੀ ਦਾ ਸੰਕੇਤ ਵੀ ਦਿੱਤਾ। ਪਰ ਕੁਝ ਮਿੰਟਾਂ ਬਾਅਦ ਉਹ ਇੱਕ ਛੋਟੇ ਸੀ-32ਏ ਜਹਾਜ਼ ਵਿਚ ਗੁਪਤ ਤੌਰ 'ਤੇ ਤਬਦੀਲ ਹੋ ਗਏ। ਇਸ ਲਈ ਇੱਕ ਏਅਰਪੋਰਟ ਕੇਟਰਿੰਗ ਟਰੱਕ ਦੀ ਵਰਤੋਂ ਕੀਤੀ ਗਈ, ਤਾਂ ਜੋ ਉਨ੍ਹਾਂ ਦੀ ਅਸਲ ਯਾਤਰਾ ਬਾਰੇ ਜਾਣਕਾਰੀ ਲੁਕੀ ਰਹੇ।

ਇਸ ਕਾਰਵਾਈ ਕਾਰਨ ਪੁਰਾਣਾ ਏਅਰ ਫੋਰਸ ਵਨ ਇੱਕ ਤਰ੍ਹਾਂ ਦਾ "ਡਿਕੌਏ" ਜਹਾਜ਼ ਬਣ ਗਿਆ, ਜਿਸ ਵਿਚ ਵ੍ਹਾਈਟ ਹਾਊਸ ਦੇ ਕੁਝ ਕਰਮਚਾਰੀ ਅਤੇ ਮੀਡੀਆ ਦੇ ਮੈਂਬਰ ਮੌਜੂਦ ਸਨ। ਉਨ੍ਹਾਂ ਵਿਚੋਂ ਕਈ ਲੋਕਾਂ ਨੂੰ ਇਹ ਪਤਾ ਨਹੀਂ ਸੀ ਕਿ ਰਾਸ਼ਟਰਪਤੀ ਅਸਲ ਵਿਚ ਉਸ ਜਹਾਜ਼ 'ਤੇ ਨਹੀਂ ਸਨ। ਰਿਪੋਰਟ ਮੁਤਾਬਕ ਟਰੰਪ ਸੀ-32ਏ ਰਾਹੀਂ ਬ੍ਰਿਟੇਨ ਪਹੁੰਚੇ ਅਤੇ ਇਸ ਉਡਾਣ ਲਈ "Reach 18" ਕਾਲ ਸਾਈਨ ਵਰਤਿਆ ਗਿਆ।

ਇਹ ਸੁਰੱਖਿਆ ਪ੍ਰਬੰਧ ਉਸ ਸਮੇਂ ਕੀਤਾ ਗਿਆ, ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਬਹੁਤ ਵਧਿਆ ਹੋਇਆ ਸੀ। ਅਮਰੀਕੀ ਬਲਾਂ ਵੱਲੋਂ ਈਰਾਨ 'ਤੇ ਮੁੜ ਹਵਾਈ ਹਮਲੇ ਕੀਤੇ ਜਾਣ ਤੋਂ ਬਾਅਦ ਰਾਸ਼ਟਰਪਤੀ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਹੋਰ ਗੰਭੀਰ ਹੋ ਗਈਆਂ ਸਨ। ਰਿਪੋਰਟ ਮੁਤਾਬਕ ਖੁਫੀਆ ਅਧਿਕਾਰੀਆਂ ਨੇ ਟਰੰਪ ਜਾਂ ਉਨ੍ਹਾਂ ਦੇ ਜਹਾਜ਼ 'ਤੇ ਹਮਲੇ ਦੀ ਖ਼ਾਸ ਧਮਕੀ ਬਾਰੇ ਚੇਤਾਵਨੀ ਦਿੱਤੀ ਸੀ।

# ਅਮਰੀਕੀ ਸੈਨੇਟ ਵੱਲੋਂ ਰੂਸ 'ਤੇ ਪਾਬੰਦੀਆਂ ਦਾ ਬਿੱਲ ਪਾਸ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਸੈਨੇਟ ਨੇ ਰੂਸ ਅਤੇ ਇਸ ਦੇ ਪੈਟਰੋਲੀਅਮ ਉਤਪਾਦਾਂ ਦੇ ਮੁੱਖ ਖਰੀਦਦਾਰਾਂ, ਜਿਵੇਂ ਕਿ ਚੀਨ ਅਤੇ ਭਾਰਤ ਨੂੰ ਸਜ਼ਾ ਦੇਣ ਲਈ ਇੱਕ ਬਿੱਲ ਨੂੰ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਜਿਹਾ ਵਪਾਰ ਯੂਕਰੇਨ ਦੀ ਜੰਗ ਨੂੰ ਹਵਾ ਦੇਣ ਵਿਚ ਮਦਦ ਕਰਦਾ ਹੈ।

ਇਸ ਬਿੱਲ ਦਾ ਨਾਂ ਬਦਲ ਕੇ 'ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰਸ਼ੀਆ ਐਂਡ ਇਰਾਨ ਐਕਟ ਆਫ਼ 2026' ਰੱਖ ਦਿੱਤਾ ਗਿਆ ਹੈ ਅਤੇ ਸੈਨੇਟ ਨੇ 86-11 ਵੋਟਾਂ ਨਾਲ ਇਸ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਬਿੱਲ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਉਨ੍ਹਾਂ ਦੇਸ਼ਾਂ ਦੇ ਸਮਾਨ 'ਤੇ 100 ਫੀਸਦੀ

**ਭਾਰਤ ਸਮੇਤ 5 ਦੇਸ਼ਾਂ 'ਤੇ 100 ਫੀਸਦੀ ਟੈਰਿਫ ਦੀ ਤਿਆਰੀ!**

ਟੈਰਿਫ ਲਗਾਉਣ ਦੀ ਇਜਾਜ਼ਤ ਦਿੰਦਾ ਹੈ, ਜੋ ਰੂਸੀ ਤੇਲ ਅਤੇ ਗੈਸ ਦੇ ਚੋਟੀ ਦੇ ਪੰਜ ਦਰਾਮਦਕਾਰ ਹਨ।

ਫਿਲਹਾਲ ਚੀਨ, ਭਾਰਤ, ਅਜ਼ਰਬਾਈਜਾਨ, ਹੰਗਰੀ ਅਤੇ ਸਲੋਵਾਕੀਆ ਰੂਸ ਤੋਂ ਤੇਲ ਅਤੇ ਗੈਸ ਦੇ ਚੋਟੀ ਦੇ ਪੰਜ ਦਰਾਮਦਕਾਰ ਹਨ। ਰੂਸ ਦੀਆਂ ਪਾਬੰਦੀਆਂ ਤੋਂ ਇਲਾਵਾ, ਇਹ ਬਿੱਲ 1996 ਦੇ ਇਰਾਨ ਸੈਂਕਸ਼ਨਜ਼ ਐਕਟ ਦੀ ਮਿਆਦ ਨੂੰ 2031 ਤੱਕ ਵਧਾ ਦੇਵੇਗਾ, ਜੋ ਕਿ ਇਰਾਨ ਦੇ ਊਰਜਾ ਖੇਤਰ ਵਿਚ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਨੂੰ ਸਜ਼ਾ ਦਿੰਦਾ ਹੈ।

ਇਸ ਦੁੱਖੀ (ਬਾਈਪਾਰਟੀਜ਼ਨ) ਬਿੱਲ ਦੀ ਹਮਾਇਤ ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ, ਜਿਨ੍ਹਾਂ ਦਾ 11 ਜੁਲਾਈ ਨੂੰ ਦੇਹਾਂਤ ਹੋ ਗਿਆ ਸੀ, ਅਤੇ ਡੈਮੋਕ੍ਰੇਟ ਰਿਚਰਡ ਬਲੂਮੈਂਥਲ ਨੇ ਕੀਤੀ ਸੀ। ਕੀਵ ਦੇ ਦੌਰੇ ਤੋਂ ਬਾਅਦ ਗ੍ਰਾਹਮ ਦੀ ਅਚਾਨਕ ਮੌਤ ਤੋਂ ਬਾਅਦ, ਸਦਨ ਦੇ ਨੇਤਾਵਾਂ ਨੇ ਯੂਕਰੇਨ ਦੇ ਸਹਿਯੋਗੀ ਵਜੋਂ ਮਰਹੂਮ ਸੈਨੇਟਰ ਦੀ ਵਿਰਾਸਤ ਦਾ ਸਨਮਾਨ ਕਰਨ ਅਤੇ ਬਿੱਲ ਦੀ ਪਾਸ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਨਵੇਂ ਜੋਸ਼ ਨਾਲ ਕੰਮ ਕੀਤਾ।

ਇਹ ਰੂਸੀ ਨੇਤਾਵਾਂ ਅਤੇ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਉਣ ਦੀ ਵੀ ਮੰਗ ਕਰਦਾ ਹੈ, ਜਿਸ ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਕੁਲੀਨ ਵਰਗ (ਓਲੀਗਾਰਕਸ) ਅਤੇ ਵਿੱਤੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਬਲੂਮੈਂਥਲ ਨੇ ਕਿਹਾ, "ਇਹ ਸਖ਼ਤ ਵਰਗੀਆਂ ਪਾਬੰਦੀਆਂ ਅਤੇ ਟੈਰਿਫ ਉਨ੍ਹਾਂ ਸਾਰਿਆਂ ਨੂੰ ਰੋਕ ਦੇਣਗੇ, ਜੋ ਬਹਾਦਰ ਆਜ਼ਾਦ ਲੋਕਾਂ ਵਿਰੁੱਧ ਇਸ ਕਾਤਲਾਨਾ, ਅਪਰਾਧਿਕ ਹਮਲਾਵਰ ਜੰਗ ਵਿਚ ਸ਼ਾਮਲ ਹਨ।" ਕੁਝ ਡੈਮੋਕ੍ਰੇਟਸ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਬਿੱਲ ਟਰੰਪ ਨੂੰ ਉਸ ਸਮੇਂ ਨਵੀਆਂ ਟੈਰਿਫ ਸ਼ਕਤੀਆਂ ਦੇਵੇਗਾ, ਜਦੋਂ ਉਨ੍ਹਾਂ ਨੇ ਅਜਿਹੇ ਟੈਰਿਫਾਂ ਨੂੰ ਆਪਣੀ ਵਪਾਰਕ ਨੀਤੀ ਦੇ ਕੇਂਦਰ ਵਿਚ ਰੱਖਿਆ ਹੈ।

ਇਹ ਬਿੱਲ ਹੁਣ 31 ਅਗਸਤ ਨੂੰ ਕਾਰਵਾਈ ਮੁੜ ਸ਼ੁਰੂ ਹੋਣ 'ਤੇ ਪ੍ਰਵਾਨਗੀ ਲਈ ਪ੍ਰਤੀਨਿਧ ਸਭਾ (ਹਾਊਸ ਆਫ਼ ਰੈਪਿਜ਼ੈਂਟੇਟਿਵਜ਼) ਵਿਚ ਜਾਵੇਗਾ।

# ਟਰੰਪ ਵੱਲੋਂ ਜਨਮ ਆਧਾਰਿਤ ਅਮਰੀਕੀ ਨਾਗਰਿਕਤਾ ਨੂੰ ਸੀਮਤ ਕਰਨ ਲਈ 2 ਨਵੇਂ ਕਾਰਜਕਾਰੀ ਹੁਕਮ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ 6 ਅਗਸਤ 2026 ਨੂੰ ਜਨਮ ਨਾਲ ਮਿਲਣ ਵਾਲੀ ਅਮਰੀਕੀ ਨਾਗਰਿਕਤਾ ਦੇ ਦਾਇਰੇ ਨੂੰ ਸੀਮਤ ਕਰਨ ਲਈ ਦੋ ਨਵੇਂ ਐਗਜ਼ਿਕਿਊਟਿਵ ਆਰਡਰਾਂ 'ਤੇ ਦਸਤਖ਼ਤ ਕੀਤੇ ਹਨ। ਵ੍ਹਾਈਟ ਹਾਊਸ ਮੁਤਾਬਕ ਇੱਕ ਆਰਡਰ ਖ਼ਾਸ ਤੌਰ 'ਤੇ ਕਥਿਤ "ਬਰਥ ਟੂਰਿਜ਼ਮ" ਨੂੰ ਨਿਸ਼ਾਨਾ ਬਣਾਉਂਦਾ ਹੈ, ਜਦਕਿ ਦੂਜਾ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਕਿਹੜੀਆਂ ਸਥਿਤੀਆਂ ਵਿਚ ਅਮਰੀਕਾ ਵਿਚ ਪੈਦਾ ਹੋਇਆ ਬੱਚਾ 14ਵੀਂ ਸੰਵਿਧਾਨਕ ਸੋਧ ਅਧੀਨ ਨਾਗਰਿਕਤਾ ਦਾ ਹੱਕਦਾਰ ਨਹੀਂ ਹੋਵੇਗਾ।

ਇਹ ਕਦਮ ਉਸ ਵੇਲੇ ਚੁੱਕਿਆ ਗਿਆ ਹੈ, ਜਦੋਂ 30 ਜੂਨ 2026 ਨੂੰ ਅਮਰੀਕੀ ਸੁਪਰੀਮ ਕੋਰਟ ਨੇ "ਟਰੰਪ ਬਨਾਮ ਬਾਰਬਰਾ" ਮਾਮਲੇ ਵਿਚ ਫ਼ੈਸਲਾ ਦਿੱਤਾ ਸੀ ਕਿ ਅਮਰੀਕਾ



ਵਿਚ ਗੈਰਕਾਨੂੰਨੀ ਤੌਰ 'ਤੇ ਜਾਂ ਅਸਥਾਈ ਇਮੀਗ੍ਰੇਸ਼ਨ ਦਰਜੇ 'ਤੇ ਰਹਿ ਰਹੇ ਮਾਪਿਆਂ ਦੇ ਇੱਥੇ ਜਨਮੇ ਬੱਚੇ 14ਵੀਂ ਸੋਧ ਦੇ "ਸਬਜੈਕਟ ਟੂ ਦ ਜੁਰਿਸਡਿਕਸ਼ਨ" ਸ਼ਬਦਾਂ ਦੇ ਅਧੀਨ ਆਉਂਦੇ ਹਨ ਅਤੇ ਜਨਮ ਤੋਂ ਅਮਰੀਕੀ ਨਾਗਰਿਕ ਹਨ। ਇਹ ਫ਼ੈਸਲਾ ਟਰੰਪ ਪ੍ਰਸ਼ਾਸਨ ਦੀ ਪਹਿਲੀ ਨੀਤੀ ਲਈ ਵੱਡਾ ਕਾਨੂੰਨੀ ਝਟਕਾ ਸੀ।

ਰਾਸ਼ਟਰਪਤੀ ਟਰੰਪ ਨੇ ਨਵੇਂ ਹੁਕਮਾਂ 'ਤੇ ਦਸਤਖ਼ਤ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਪ੍ਰਸ਼ਾਸਨ ਆਪਣੀ ਨੀਤੀ ਵਿਚ "ਤਬਦੀਲੀਆਂ" ਕਰ ਰਿਹਾ ਹੈ। ਵ੍ਹਾਈਟ ਹਾਊਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫਨ ਮਿਲਰ ਨੇ ਕਿਹਾ ਕਿ ਪਹਿਲਾ ਹੁਕਮ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਜੋ ਸੈਲਾਨੀ ਜਾਂ ਹੋਰ ਅਸਥਾਈ ਦਰਜੇ 'ਤੇ ਅਮਰੀਕਾ ਆਉਂਦੇ ਹਨ ਪਰ ਉਨ੍ਹਾਂ ਦਾ ਅਸਲ ਮਕਸਦ ਇੱਥੇ ਬੱਚੇ ਨੂੰ ਜਨਮ ਦੇਣਾ ਅਤੇ ਉਸ ਲਈ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨਾ ਹੁੰਦਾ ਹੈ। ਦੂਜੇ ਹੁਕਮ ਵਿਚ ਕੁਝ ਹੋਰ ਵਿਦੇਸ਼ੀ ਨਾਗਰਿਕਾਂ ਦੇ ਬੱਚਿਆਂ ਨੂੰ ਜਨਮ ਨਾਲ ਨਾਗਰਿਕਤਾ ਲਈ ਅਯੋਗ ਮੰਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਵ੍ਹਾਈਟ ਹਾਊਸ ਨੇ ਇਸ ਵਿਚ ਵਿਦੇਸ਼ੀ ਸਰਕਾਰਾਂ ਦੀ ਨੁਮਾਇੰਦਗੀ ਜਾਂ ਉਨ੍ਹਾਂ ਦੇ ਹਿੱਤਾਂ ਲਈ ਕੰਮ ਕਰਨ ਵਾਲੀਆਂ ਕੁਝ ਸ਼੍ਰੇਣੀਆਂ ਨੂੰ ਵੀ ਸ਼ਾਮਲ ਕਰਨ ਦੀ ਗੱਲ ਕਹੀ ਹੈ। ਇਸ ਆਰਡਰ ਦੀ ਅਸਲ ਕਾਨੂੰਨੀ ਹੱਦ ਅਤੇ ਇਸ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ, ਇਸ ਉੱਤੇ ਅਦਾਲਤੀ ਚੁਣੌਤੀਆਂ ਆਉਣ ਦੀ ਸੰਭਾਵਨਾ ਹੈ। ਅਮਰੀਕੀ ਸੰਵਿਧਾਨ ਦੀ 14ਵੀਂ ਸੋਧ, ਜੋ 1868 ਵਿਚ ਮਨਜ਼ੂਰ ਹੋਈ ਸੀ, ਕਹਿੰਦੀ ਹੈ ਕਿ ਅਮਰੀਕਾ ਵਿਚ ਜਨਮੇ ਜਾਂ ਨਾਗਰਿਕ ਬਣੇ ਅਤੇ ਅਮਰੀਕੀ ਅਧਿਕਾਰ-ਖੇਤਰ ਦੇ ਅਧੀਨ ਸਾਰੇ ਵਿਅਕਤੀ ਅਮਰੀਕੀ ਨਾਗਰਿਕ ਹਨ। ਸੁਪਰੀਮ ਕੋਰਟ ਨੇ ਜੂਨ ਦੇ ਫ਼ੈਸਲੇ ਵਿਚ ਇਸ ਸਿਧਾਂਤ ਨੂੰ ਬਰਕਰਾਰ ਰੱਖਿਆ। ਇਸ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਟਰੰਪ ਦੇ ਨਵੇਂ ਐਗਜ਼ਿਕਿਊਟਿਵ ਆਰਡਰਾਂ ਨਾਲ ਜਨਮ ਨਾਲ ਨਾਗਰਿਕਤਾ ਦਾ ਸੰਵਿਧਾਨਕ ਨਿਯਮ ਤੁਰੰਤ ਖ਼ਤਮ ਨਹੀਂ ਹੋ ਗਿਆ। ਨਵੇਂ ਹੁਕਮਾਂ ਦੀ ਕਾਨੂੰਨੀ ਵੈਧਤਾ ਉੱਤੇ ਅਦਾਲਤਾਂ ਵਿਚ ਮੁੜ ਲੜਾਈ ਹੋ ਸਕਦੀ ਹੈ ਅਤੇ ਆਖ਼ਰੀ ਨਤੀਜਾ ਸੰਘੀ ਅਦਾਲਤਾਂ ਜਾਂ ਦੁਬਾਰਾ ਸੁਪਰੀਮ ਕੋਰਟ ਤੱਕ ਪਹੁੰਚ ਸਕਦਾ ਹੈ।

# ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ਿਆਂ ਲਈ ਵੱਡੀ ਤਬਦੀਲੀ ਦੀ ਤਿਆਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਪੜ੍ਹਾਈ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਵਿਦੇਸ਼ੀ ਮੀਡੀਆ ਨੁਮਾਇੰਦਿਆਂ ਦੇ ਅਮਰੀਕਾ ਵਿਚ ਰਹਿਣ ਦੀ ਮਿਆਦ ਨਿਰਧਾਰਤ ਕਰਨ ਦੇ ਤਰੀਕੇ ਵਿਚ ਵੱਡੀ ਤਬਦੀਲੀ ਕਰਨ ਦੀ ਨੀਤੀ ਲੰਬੇ ਸਮੇਂ ਤੋਂ ਵਿਚਾਰ ਅਧੀਨ ਹੈ। ਇਸ ਤਹਿਤ ਐੱਫ, ਜੇ ਅਤੇ ਆਈ ਸ਼੍ਰੇਣੀਆਂ ਲਈ ਮੌਜੂਦਾ "ਡੂਰੇਸ਼ਨ ਆਫ ਸਟੇਟਸ" ਪ੍ਰਣਾਲੀ ਦੀ ਥਾਂ ਇੱਕ ਨਿਰਧਾਰਤ ਮਿਆਦ ਦੇਣ ਦੀ ਵਿਵਸਥਾ ਪ੍ਰਸਤਾਵਿਤ ਕੀਤੀ ਗਈ ਹੈ। ਡੀ.ਐੱਚ.ਐੱਸ. ਦੇ ਆਪਣੇ ਦਸਤਾਵੇਜ਼ ਵੀ 'ਐੱਫ, ਜੇ ਅਤੇ ਆਈ' ਸ਼੍ਰੇਣੀਆਂ ਨੂੰ ਫਿਕਸਡ ਪੀਰੀਅਡ ਆਫ ਐਡਮਿਸ਼ਨ ਵੱਲ ਲਿਜਾਣ ਦੀ ਨੀਤੀ ਦਾ ਜ਼ਿਕਰ ਕਰਦੇ ਹਨ।

ਮੌਜੂਦਾ "ਡੂਰੇਸ਼ਨ ਆਫ ਸਟੇਟਸ" ਪ੍ਰਣਾਲੀ ਅਧੀਨ ਬਹੁਤ ਸਾਰੇ ਐੱਫ-1 ਵਿਦਿਆਰਥੀਆਂ ਦੇ ਆਈ-94 ਉੱਤੇ ਕਿਸੇ ਖਾਸ ਤਾਰੀਖ ਦੀ ਬਜਾਏ ਡੀ/ਐੱਸ ਦਰਜ ਹੁੰਦਾ ਹੈ। ਇਸਦਾ ਮਤਲਬ ਇਹ ਨਹੀਂ ਕਿ ਵਿਦਿਆਰਥੀ ਅਣਮਿੱਥੇ ਸਮੇਂ ਲਈ ਅਮਰੀਕਾ ਰਹਿ ਸਕਦਾ ਹੈ; ਉਸਨੂੰ ਆਪਣਾ ਕਾਨੂੰਨੀ ਵਿਦਿਆਰਥੀ ਦਰਜਾ ਅਤੇ ਪ੍ਰੋਗਰਾਮ ਦੀਆਂ ਸ਼ਰਤਾਂ ਬਰਕਰਾਰ ਰੱਖਣੀਆਂ ਪੈਂਦੀਆਂ ਹਨ।

ਪ੍ਰਸਤਾਵਿਤ ਪ੍ਰਣਾਲੀ ਵਿਚ ਵਿਦਿਆਰਥੀ ਨੂੰ ਉਸਦੇ ਅਕਾਦਮਿਕ ਪ੍ਰੋਗਰਾਮ ਦੀ ਮਿਆਦ ਜਾਂ ਵੱਧ ਤੋਂ ਵੱਧ ਚਾਰ ਸਾਲ, ਜੋ ਵੀ ਘੱਟ ਹੋਵੇ, ਉਸ ਅਨੁਸਾਰ ਐਡਮਿਸ਼ਨ ਪੀਰੀਅਡ ਮਿਲ ਸਕਦਾ




ਹੈ। ਜੇ ਡਿਗਰੀ ਜਾਂ ਖੋਜ ਪੂਰੀ ਕਰਨ ਲਈ ਹੋਰ ਸਮਾਂ ਚਾਹੀਦਾ ਹੋਵੇ, ਤਾਂ ਵਿਦਿਆਰਥੀ ਨੂੰ ਸਮੇਂ ਸਿਰ ਐਕਸਟੈਂਸ਼ਨ ਆਫ ਸਟੇਅ ਲਈ ਅਰਜ਼ੀ ਦੇਣੀ ਪਵੇਗੀ। ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਪ੍ਰਸਤਾਵ ਵਿਚ ਚਾਰ ਸਾਲ ਦੀ ਸੀਮਾ ਅਤੇ ਐਕਸਟੈਂਸ਼ਨ ਦੀ ਪ੍ਰਕਿਰਿਆ ਦਾ ਵੇਰਵਾ ਦਿੱਤਾ ਗਿਆ ਹੈ।

ਇਸ ਤਬਦੀਲੀ ਦਾ ਸਰਕਾਰੀ ਤਰਕ ਇਹ ਰਿਹਾ ਹੈ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਸਮੇਂ-ਸਮੇਂ 'ਤੇ ਇਹ ਜਾਂਚ ਕਰਨ ਦਾ ਮੌਕਾ ਮਿਲੇ ਕਿ ਵਿਦਿਆਰਥੀ ਅਜੇ ਵੀ ਆਪਣੀ ਪੜ੍ਹਾਈ ਕਰ ਰਿਹਾ ਹੈ, ਆਪਣੀ ਵੀਜ਼ਾ ਸ਼੍ਰੇਣੀ ਦੀਆਂ ਸ਼ਰਤਾਂ ਦੀ ਪਾਲਣਾ ਕਰ ਰਿਹਾ ਹੈ ਅਤੇ ਉਸਦਾ ਅਮਰੀਕਾ ਵਿਚ ਰਹਿਣਾ ਕਾਨੂੰਨੀ ਹੈ।

ਪਰ ਵਿਦਿਆਰਥੀਆਂ ਲਈ ਸਭ ਤੋਂ ਅਹਿਮ ਗੱਲ ਇਹ ਹੈ ਕਿ "ਚਾਰ ਸਾਲ ਪੂਰੇ ਹੋਣ 'ਤੇ ਹਰ ਵਿਦਿਆਰਥੀ ਨੂੰ ਅਮਰੀਕਾ ਛੱਡਣਾ ਹੀ ਪਵੇਗਾ" ਕਹਿਣਾ ਗਲਤ ਹੋਵੇਗਾ। ਪ੍ਰਸਤਾਵਿਤ ਵਿਵਸਥਾ ਵਿਚ ਯੋਗ ਵਿਦਿਆਰਥੀ ਐਕਸਟੈਂਸ਼ਨ ਲਈ ਅਰਜ਼ੀ ਦੇ ਸਕਦਾ ਹੈ। ਡਾਕਟਰੇਟ ਜਾਂ ਹੋਰ ਲੰਬੇ ਅਕਾਦਮਿਕ ਪ੍ਰੋਗਰਾਮ ਕਰਨ ਵਾਲਿਆਂ ਲਈ ਇਹ ਅੰਤਰ ਖਾਸ ਮਹੱਤਵ ਰੱਖਦਾ ਹੈ।

# ਹੁਣ ਆਰ.ਐੱਫ.ਈ. ਜਾਂ NOID ਦਿੱਤੇ ਬਿਨਾਂ ਵੀ ਇਮੀਗ੍ਰੇਸ਼ਨ ਅਰਜ਼ੀ ਹੋ ਸਕਦੀ ਹੈ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ, ਵਰਕ ਵੀਜ਼ਾ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਲਈ ਅਰਜ਼ੀਆਂ ਦੇਣ ਵਾਲਿਆਂ ਲਈ ਇੱਕ ਅਹਿਮ ਨੀਤੀ ਬਦਲਾਅ ਸਾਹਮਣੇ ਆਇਆ ਹੈ। 5 ਅਗਸਤ 2026 ਨੂੰ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ, ਯੂ.ਐੱਸ.ਸੀ.ਆਈ.ਐੱਸ., ਵੱਲੋਂ ਜਾਰੀ ਨਵੀਂ ਪਾਲਿਸੀ ਗਾਈਡੈਂਸ ਮੁਤਾਬਕ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹੁਣ ਇਹ ਪੂਰਾ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਕੁਝ ਮਾਮਲਿਆਂ ਵਿਚ ਅਰਜ਼ੀਕਾਰ ਨੂੰ ਪਹਿਲਾਂ ਰਿਕੁਐਸਟ ਫਾਰ ਐਵੀਡੈਂਸ (ਆਰ.ਐੱਫ.ਈ.) ਜਾਂ **Notice of Intent to Deny** (ਐੱਨ.ਓ.ਆਈ.ਡੀ.) ਦਿੱਤੇ ਬਿਨਾਂ ਹੀ ਕੇਸ ਰੱਦ ਕਰ ਸਕਦੇ ਹਨ। ਇਹ ਨੀਤੀ ਤੁਰੰਤ ਪ੍ਰਭਾਵ ਨਾਲ ਲਾਗੂ ਕੀਤੀ ਗਈ ਹੈ ਅਤੇ 5 ਅਗਸਤ 2026 ਨੂੰ ਪੈਂਡਿੰਗ ਜਾਂ ਉਸ ਤੋਂ ਬਾਅਦ ਦਾਇਰ ਕੀਤੀਆਂ ਅਰਜ਼ੀਆਂ 'ਤੇ ਲਾਗੂ ਹੁੰਦੀ ਹੈ।

ਪਹਿਲਾਂ ਆਮ ਤੌਰ 'ਤੇ ਜੇ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀ ਨੂੰ ਲੱਗਦਾ ਸੀ ਕਿ ਅਰਜ਼ੀ ਵਿਚ ਕੋਈ ਦਸਤਾਵੇਜ਼ ਜਾਂ ਸਬੂਤ ਘੱਟ ਹੈ ਅਤੇ ਅਰਜ਼ੀਕਾਰ ਵਾਧੂ ਸਬੂਤ ਦੇ ਕੇ ਆਪਣੀ ਯੋਗਤਾ ਸਾਬਤ ਕਰ ਸਕਦਾ ਹੈ, ਤਾਂ ਉਸ ਨੂੰ ਆਰ.ਐੱਫ.ਈ. ਜਾਂ ਐੱਨ.ਓ.ਆਈ.ਡੀ. ਰਾਹੀਂ ਜਵਾਬ ਦੇਣ ਦਾ ਮੌਕਾ ਦਿੱਤਾ ਜਾਂਦਾ ਸੀ। ਹੁਣ ਯੂ.ਐੱਸ.ਸੀ.ਆਈ.ਐੱਸ. ਨੇ ਪਿਛਲੀ ਗਾਈਡੈਂਸ ਵਾਪਸ ਲੈਂਦਿਆਂ ਅਧਿਕਾਰੀਆਂ ਦੀ ਉਹ ਡਿਸਕ੍ਰੀਸ਼ਨ ਮੁੜ ਬਹਾਲ ਕਰ ਦਿੱਤੀ ਹੈ, ਜਿਸ ਅਧੀਨ ਲੋੜੀਂਦੇ ਸ਼ੁਰੂਆਤੀ ਸਬੂਤ ਨਾ ਹੋਣ ਜਾਂ ਮੌਜੂਦ ਰਿਕਾਰਡ ਯੋਗਤਾ ਸਾਬਤ ਨਾ ਕਰਨ ਦੀ ਸਥਿਤੀ ਵਿਚ ਸਿੱਧਾ ਇਨਕਾਰ ਕੀਤਾ ਜਾ ਸਕਦਾ ਹੈ।

ਇਸ ਤਬਦੀਲੀ ਦਾ ਸਭ ਤੋਂ ਵੱਡਾ ਮਤਲਬ ਇਹ ਹੈ ਕਿ ਹੁਣ ਅਰਜ਼ੀ ਦਾਇਰ ਕਰਦੇ ਸਮੇਂ ਹੀ ਫਾਈਲ ਦਾ ਪੂਰੀ ਤਰ੍ਹਾਂ ਤਿਆਰ ਹੋਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ। ਇਹ ਸੋਚ ਕੇ ਅਧੂਰੀ ਫਾਈਲ ਦਾਇਰ ਕਰਨਾ ਕਿ ਯੂ.ਐੱਸ.ਸੀ.ਆਈ.ਐੱਸ. ਬਾਅਦ ਵਿਚ ਆਰ.ਐੱਫ.ਈ. ਭੇਜ ਦੇਵੇਗੀ ਅਤੇ ਬਾਕੀ ਦਸਤਾਵੇਜ਼ ਉਸ ਵੇਲੇ ਦਿੱਤੇ ਜਾ ਸਕਣਗੇ, ਹੁਣ ਵਧੇਰੇ ਜੋਖਮ ਵਾਲੀ ਰਣਨੀਤੀ ਹੋ ਸਕਦੀ ਹੈ। ਇਨਕਾਰ ਹੋਣ ਦੀ ਸੂਰਤ ਵਿਚ ਸਰਕਾਰੀ ਫੀਸਾਂ ਦਾ ਨੁਕਸਾਨ ਹੋ ਸਕਦਾ ਹੈ ਅਤੇ ਕਈ ਮਾਮਲਿਆਂ ਵਿਚ ਦੁਬਾਰਾ ਅਰਜ਼ੀ ਦੇਣ ਅਤੇ ਫੀਸ ਭਰਨ ਦੀ ਲੋੜ ਪੈ ਸਕਦੀ ਹੈ।

ਨਵੀਂ ਗਾਈਡੈਂਸ ਵਿਚ ਹਲਫ਼ਨਾਮਿਆਂ, ਯਾਨੀ ਐਫੀਡੇਵਿਟਸ, ਬਾਰੇ ਵੀ ਮਹੱਤਵਪੂਰਨ ਤਬਦੀਲੀ ਕੀਤੀ ਗਈ ਹੈ। ਯੂ.ਐੱਸ.ਸੀ.ਆਈ.ਐੱਸ. ਹੁਣ ਹਲਫ਼ਨਾਮਿਆਂ ਨੂੰ ਆਮ ਤੌਰ 'ਤੇ ਤੀਜੇ ਦਰਜੇ ਦੇ ਸਬੂਤ ਵਜੋਂ ਦੇਖੇਗੀ। ਅਧਿਕਾਰੀ ਇਹ ਜਾਂਚ ਸਕਦੇ ਹਨ ਕਿ ਹਲਫ਼ਨਾਮਾ ਦੇਣ ਵਾਲੇ ਵਿਅਕਤੀ ਦਾ ਸਬੰਧ ਕੀ ਹੈ, ਉਸ ਨੂੰ ਜਾਣਕਾਰੀ ਕਿਵੇਂ ਮਿਲੀ, ਉਸ ਵੱਲੋਂ ਦਿੱਤੇ ਤੱਥ ਕਿੰਨੇ ਵਿਸਥਾਰਪੂਰਵਕ ਅਤੇ ਭਰੋਸੇਯੋਗ ਹਨ ਅਤੇ ਕੀ ਉਹ ਸਰਕਾਰੀ ਰਿਕਾਰਡ ਜਾਂ ਹੋਰ ਸਬੂਤਾਂ ਨਾਲ ਮੇਲ ਖਾਂਦੇ ਹਨ। ਇਸ ਦਾ ਖਾਸ ਅਸਰ ਉਨ੍ਹਾਂ ਮਾਮਲਿਆਂ 'ਤੇ ਪੈ ਸਕਦਾ ਹੈ, ਜਿੱਥੇ ਜਨਮ ਸਰਟੀਫਿਕੇਟ, ਪੁਰਾਣੇ ਰੋਜ਼ਗਾਰ ਦੇ ਰਿਕਾਰਡ ਜਾਂ ਹੋਰ ਮੁੱਢਲੇ ਦਸਤਾਵੇਜ਼ ਉਪਲਬਧ ਨਾ ਹੋਣ ਕਾਰਨ ਹਲਫ਼ਨਾਮਿਆਂ ਦੀ ਵਰਤੋਂ ਕੀਤੀ ਜਾਂਦੀ ਹੈ।

# ਯੂਨੀਵਰਸਿਟੀ ਆਫ ਮੈਰੀਲੈਂਡ ਦੇ ਸਨਮਾਨਿਤ ਅਧਿਆਪਕ ਨੂੰ ਹਵਾਈ ਅੱਡੇ ਤੋਂ ਆਈਸ ਨੇ ਹਿਰਾਸਤ 'ਚ ਲਿਆ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕਾ ਵਿਚ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤ ਪਾਲਣਾ ਦੇ ਦਰਮਿਆਨ ਇੱਕ ਹੋਰ ਮਾਮਲੇ ਨੇ ਸਿੱਖਿਆ ਜਗਤ ਅਤੇ ਪ੍ਰਵਾਸੀ ਭਾਈਚਾਰੇ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਯੂਨੀਵਰਸਿਟੀ ਆਫ ਮੈਰੀਲੈਂਡ ਦੇ ਫਾਰਮੇਸੀ ਵਿਭਾਗ ਨਾਲ ਜੁੜੇ ਅਧਿਆਪਕ ਬਰਹਾਨੂ ਕਿਬਰੇਟ ਨੂੰ ਟੈਕਸਾਸ ਦੇ ਡੈਲਸ-ਫੋਰਟ ਵਰਥ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸ) ਦੇ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ। ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਉਹ ਵਿਦੇਸ਼ ਯਾਤਰਾ ਤੋਂ ਵਾਪਸ ਅਮਰੀਕਾ ਪਹੁੰਚੇ ਸਨ।

ਯੂਨੀਵਰਸਿਟੀ ਆਫ ਮੈਰੀਲੈਂਡ ਨੇ ਇਸ ਘਟਨਾ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਕਿਬਰੇਟ ਕੋਲ ਯੂਨੀਵਰਸਿਟੀ ਵਿਚ ਕੰਮ ਕਰਨ ਲਈ ਮਾਨਤਾ ਪ੍ਰਾਪਤ ਰੁਜ਼ਗਾਰ ਅਧਿਕਾਰ ਮੌਜੂਦ ਹਨ ਅਤੇ ਉਹ ਲੰਬੇ ਸਮੇਂ ਤੋਂ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ। ਯੂਨੀਵਰਸਿਟੀ ਅਨੁਸਾਰ ਉਹ ਹਾਲ ਹੀ ਵਿਚ ਆਪਣੀ ਸ਼ਾਨਦਾਰ ਅਧਿਆਪਨ ਸੇਵਾ ਲਈ "ਟੀਚਰ ਆਫ ਦਿ ਯੀਅਰ" ਦਾ ਸਨਮਾਨ ਵੀ ਹਾਸਲ ਕਰ ਚੁੱਕੇ ਹਨ।

ਦੂਜੇ ਪਾਸੇ, ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਇਸ ਕਾਰਵਾਈ ਦਾ ਬਚਾਅ ਕਰਦਿਆਂ ਕਿਹਾ ਕਿ ਕਿਬਰੇਟ ਦਾ ਵੀਜ਼ਾ 31 ਮਈ 2024 ਨੂੰ ਸਮਾਪਤ ਹੋ ਗਿਆ ਸੀ ਅਤੇ ਉਸ ਤੋਂ ਬਾਅਦ ਉਹ ਅਮਰੀਕਾ ਵਿਚ ਕਾਨੂੰਨੀ ਮਿਆਦ ਤੋਂ ਵੱਧ ਸਮੇਂ ਤੱਕ ਰਹੇ। ਵਿਭਾਗ ਦਾ ਕਹਿਣਾ ਹੈ ਕਿ ਅਜਿਹੇ ਮਾਮਲਿਆਂ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਅਨੁਸਾਰ ਕਾਰਵਾਈ ਕਰਨਾ ਲਾਜ਼ਮੀ ਹੁੰਦਾ ਹੈ, ਭਾਵੇਂ ਸੰਬੰਧਿਤ ਵਿਅਕਤੀ ਕਿਸੇ ਯੂਨੀਵਰਸਿਟੀ ਜਾਂ ਹੋਰ ਸੰਸਥਾ ਵਿਚ ਕੰਮ ਕਰ ਰਿਹਾ ਹੋਵੇ।

ਇਸ ਘਟਨਾ ਤੋਂ ਬਾਅਦ ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਿਬਰੇਟ ਵਰਗੇ ਸਨਮਾਨਿਤ ਅਧਿਆਪਕ ਨੂੰ ਹਵਾਈ ਅੱਡੇ ਤੋਂ ਹਿਰਾਸਤ ਵਿਚ ਲੈਣਾ ਅਮਰੀਕਾ ਦੀ ਉੱਚ ਸਿੱਖਿਆ ਅਤੇ ਅੰਤਰਰਾਸ਼ਟਰੀ ਅਕਾਦਮਿਕ ਭਾਈਚਾਰੇ ਲਈ ਨਕਾਰਾਤਮਕ ਸੰਦੇਸ਼ ਹੋ ਸਕਦਾ ਹੈ। ਦੂਜੇ ਪਾਸੇ, ਇਮੀਗ੍ਰੇਸ਼ਨ ਕਾਨੂੰਨਾਂ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਵੀਜ਼ਾ ਦੀਆਂ ਸ਼ਰਤਾਂ ਹਰ ਵਿਅਕਤੀ ਲਈ ਇੱਕੋ ਜਿਹੀਆਂ ਹਨ ਅਤੇ ਉਨ੍ਹਾਂ ਦੀ ਪਾਲਣਾ ਲਾਜ਼ਮੀ ਹੈ।

ਇਹ ਮਾਮਲਾ ਇੱਕ ਵਾਰ ਫਿਰ ਇਸ ਗੱਲ ਦੀ ਚਰਚਾ ਦਾ ਕੇਂਦਰ ਬਣ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਸਿਰਫ਼ ਗੈਰ-ਕਾਨੂੰਨੀ ਪ੍ਰਵਾਸੀਆਂ ਤੱਕ ਹੀ ਸੀਮਿਤ ਨਹੀਂ ਰਹੀ, ਸਗੋਂ ਹੁਣ ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਅਤੇ ਹੋਰ ਪੇਸ਼ੇਵਰ ਖੇਤਰਾਂ ਵਿਚ ਕੰਮ ਕਰਨ ਵਾਲੇ ਵਿਦੇਸ਼ੀ ਨਾਗਰਿਕ ਵੀ ਇਸ ਦੇ ਘੇਰੇ ਵਿਚ ਆ ਰਹੇ ਹਨ। ਇਸ ਕੇਸ ਦਾ ਅੰਤਿਮ ਨਤੀਜਾ ਹੁਣ ਇਮੀਗ੍ਰੇਸ਼ਨ ਅਦਾਲਤ ਅਤੇ ਸੰਬੰਧਿਤ ਕਾਨੂੰਨੀ ਕਾਰਵਾਈ 'ਤੇ ਨਿਰਭਰ ਕਰੇਗਾ।

# ਅਮਰੀਕਾ 'ਚ ਇਮੀਗ੍ਰੇਸ਼ਨ ਸਬੰਧੀ ਪੇਪਰਵਰਕ ਹੋਵੇਗਾ ਖਤਮ !

**ਵਾਸ਼ਿੰਗਟਨ, (ਪੰਜਾਬ ਮੇਲ)-** ਸੰਯੁਕਤ ਰਾਜ ਅਮਰੀਕਾ ਜਲਦੀ ਹੀ ਗ੍ਰੀਨ ਕਾਰਡ, ਨਾਗਰਿਕਤਾ ਅਤੇ ਸ਼ਰਣ ਸਮੇਤ ਵੱਖ-ਵੱਖ ਇਮੀਗ੍ਰੇਸ਼ਨ ਲਾਭਾਂ ਲਈ ਔਨਲਾਈਨ ਅਰਜ਼ੀਆਂ ਨੂੰ ਲਾਜ਼ਮੀ ਕਰਨ ਜਾ ਰਿਹਾ ਹੈ, ਜਿਸਦਾ ਉਦੇਸ਼ ਕਾਰਜਾਂ ਨੂੰ ਵਧੇਰੇ ਕੁਸ਼ਲ ਬਣਾਉਣਾ ਅਤੇ ਕਾਰਜਸ਼ੀਲ ਲਾਗਤਾਂ ਨੂੰ ਘਟਾਉਣਾ ਹੈ। ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਇੱਕ ਨਵੇਂ ਨਿਯਮ ਵਿਚ, ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਕਿਹਾ ਕਿ ਕੋਈ ਵੀ ਫਾਰਮ ਜੋ ਘੱਟੋ-ਘੱਟ 180 ਦਿਨਾਂ ਲਈ ਇਲੈਕਟ੍ਰਾਨਿਕ ਫਾਈਲਿੰਗ ਲਈ ਉਪਲਬਧ ਹੈ, ਹੁਣ ਔਨਲਾਈਨ ਜਮ੍ਹਾਂ ਕਰਵਾਉਣ ਦੀ ਲੋੜ ਹੋਵੇਗੀ। ਇਸ ਦੇ ਤਹਿਤ ਅਜਿਹੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਜਾਵੇਗੀ, ਜਿਸ ਰਾਹੀਂ ਏਜੰਸੀ, ਘੱਟੋ-ਘੱਟ 60 ਦਿਨਾਂ ਦਾ ਨੋਟਿਸ ਦੇਣ ਤੋਂ ਬਾਅਦ, ਕਿਸੇ ਵੀ ਫਾਰਮ ਨੂੰ



ਔਨਲਾਈਨ ਜਮ੍ਹਾਂ ਕਰਵਾਉਣ ਨੂੰ ਲਾਜ਼ਮੀ ਬਣਾਉਣ ਦੇ ਯੋਗ ਹੋਵੇਗੀ।

ਇਹ ਨਿਯਮ ਕਈ ਤਰ੍ਹਾਂ ਦੇ ਇਮੀਗ੍ਰੇਸ਼ਨ ਲਾਭਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਸ ਵਿਚ ਗ੍ਰੀਨ ਕਾਰਡ ਅਰਜ਼ੀਆਂ ਅਤੇ ਨਵੀਨੀਕਰਨ, ਪਰਿਵਾਰ-ਆਧਾਰਿਤ ਪਟੀਸ਼ਨਾਂ, ਨਾਗਰਿਕਤਾ ਬੇਨਤੀਆਂ, ਸ਼ਰਣ ਦਾਅਵੇ, ਰੁਜ਼ਗਾਰ ਅਰਜ਼ੀਆਂ ਅਤੇ ਅਸਥਾਈ ਸੁਰੱਖਿਅਤ ਸਥਿਤੀ (ਟੀ.ਪੀ.ਐੱਸ.) ਲਈ ਅਰਜ਼ੀਆਂ ਸ਼ਾਮਲ ਹਨ। ਬਿਨੈਕਾਰ ਆਮ ਤੌਰ 'ਤੇ ਯੂ.ਐੱਸ.ਸੀ.ਆਈ.ਐੱਸ. ਔਨਲਾਈਨ ਖਾਤੇ ਰਾਹੀਂ ਅਰਜ਼ੀਆਂ ਜਮ੍ਹਾਂ ਕਰਾਉਣ ਦੇ ਯੋਗ ਹੋਣਗੇ। ਅਜਿਹਾ ਕਰਨ ਲਈ, ਉਹ ਜਾਂ ਤਾਂ ਫਾਰਮ ਨੂੰ ਔਨਲਾਈਨ ਭਰਣਗੇ ਜਾਂ ਭਰੇ ਹੋਏ ਫਾਰਮ ਅਤੇ ਸੰਬੰਧਿਤ ਦਸਤਾਵੇਜ਼ਾਂ ਦੀ ਇੱਕ ਪੀ.ਡੀ.ਐੱਫ. ਕਾਪੀ ਅਪਲੋਡ ਕਰਨਗੇ।

ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਕਿ ਇਸ ਨਿਯਮ ਦਾ ਉਦੇਸ਼ ਕਾਰਜਾਂ ਨੂੰ ਕਾਗਜ਼ ਰਹਿਤ ਬਣਾਉਣਾ ਅਤੇ ਖਜ਼ਾਨਾ ਵਿਭਾਗ ਦੀ "ਲਾਕਬਾਕਸ" ਸੇਵਾ 'ਤੇ ਨਿਰਭਰਤਾ ਘਟਾਉਣਾ ਹੈ। ਲਾਕਬਾਕਸ ਸੇਵਾ ਦੀ ਵਰਤੋਂ ਡਾਕ ਰਾਹੀਂ ਭੇਜੀਆਂ ਗਈਆਂ ਅਰਜ਼ੀਆਂ ਪ੍ਰਾਪਤ ਕਰਨ ਅਤੇ ਸ਼ੁਰੂ ਵਿਚ ਪ੍ਰਕਿਰਿਆ ਕਰਨ ਲਈ ਕੀਤੀ ਜਾਂਦੀ ਹੈ। ਏਜੰਸੀ ਅਨੁਸਾਰ ਇਲੈਕਟ੍ਰਾਨਿਕ ਫਾਈਲਿੰਗ ਕੁਸ਼ਲਤਾ ਵਧਾਏਗੀ ਅਤੇ ਗਲਤੀਆਂ ਨੂੰ ਘਟਾਏਗੀ। ਇਸ ਤੋਂ ਇਲਾਵਾ, ਇਮੀਗ੍ਰੇਸ਼ਨ ਡੇਟਾ ਦੀ ਆਸਾਨ ਪਹੁੰਚ ਅਤੇ ਵਿਸ਼ਲੇਸ਼ਣ ਧੋਖਾਧੜੀ ਦਾ ਪਤਾ ਲਗਾਉਣ ਅਤੇ ਸੁਰੱਖਿਆ ਜਾਂਚਾਂ ਨੂੰ ਮਜ਼ਬੂਤ ਕਰਨ ਵਿਚ ਮਦਦ ਕਰੇਗਾ। ਜਿਹੜੇ ਲੋਕ ਔਨਲਾਈਨ ਅਰਜ਼ੀਆਂ ਜਮ੍ਹਾਂ ਨਹੀਂ ਕਰਵਾ ਸਕਦੇ, ਉਹ ਇੱਕ ਨਵੇਂ ਫਾਰਮ ਰਾਹੀਂ ਛੋਟ ਦੀ ਬੇਨਤੀ ਕਰਨ ਦੇ ਯੋਗ ਹੋਣਗੇ। ਯੂ.ਐੱਸ.ਸੀ.ਆਈ.ਐੱਸ. ਕੇਸ-ਦਰ-ਕੇਸ ਆਧਾਰ 'ਤੇ ਅਜਿਹੀਆਂ ਬੇਨਤੀਆਂ ਦੀ ਸਮੀਖਿਆ ਕਰੇਗਾ ਅਤੇ ਜੇਕਰ ਉਚਿਤ ਸਮਝਿਆ ਜਾਵੇ ਤਾਂ ਛੋਟਾਂ ਦੇਵੇਗਾ। ਅਜਿਹੇ ਮਾਮਲਿਆਂ ਵਿਚ, ਬਿਨੈਕਾਰਾਂ ਨੂੰ ਅਰਜ਼ੀ ਫੀਸ ਤੋਂ ਇਲਾਵਾ 25 ਅਮਰੀਕੀ ਡਾਲਰ ਦੀ ਫੀਸ ਅਦਾ ਕਰਨੀ ਪਵੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਅਮਰੀਕੀ ਫੌਜੀਆਂ ਦੇ 50 ਤੋਂ ਵੱਧ ਮਾਪੇ ਅਤੇ ਜੀਵਨਸਾਥੀ ਇਮੀਗ੍ਰੇਸ਼ਨ ਹਿਰਾਸਤ 'ਚ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਲਾਗੂ ਕਰਨ ਦੀਆਂ ਕਾਰਵਾਈਆਂ ਹੋਰ ਸਖ਼ਤ ਹੁੰਦੀਆਂ ਜਾ ਰਹੀਆਂ ਹਨ। ਹੁਣ ਇੱਕ ਅਜਿਹੀ ਰਿਪੋਰਟ ਸਾਹਮਣੇ ਆਈ ਹੈ, ਜਿਸ ਨੇ ਫੌਜੀ ਪਰਿਵਾਰਾਂ ਵਿਚ ਵੀ ਚਿੰਤਾ ਪੈਦਾ ਕਰ ਦਿੱਤੀ ਹੈ। ਐਸੋਸੀਏਟਿਡ ਪ੍ਰੈੱਸ (ਏ.ਪੀ.) ਦੀ ਤਾਜ਼ਾ ਜਾਂਚ ਅਨੁਸਾਰ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਸਰਗਰਮ ਡਿਊਟੀ ਕਰ ਰਹੇ ਅਮਰੀਕੀ ਫੌਜੀਆਂ ਦੇ ਘੱਟੋ-ਘੱਟ 51 ਮਾਪਿਆਂ ਅਤੇ ਜੀਵਨਸਾਥੀਆਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਹੈ। ਇਨ੍ਹਾਂ ਵਿਚੋਂ ਘੱਟੋ-ਘੱਟ 6 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ, ਜਦਕਿ 8 ਹਾਲੇ ਵੀ ਫੈਡਰਲ ਇਮੀਗ੍ਰੇਸ਼ਨ ਹਿਰਾਸਤ ਵਿਚ ਹਨ।

ਇਹ ਮਾਮਲਾ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਕਈ ਦਹਾਕਿਆਂ ਤੋਂ ਅਮਰੀਕਾ ਵਿਚ ਇੱਕ ਗੈਰ-ਲਿਖਤੀ ਰਿਵਾਇਤ ਰਹੀ ਹੈ ਕਿ ਸਰਗਰਮ ਫੌਜੀਆਂ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਖ਼ਿਲਾਫ਼ ਇਮੀਗ੍ਰੇਸ਼ਨ ਕਾਰਵਾਈ ਬਹੁਤ ਹੀ ਘੱਟ ਕੀਤੀ ਜਾਂਦੀ ਸੀ। ਪਹਿਲਾਂ ਵੱਖ-ਵੱਖ ਪ੍ਰਸ਼ਾਸਨਾਂ ਦੌਰਾਨ ਇਹ ਕੋਸ਼ਿਸ਼ ਰਹਿੰਦੀ ਸੀ ਕਿ ਜੇਕਰ ਕੋਈ ਫੌਜੀ ਦੇਸ਼ ਦੀ ਸੇਵਾ ਕਰ ਰਿਹਾ ਹੈ, ਤਾਂ ਉਸ ਦੇ ਮਾਪਿਆਂ ਜਾਂ ਜੀਵਨਸਾਥੀ ਨੂੰ ਕਾਨੂੰਨੀ ਦਰਜਾ ਹਾਸਲ ਕਰਨ ਦਾ ਮੌਕਾ ਦਿੱਤਾ ਜਾਵੇ, ਨਾ ਕਿ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਜਾਵੇ। ਪਰ ਹੁਣ ਇਹ ਰਵੱਈਆ ਬਦਲਦਾ ਦਿਖਾਈ ਦੇ ਰਿਹਾ ਹੈ।

### ■ ਟਰੰਪ ਪ੍ਰਸ਼ਾਸਨ ਦੀ ਨਵੀਂ ਨੀਤੀ 'ਤੇ ਵੱਡਾ ਵਿਵਾਦ

ਰਿਪੋਰਟ ਮੁਤਾਬਕ ਕਈ ਪਰਿਵਾਰਕ ਮੈਂਬਰਾਂ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਯੂ.ਐੱਸ.ਸੀ.ਆਈ.ਐੱਸ. ਦੇ ਦਫ਼ਤਰ ਵਿਚ ਆਪਣੀ ਇਮੀਗ੍ਰੇਸ਼ਨ ਸਥਿਤੀ ਕਾਨੂੰਨੀ ਬਣਾਉਣ ਲਈ ਨਿਯਮਤ ਮੁਲਾਕਾਤ 'ਤੇ ਪਹੁੰਚੇ ਹੋਏ ਸਨ। ਕੁਝ ਲੋਕ ਉਨ੍ਹਾਂ ਪ੍ਰੋਗਰਾਮਾਂ ਤਹਿਤ ਅਰਜ਼ੀਆਂ ਦੇ ਰਹੇ ਸਨ, ਜੋ ਫੌਜੀ ਪਰਿਵਾਰਾਂ ਲਈ ਸਾਲਾਂ ਤੋਂ ਉਪਲਬਧ ਹਨ, ਪਰ ਉਨ੍ਹਾਂ ਨੂੰ ਉੱਥੇ ਹੀ ਆਈਸ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ। ਇਸ ਕਾਰਨ ਇਮੀਗ੍ਰੇਸ਼ਨ ਵਕੀਲਾਂ ਅਤੇ ਫੌਜੀ ਪਰਿਵਾਰਾਂ ਵਿਚ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ ਹੈ।

ਐਸੋਸੀਏਟਿਡ ਪ੍ਰੈੱਸ ਨੇ ਇਹ ਵੀ ਕਿਹਾ ਹੈ ਕਿ 51 ਦਾ ਅੰਕੜਾ ਅਸਲ ਗਿਣਤੀ ਤੋਂ ਘੱਟ ਹੋ ਸਕਦਾ ਹੈ, ਕਿਉਂਕਿ ਅਮਰੀਕੀ ਸਰਕਾਰ ਅਜਿਹੇ ਮਾਮਲਿਆਂ ਦਾ ਕੋਈ ਵੱਖਰਾ ਸਰਕਾਰੀ ਰਿਕਾਰਡ ਨਹੀਂ ਰੱਖਦੀ। ਇਹ ਗਿਣਤੀ ਅਦਾਲਤੀ ਦਸਤਾਵੇਜ਼ਾਂ, ਇਮੀਗ੍ਰੇਸ਼ਨ ਵਕੀਲਾਂ ਅਤੇ ਪ੍ਰਭਾਵਿਤ ਪਰਿਵਾਰਾਂ ਨਾਲ ਕੀਤੀਆਂ ਗੱਲਬਾਤਾਂ ਦੇ ਆਧਾਰ 'ਤੇ ਇਕੱਠੀ ਕੀਤੀ ਗਈ ਹੈ।

ਇਸ ਘਟਨਾ ਤੋਂ ਬਾਅਦ ਕਈ ਸਾਬਕਾ ਇਮੀਗ੍ਰੇਸ਼ਨ ਅਧਿਕਾਰੀਆਂ ਅਤੇ ਫੌਜੀ ਕਾਨੂੰਨੀ ਮਾਹਿਰਾਂ ਨੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਕੋਈ ਸੈਨਿਕ ਆਪਣੇ ਦੇਸ਼ ਦੀ ਰੱਖਿਆ ਕਰ ਰਿਹਾ ਹੋਵੇ ਅਤੇ ਉਸੇ ਸਮੇਂ ਉਸ ਦੇ ਮਾਪੇ ਜਾਂ ਜੀਵਨਸਾਥੀ ਹਿਰਾਸਤ ਵਿਚ ਹੋਣ ਜਾਂ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਹੋਣ, ਤਾਂ ਉਸ ਦਾ ਸਿੱਧਾ ਅਸਰ ਫੌਜੀ ਦੀ ਮਾਨਸਿਕ ਸਥਿਤੀ, ਪਰਿਵਾਰਕ ਜੀਵਨ ਅਤੇ ਡਿਊਟੀ ਨਿਭਾਉਣ ਦੀ ਸਮਰੱਥਾ 'ਤੇ ਪੈਂਦਾ ਹੈ। ਕਈ ਮਾਮਲਿਆਂ ਵਿਚ ਸੈਨਿਕਾਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਲਈ ਛੁੱਟੀਆਂ ਲੈਣੀਆਂ ਪਈਆਂ ਅਤੇ ਕੁਝ ਦੀਆਂ ਤਾਇਨਾਤੀਆਂ ਵੀ ਪ੍ਰਭਾਵਿਤ ਹੋਈਆਂ।

ਦੂਜੇ ਪਾਸੇ, ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨੇ ਆਪਣੇ ਫੈਸਲੇ ਦਾ ਬਚਾਅ ਕੀਤਾ ਹੈ। ਵਿਭਾਗ ਦਾ ਕਹਿਣਾ ਹੈ ਕਿ ਅਮਰੀਕੀ ਫੌਜ ਵਿਚ ਕਿਸੇ ਪਰਿਵਾਰਕ ਮੈਂਬਰ ਦੀ ਸੇਵਾ ਆਪਣੇ ਆਪ ਕਿਸੇ ਵਿਅਕਤੀ ਨੂੰ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਨਹੀਂ ਦਿੰਦੀ ਅਤੇ ਨਾ ਹੀ ਇਮੀਗ੍ਰੇਸ਼ਨ ਕਾਨੂੰਨਾਂ ਤੋਂ ਛੋਟ ਦਿੰਦੀ ਹੈ। ਵਿਭਾਗ ਦੇ ਅਨੁਸਾਰ, ਜੇਕਰ ਕੋਈ ਵਿਅਕਤੀ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸ ਦੇ ਕੇਸ ਵਿਚ ਵੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਹਾਲਾਂਕਿ ਕਈ ਰਿਪਬਲਿਕਨ ਅਤੇ ਡੈਮੋਕ੍ਰੈਟਿਕ ਸੰਸਦ ਮੈਂਬਰਾਂ ਨੇ ਵੀ ਇਸ ਮਾਮਲੇ 'ਤੇ ਚਿੰਤਾ ਜਤਾਈ ਹੈ ਅਤੇ ਕੁਝ ਨੇ ਅਜਿਹੇ ਪਰਿਵਾਰਕ ਮੈਂਬਰਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੋ ਲੋਕ ਅਮਰੀਕਾ ਦੀ ਰੱਖਿਆ ਲਈ ਆਪਣੀ ਜਾਨ ਜੋਖਮ ਵਿਚ ਪਾਉਂਦੇ ਹਨ, ਉਨ੍ਹਾਂ ਦੇ ਪਰਿਵਾਰਾਂ ਨਾਲ ਇਸ ਤਰ੍ਹਾਂ ਦਾ ਸਲੂਕ ਫੌਜ ਦੇ ਮਨੋਬਲ ਅਤੇ ਭਰਤੀ ਦੋਵਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਹ ਮਾਮਲਾ ਹੁਣ ਸਿਰਫ਼ ਇਮੀਗ੍ਰੇਸ਼ਨ ਨੀਤੀ ਤੱਕ ਸੀਮਿਤ ਨਹੀਂ ਰਿਹਾ, ਸਗੋਂ ਰਾਸ਼ਟਰੀ ਸੁਰੱਖਿਆ, ਫੌਜੀ ਪਰਿਵਾਰਾਂ ਦੇ ਅਧਿਕਾਰਾਂ ਅਤੇ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਬਾਰੇ ਦੇਸ਼-ਪੱਧਰੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਆਉਣ ਵਾਲੇ ਹਫ਼ਤਿਆਂ ਵਿਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਕੀ ਕਾਂਗਰਸ ਜਾਂ ਅਦਾਲਤਾਂ ਇਸ ਮਾਮਲੇ ਵਿਚ ਕੋਈ ਦਖ਼ਲ ਦਿੰਦੀਆਂ ਹਨ ਜਾਂ ਨਹੀਂ।

# ਟਰੰਪ ਪ੍ਰਸ਼ਾਸਨ ਵੱਲੋਂ 1.75 ਲੱਖ ਤੋਂ ਵੱਧ ਵੀਜ਼ੇ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਉਸ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਅਧੀਨ ਵਿਦੇਸ਼ੀ ਨਾਗਰਿਕਾਂ ਦੇ 1,75,000 ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਹਨ। ਇਹ ਵਿਭਾਗ ਇਮੀਗ੍ਰੇਸ਼ਨ ਵਿਰੁੱਧ ਸਖ਼ਤ ਕਾਰਵਾਈ ਨੂੰ ਜਾਰੀ ਰੱਖ ਰਿਹਾ ਹੈ, ਜਿਸ ਤਹਿਤ ਹਜ਼ਾਰਾਂ ਹੋਰ ਲੋਕਾਂ ਤੋਂ ਯਾਤਰਾ ਅਤੇ ਇਮੀਗ੍ਰੇਸ਼ਨ ਦੇ ਅਧਿਕਾਰ ਖੋਹ ਲਏ ਗਏ ਹਨ। ਵਿਭਾਗ ਨੇ ਇੱਕ ਬਿਆਨ ਵਿਚ ਕਿਹਾ ਕਿ ਇਹ ਵੀਜ਼ੇ ਰੱਦ ਕਰਨ ਦੀ ਕਾਰਵਾਈ ਉਨ੍ਹਾਂ ਵਿਦੇਸ਼ੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ, ਜਿਨ੍ਹਾਂ ਨੇ ਆਪਣੇ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ, ਅਪਰਾਧ ਕੀਤੇ, ਅਮਰੀਕੀ ਨਾਗਰਿਕਾਂ ਵਿਰੁੱਧ ਹਿੰਸਾ ਲਈ ਉਕਸਾਇਆ, ਅਮਰੀਕੀਆਂ ਨਾਲ ਧੋਖਾਧੜੀ ਕੀਤੀ, ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾਂ ਕੌਮੀ ਸੁਰੱਖਿਆ ਨੂੰ ਖਤਰਾ ਪੈਦਾ ਕੀਤਾ।

ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਇਹ ਵੀਜ਼ੇ ਲਗਾਤਾਰ ਚੈਕਿੰਗ ਮੁਹਿੰਮਾਂ ਤਹਿਤ ਰੱਦ ਕੀਤੇ ਗਏ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੀਜ਼ਾ ਪ੍ਰਾਪਤ ਕਰਨ ਵਾਲੇ ਆਪਣੇ ਨਿਯਮਾਂ ਦੀ ਪਾਲਣਾ ਕਰਨ ਅਤੇ ਅਮਰੀਕੀ ਨਾਗਰਿਕਾਂ ਲਈ ਖ਼ਤਰਾ ਨਾ ਬਣਨ। ਵਿਦੇਸ਼ ਵਿਭਾਗ ਨੇ ਕਿਹਾ, "ਰਾਸ਼ਟਰਪਤੀ ਟਰੰਪ ਦੇ ਕਾਰਜਕਾਲ ਦੌਰਾਨ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਅਜਿਹੇ ਵਿਦੇਸ਼ੀ ਨਾਗਰਿਕਾਂ ਦੇ 1,75,000 ਤੋਂ ਵੱਧ ਵੀਜ਼ੇ ਰੱਦ ਕੀਤੇ ਹਨ, ਜਿਨ੍ਹਾਂ ਨੇ ਆਪਣੇ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ, ਅਪਰਾਧ ਕੀਤੇ, ਅਮਰੀਕੀ ਨਾਗਰਿਕਾਂ ਵਿਰੁੱਧ ਹਿੰਸਾ ਦਾ ਸੱਦਾ ਦਿੱਤਾ, ਅਮਰੀਕੀਆਂ ਨਾਲ ਧੋਖਾਧੜੀ ਕੀਤੀ, ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾਂ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿਚ ਪਾਇਆ"।

### ■ ਟਰੰਪ ਕਾਰਜ਼ਕਾਲ ਦੌਰਾਨ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕੀਤੀ ਗਈ ਸਖ਼ਤ ਕਾਰਵਾਈ




ਹਾਲਾਂਕਿ, ਦੇਸ਼-ਵਾਰ ਵੀਜ਼ਾ ਰੱਦ ਹੋਣ ਦਾ ਵੇਰਵਾ ਤੁਰੰਤ ਉਪਲਬਧ ਨਹੀਂ ਕਰਵਾਇਆ ਗਿਆ।

ਵਿਦੇਸ਼ ਵਿਭਾਗ ਨੇ ਕਿਹਾ ਕਿ ਅਮਰੀਕੀ ਵੀਜ਼ਾ ਕੋਈ ਅਧਿਕਾਰ ਨਹੀਂ, ਸਗੋਂ ਇੱਕ ਵਿਸ਼ੇਸ਼ ਅਧਿਕਾਰ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਵੀਜ਼ੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸਾਹਮਣੇ ਆਏ ਅਪਰਾਧਿਕ ਮਾਮਲਿਆਂ ਕਾਰਨ ਰੱਦ ਕੀਤੇ ਗਏ ਹਨ, ਜਿਨ੍ਹਾਂ ਵਿਚ ਮਾਰਕੁੱਟ, ਨਸ਼ੇ ਦੀ ਹਾਲਤ 'ਚ ਗੱਡੀ ਚਲਾਉਣਾ, ਚੋਰੀ ਅਤੇ ਨਸ਼ੀਲੇ ਪਦਾਰਥਾਂ ਨਾਲ ਜੁੜੇ ਅਪਰਾਧ ਮੁੱਖ ਹਨ।



# ਐਟਲਾਂਟਾ ਵਿਖੇ ਸਿਆਨਾ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ 2026 ਸੰਪੰਨ

**ਐਟਲਾਂਟਾ (ਜਾਰਜੀਆ), (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)**- ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵੱਲੋਂ ਕਰਵਾਇਆ ਜਾਂਦਾ ਚਾਰ ਰੋਜ਼ਾ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ 2026 ਐਟਲਾਂਟਾ ਦੇ ਸਟੋਨ ਮਾਊਂਟੇਨ ਸਥਿਤ ਸਿੱਖ ਸਟੱਡੀ ਸਰਕਲ ਗੁਰਦੁਆਰਾ ਸਾਹਿਬ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ। 13 ਸਾਲਾਂ ਬਾਅਦ ਐਟਲਾਂਟਾ ਵਿਚ ਹੋਏ ਇਸ ਸਮਾਗਮ ਵਿਚ ਅਮਰੀਕਾ ਅਤੇ ਕੈਨੇਡਾ ਦੇ 14 ਰੀਜਨਾਂ ਤੋਂ 6 ਤੋਂ 22 ਸਾਲ ਤੱਕ ਦੇ 73 ਬੱਚਿਆਂ ਅਤੇ ਨੌਜਵਾਨਾਂ ਨੇ ਭਾਗ ਲਿਆ। ਪਰਿਵਾਰਕ ਮੈਂਬਰਾਂ ਅਤੇ ਪ੍ਰਬੰਧਕਾਂ ਸਮੇਤ 300 ਤੋਂ ਵੱਧ ਸੰਗਤਾਂ ਨੇ ਸ਼ਿਰਕਤ ਕੀਤੀ।





ਸਿਮਪੋਜ਼ੀਅਮ ਦੇ ਅੰਤਰਰਾਸ਼ਟਰੀ ਫਾਈਨਲ ਵਿਚ ਭਾਗ ਲੈਣ ਵਾਲਿਆਂ ਨੇ ਉਮਰ ਅਨੁਸਾਰ ਵੱਖ-ਵੱਖ ਵਿਸ਼ਿਆਂ 'ਤੇ 5 ਤੋਂ 7 ਮਿੰਟ ਦੇ ਭਾਸ਼ਣ ਪੇਸ਼ ਕੀਤੇ। 16 ਤੋਂ 22 ਸਾਲ ਦੇ ਨੌਜਵਾਨਾਂ ਲਈ "ਗੁਰੂਜ਼ ਵੀਊ ਆਫ ਏ ਜਸਟ ਵਰਲਡ - ਬੇਗਮਪੁਰਾ ਸਹਰ ਕੋ ਨਾਉ" ਵਿਸ਼ੇ ਤਹਿਤ ਬਰਾਬਰੀ, ਮਨੁੱਖੀ ਮਰਿਆਦਾ ਅਤੇ ਸਮਾਜਿਕ ਨਿਆਂ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਸਮਾਗਮ ਦੌਰਾਨ ਮਈ 2026 ਵਿਚ ਅਕਾਲ ਚਲਾਣਾ ਕਰ ਗਏ ਸਿਆਨਾ ਦੇ ਰਾਸ਼ਟਰੀ ਕਨਵੀਨਰ ਸ. ਕੁਲਦੀਪ ਸਿੰਘ ਨੂੰ ਭਾਵਪੂਰਤ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਸਿੱਖ ਨੌਜਵਾਨਾਂ ਨੂੰ ਵਿਰਸੇ ਨਾਲ ਜੋੜਨ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਗਿਆ।

ਨਤੀਜਿਆਂ ਅਨੁਸਾਰ ਜਲਨਿਧ ਕੌਰ, ਸਰਬੱਤ ਸਿੰਘ, ਕੇਸਰ ਸਿੰਘ, ਸੁਹਾਵੀ ਕੌਰ ਅਤੇ ਸਹਿਜਵੀਰ ਸਿੰਘ ਨੇ ਆਪਣੇ-ਆਪਣੇ ਗਰੁੱਪਾਂ ਵਿਚ ਪਹਿਲੇ ਸਥਾਨ ਹਾਸਲ ਕੀਤੇ। ਸਾਰੇ ਫਾਈਨਲਿਸਟਾਂ ਨੂੰ "ਡਿਸਟਿੰਗੁਇਸ਼ਡ ਸਪੀਕਰ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ।

ਪ੍ਰਬੰਧਕਾਂ ਨੇ ਐਲਾਨ ਕੀਤਾ ਕਿ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ 2027 ਅਗਸਤ ਦੇ ਪਹਿਲੇ ਵੀਕਐਂਡ ਦੌਰਾਨ ਨਿਊ ਜਰਸੀ ਵਿਖੇ ਕਰਵਾਇਆ ਜਾਵੇਗਾ। ਪ੍ਰਬੰਧਕਾਂ ਮਨਪ੍ਰੀਤ ਸਿੰਘ ਜੀ ਅਤੇ ਪਰਮਿੰਦਰ ਸਿੰਘ ਜੀ ਨੇ ਇਸ ਚਾਰ ਰੋਜ਼ਾ ਸਾਲਾਨਾ ਸਮਾਗਮ ਨੂੰ ਸਫਲ ਬਣਾਉਣ ਲਈ ਆਈਆਂ ਸਭ ਸੰਗਤਾਂ, ਸੇਵਾਦਾਰਾਂ, ਬੱਚਿਆਂ, ਮਾਪਿਆਂ ਅਤੇ ਸਿੱਖ ਸਟੱਡੀ ਸਰਕਲ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

# ਅਮਰੀਕਾ 'ਚ ਪਿਛਲੇ ਮਹੀਨੇ ਹਜ਼ਾਰਾਂ ਨੌਕਰੀਆਂ ਹੋਈਆਂ ਖਤਮ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਪਿਛਲੇ ਮਹੀਨੇ ਅਮਰੀਕਾ ਦੀ ਅਰਥ ਵਿਵਸਥਾ ਵਿਚ ਮੰਦਾ ਛਾਇਆ ਰਿਹਾ, ਜਿਸ ਕਾਰਨ ਹਜ਼ਾਰਾਂ ਲੋਕਾਂ ਨੂੰ ਨੌਕਰੀ ਤੋਂ ਹੱਥ ਧੋਣੇ ਪਏ। ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਅਨੁਸਾਰ, ਜੁਲਾਈ ਵਿਚ ਅਮਰੀਕੀ ਕਿਰਤ ਬਾਜ਼ਾਰ ਵਿਚ ਉਥਲ ਪੁੱਥਲ ਰਹੀ ਤੇ 23,000 ਨੌਕਰੀਆਂ ਖਤਮ ਹੋ ਗਈਆਂ, ਹਾਲਾਂਕਿ ਬੇਰੁਜ਼ਗਾਰੀ ਦਰ 4.2% ਤੋਂ ਘੱਟ ਕੇ 4.1% ਹੋ ਗਈ। ਇਸ ਦਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਲੋਕਾਂ ਨੇ ਖੁਦ ਹੀ ਕਿਰਤ ਬਾਜ਼ਾਰ ਵਿਚੋਂ ਲਾਂਭੇ ਹੋਣ ਵਿਚ ਆਪਣੀ ਭਲਾਈ ਸਮਝੀ ਹੈ। ਮਈ ਵਿਚ ਨੌਕਰੀਆਂ ਦੇ ਨਵੇਂ ਮੌਕੇ 129,000 ਤੋਂ ਘੱਟ ਕੇ 66,000 ਰਹਿ ਗਏ। ਕਾਮਿਆਂ ਦੀ ਤਨਖਾਹ ਵਿਚ ਵਾਧਾ ਪੰਜ ਸਾਲਾਂ ਦੇ ਹੇਠਲੇ ਪੱਧਰ 'ਤੇ ਆ ਗਿਆ। ਰਿਪੋਰਟ ਅਨੁਸਾਰ ਅਰਥਸ਼ਾਸਤਰੀਆਂ ਨੂੰ ਉਮੀਦ ਸੀ ਕਿ ਜੁਲਾਈ ਵਿਚ 95,000 ਨੌਕਰੀਆਂ ਦਾ ਵਾਧਾ ਹੋਵੇਗਾ ਪਰੰਤੂ ਵਾਧੇ ਦੀ ਬਜਾਏ ਅਰਥਵਿਵਸਥਾ 'ਚ ਨਿਘਾਰ ਆਇਆ ਹੈ। ਨੇਵੀ ਫੈਡਰਲ ਕ੍ਰੈਡਿਟ ਯੂਨੀਅਨ ਦੇ ਮੁੱਖ ਅਰਥ ਸ਼ਾਸਤਰੀ



ਹੀਥਰ ਲੌਂਗ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਇੱਕ ਨਿਰਾਸ਼ਾਜਨਕ ਰਿਪੋਰਟ ਹੈ ਅਤੇ ਇਹ ਸੰਕੇਤ ਮਿਲਿਆ ਹੈ ਕਿ ਕਿਰਤ ਬਾਜ਼ਾਰ ਵਿਚ ਦੁਬਾਰਾ ਖੜੋਤ ਆ ਰਹੀ ਹੈ। ਰਿਪੋਰਟ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਮਾਲਕ ਏ.ਆਈ. ਨੂੰ ਤੇਜ਼ੀ ਨਾਲ ਅਪਣਾਉਣ, ਉੱਚ ਤੇਲ ਦੀਆਂ ਕੀਮਤਾਂ, ਨੀਤੀ ਅਨਿਸ਼ਚਿਤਤਾ ਅਤੇ ਈਰਾਨ ਨਾਲ ਜੰਗ ਦੇ ਮੱਦੇਨਜ਼ਰ ਨਵੀਂ ਭਰਤੀ ਕਰਨ ਬਾਰੇ ਵਧੇਰੇ ਸਾਵਧਾਨੀ ਵਰਤ ਰਹੇ ਹਨ।

ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



# ਕੈਨੇਡਾ ਦੀ ਪੀ.ਆਰ. ਲਈ ਪੰਜਾਬੀ ਨੌਜਵਾਨਾਂ ਲਈ ਇਮੀਗ੍ਰੇਸ਼ਨ ਦਾ ਰਸਤਾ ਹੋਇਆ ਔਖਾ!

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ ਸਥਾਈ ਨਿਵਾਸ ਦਾ ਸੁਪਨਾ ਦੇਖ ਰਹੇ ਪੰਜਾਬ ਦੇ ਨੌਜਵਾਨਾਂ ਲਈ ਇਮੀਗ੍ਰੇਸ਼ਨ ਦਾ ਰਸਤਾ ਹੁਣ ਆਸਾਨ ਨਹੀਂ ਰਿਹਾ। 5 ਅਗਸਤ, 2026 ਨੂੰ ਆਯੋਜਿਤ ਕੈਨੇਡੀਅਨ ਐਕਸਪੀਰੀਅੰਸ ਕਲਾਸ (ਸੀ.ਈ.ਸੀ.) ਡਰਾਅ ਵਿਚ 3,000 ਉਮੀਦਵਾਰਾਂ ਨੂੰ ਸਥਾਈ ਨਿਵਾਸ ਲਈ ਸੱਦਾ ਪੱਤਰ ਪ੍ਰਾਪਤ ਹੋਏ, ਜਿਨ੍ਹਾਂ ਦਾ ਘੱਟੋ-ਘੱਟ ਸੀ.ਆਰ.ਐੱਸ ਸਕੋਰ 516 ਸੀ। ਇਹ 21 ਜੁਲਾਈ ਦੇ ਡਰਾਅ ਦੇ ਸਮਾਨ ਹੈ ਅਤੇ ਕੈਨੇਡਾ ਵਿਚ ਕੰਮ ਕਰਨ ਵਾਲੇ ਹੁਨਰਮੰਦ ਪ੍ਰਵਾਸੀਆਂ ਵਿਚ ਤਿੱਖੇ ਮੁਕਾਬਲੇ ਨੂੰ ਦਰਸਾਉਂਦਾ ਹੈ।

ਫ੍ਰੈਂਚ ਭਾਸ਼ਾ 'ਤੇ ਮਜ਼ਬੂਤ ਪਕੜ ਵਾਲੇ ਉਮੀਦਵਾਰਾਂ ਲਈ ਸਥਿਤੀ ਬਿਲਕੁਲ ਵੱਖਰੀ ਹੈ। ਫ੍ਰੈਂਚ ਭਾਸ਼ਾ ਸ਼੍ਰੇਣੀ ਲਈ ਜੁਲਾਈ ਦੇ ਡਰਾਅ ਵਿਚ ਸੀ.ਆਰ.ਐੱਸ. ਕੱਟਆਫ 399 ਤੱਕ ਪਹੁੰਚ ਗਿਆ। ਇਹ ਭਾਸ਼ਾ-ਆਧਾਰਿਤ ਸ਼੍ਰੇਣੀ ਉਨ੍ਹਾਂ ਲੋਕਾਂ ਲਈ ਇੱਕ ਮਹੱਤਵਪੂਰਨ ਮੌਕਾ ਪ੍ਰਦਾਨ ਕਰਦੀ ਹੈ, ਜੋ ਮਿਆਰੀ ਐਕਸਪ੍ਰੈੱਸ ਐਂਟਰੀ ਸਕੋਰ 'ਤੇ ਨਿਰਭਰ ਨਹੀਂ ਕਰਦੇ। ਪੰਜਾਬ ਲੰਬੇ ਸਮੇਂ ਤੋਂ ਕੈਨੇਡਾ ਵਿਚ ਪ੍ਰਵਾਸ ਕਰਨ ਵਾਲੇ ਭਾਰਤੀ ਨੌਜਵਾਨਾਂ ਲਈ ਇੱਕ ਪ੍ਰਮੁੱਖ ਕੇਂਦਰ ਰਿਹਾ ਹੈ। ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੀ ਮਜ਼ਬੂਤ ਮੌਜੂਦਗੀ ਵੀ ਇਸ ਰਿਸ਼ਤੇ ਨੂੰ ਮਹੱਤਵਪੂਰਨ ਬਣਾਉਂਦੀ ਹੈ। 2021 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਬ੍ਰਿਟਿਸ਼




ਕੋਲੰਬੀਆ 'ਚ 138,585 ਲੋਕਾਂ ਅਤੇ ਓਨਟਾਰੀਓ ਵਿਚ 158,200 ਲੋਕਾਂ ਨੇ ਪੰਜਾਬੀ ਨੂੰ ਘਰ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਦੱਸਿਆ।


ਇਕ ਇਮੀਗ੍ਰੇਸ਼ਨ ਮਾਹਿਰ ਅਨੁਸਾਰ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਇੱਕ ਵਿਆਪਕ ਸਥਾਈ ਨਿਵਾਸ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਪੜ੍ਹਾਈ ਕਰਨਾ ਜਾਂ ਨੌਕਰੀ ਲੱਭਣਾ ਹੁਣ ਅੰਤਮ ਟੀਚਾ ਨਹੀਂ ਹੈ। ਉਮੀਦਵਾਰਾਂ ਨੂੰ ਆਪਣੇ ਸੀ.ਆਰ.ਐੱਸ. ਪ੍ਰੋਫਾਈਲ, ਭਾਸ਼ਾ ਸਕੋਰ, ਕੈਨੇਡੀਅਨ ਕੰਮ ਦੇ ਤਜ਼ਰਬੇ ਅਤੇ ਸੰਭਾਵੀ ਪੀ.ਐੱਨ.ਪੀ. ਵਿਕਲਪਾਂ ਦੀ ਯੋਜਨਾ ਬਣਾਉਣੀ ਚਾਹੀਦੀ ਹੈ। 516 ਵਰਗੇ ਸਕੋਰ ਦਰਸਾਉਂਦੇ ਹਨ ਕਿ ਜਨਰਲ ਸ਼੍ਰੇਣੀ ਵਿਚ ਮੁਕਾਬਲਾ ਕਾਫ਼ੀ ਵਧਿਆ ਹੈ। ਇਮੀਗ੍ਰੇਸ਼ਨ ਮਾਹਿਰ ਨੇ ਕਿਹਾ ਕਿ ਫ੍ਰੈਂਚ ਭਾਸ਼ਾ ਅਤੇ ਸੂਬਾਈ ਨਾਮਜ਼ਦਗੀਆਂ ਵਰਗੇ ਵਿਕਲਪਿਕ ਰਸਤੇ ਭਵਿੱਖ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਪੰਜਾਬ ਦੇ ਨੌਜਵਾਨ ਹੁਣ ਸਿਰਫ਼ ਆਈਲੈਟਸ ਜਾਂ ਡਿਗਰੀਆਂ 'ਤੇ ਨਿਰਭਰ ਨਹੀਂ ਕਰ ਰਹੇ ਹਨ। ਉਨ੍ਹਾਂ ਦਾ ਧਿਆਨ ਸੂਬਾਈ ਨਾਮਜ਼ਦਗੀਆਂ, ਫ੍ਰੈਂਚ ਭਾਸ਼ਾ, ਕੈਨੇਡੀਅਨ ਕੰਮ ਦਾ ਤਜ਼ਰਬਾ ਅਤੇ ਸਹੀ ਪੇਸ਼ੇਵਰ ਸ਼੍ਰੇਣੀ 'ਤੇ ਵੱਧ ਰਿਹਾ ਹੈ। ਕੈਨੇਡਾ ਵਿਚ ਪੜ੍ਹਾਈ ਕਰਨ ਤੋਂ ਬਾਅਦ ਵਰਕ ਪਰਮਿਟ ਅਤੇ ਸਥਾਈ ਨਿਵਾਸ ਪ੍ਰਾਪਤ ਕਰਨ ਦੀ ਉਮੀਦ ਰੱਖਣ ਵਾਲੇ ਵਿਦਿਆਰਥੀ ਹੁਣ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਵਧਦੀ ਸੀ.ਆਰ.ਐੱਸ. ਕਟੌਤੀ, ਮਹਿੰਗੀ ਸਿੱਖਿਆ ਅਤੇ ਵਧਦੀ ਰਿਹਾਇਸ਼ੀ ਲਾਗਤ ਚਿੰਤਾਵਾਂ ਹਨ।

516 ਦਾ ਸੀ.ਆਰ.ਐੱਸ. ਕੱਟਆਫ ਪੰਜਾਬ ਦੇ ਵਿਦਿਆਰਥੀਆਂ ਅਤੇ ਵਰਕ ਪਰਮਿਟਾਂ 'ਤੇ ਕੰਮ ਕਰਨ ਵਾਲੇ ਨੌਜਵਾਨਾਂ ਲਈ ਬਹੁਤ ਮਹੱਤਵਪੂਰਨ ਹੈ। ਐਕਸਪ੍ਰੈੱਸ ਐਂਟਰੀ ਉਮੀਦਵਾਰਾਂ ਨੂੰ ਉਮਰ, ਸਿੱਖਿਆ, ਭਾਸ਼ਾ ਯੋਗਤਾ ਅਤੇ ਕੈਨੇਡੀਅਨ ਕੰਮ ਦੇ ਤਜ਼ਰਬੇ ਦੇ ਆਧਾਰ 'ਤੇ ਸੀ.ਆਰ.ਐੱਸ. ਅੰਕ ਦਿੱਤੇ ਜਾਂਦੇ ਹਨ। ਸਿਰਫ਼ ਇੱਕ ਡਿਗਰੀ ਅਤੇ ਕੈਨੇਡੀਅਨ ਤਜ਼ਰਬੇ ਨਾਲ ਇੰਨਾ ਉੱਚ ਸਕੋਰ ਪ੍ਰਾਪਤ ਕਰਨਾ ਆਸਾਨ ਨਹੀਂ ਹੈ। ਇਮੀਗ੍ਰੇਸ਼ਨ ਮਾਹਿਰਾਂ ਦੇ ਅਨੁਸਾਰ ਮਾਸਟਰ ਡਿਗਰੀ, ਤਿੰਨ ਸਾਲਾਂ ਦਾ ਕੈਨੇਡੀਅਨ ਤਜ਼ਰਬਾ ਅਤੇ ਇੱਕ ਮਜ਼ਬੂਤ ਭਾਸ਼ਾ ਸਕੋਰ ਵਾਲਾ 30 ਸਾਲ ਦਾ ਉਮੀਦਵਾਰ 506 ਤੋਂ 516 ਦੀ ਰੇਂਜ ਤੱਕ ਪਹੁੰਚ ਸਕਦਾ ਹੈ। ਪ੍ਰੋਵਿੰਸ਼ੀਅਲ ਨਾਮਜ਼ਦਗੀ ਪ੍ਰੋਗਰਾਮ (ਪੀ.ਐੱਨ.ਪੀ.) ਅਤੇ ਫ੍ਰੈਂਚ ਭਾਸ਼ਾ ਹੁਣ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਵਿਚ ਮਹੱਤਵਪੂਰਨ ਵਿਕਲਪਕ ਰਸਤੇ ਹਨ।

## ਅਮਰੀਕੀ ਅਦਾਲਤ ਵੱਲੋਂ ਗੌਤਮ ਅਡਾਨੀ ਨੂੰ 'ਕਲੀਨ ਚਿੱਟ'

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ ਉਦਯੋਗਪਤੀ ਗੌਤਮ ਅਡਾਨੀ ਨੂੰ ਅਮਰੀਕੀ ਅਦਾਲਤ ਤੋਂ ਇੱਕ ਵੱਡੀ ਰਾਹਤ ਮਿਲੀ ਹੈ। ਬਰੁਕਲਿਨ ਦੀ ਇੱਕ ਅਦਾਲਤ ਨੇ ਅਡਾਨੀ ਖ਼ਿਲਾਫ਼ ਦਰਜ ਧੋਖਾਧੜੀ ਅਤੇ ਰਿਸ਼ਵਤਖੋਰੀ ਦੇ ਸਾਰੇ ਅਪਰਾਧਿਕ ਮਾਮਲੇ ਖਾਰਜ ਕਰ ਦਿੱਤੇ ਹਨ। ਇਹ ਫੈਸਲਾ ਅਮਰੀਕੀ ਨਿਆਂ ਵਿਭਾਗ ਵੱਲੋਂ ਇਨ੍ਹਾਂ ਦੋਸ਼ਾਂ ਨੂੰ ਵਾਪਸ ਲੈਣ ਅਤੇ ਕੇਸ ਨੂੰ ਅੱਗੇ ਨਾ ਵਧਾਉਣ ਦੇ ਫੈਸਲੇ ਤੋਂ ਬਾਅਦ ਆਇਆ ਹੈ।



ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਗੌਤਮ ਅਡਾਨੀ ਨੇ ਨਿਆਂ ਪ੍ਰਣਾਲੀ ਅਤੇ ਸੱਚਾਈ ਵਿਚ ਆਪਣਾ ਡੂੰਘਾ ਵਿਸ਼ਵਾਸ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਇਸ ਚੁਣੌਤੀਪੂਰਨ ਸਮੇਂ ਦੌਰਾਨ ਨਿਰਪੱਖਤਾ ਅਤੇ ਕਾਨੂੰਨ ਦੇ ਸ਼ਾਸਨ ਵਿਚ ਉਨ੍ਹਾਂ ਦਾ ਭਰੋਸਾ ਅਟੱਲ ਰਿਹਾ। ਅਡਾਨੀ ਨੇ ਉਨ੍ਹਾਂ ਸਾਰੇ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਔਖੀ ਘੜੀ ਵਿਚ ਉਨ੍ਹਾਂ 'ਤੇ ਭਰੋਸਾ ਬਣਾਈ ਰੱਖਿਆ।

ਜ਼ਿਕਰਯੋਗ ਹੈ ਕਿ ਸਾਲ 2024 'ਚ ਗੌਤਮ ਅਡਾਨੀ 'ਤੇ ਭਾਰਤ ਵਿੱਚ ਸੋਲਰ ਐਨਰਜੀ ਪਲਾਂਟ ਦੀ ਮਨਜ਼ੂਰੀ ਲੈਣ ਲਈ ਭਾਰਤੀ ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਅਤੇ ਅਮਰੀਕੀ ਨਿਵੇਸ਼ਕਾਂ ਨੂੰ ਗੁਮਰਾਹ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਸਨ।

## ਅਮਰੀਕੀ ਸੁਰੱਖਿਆ ਵਿਭਾਗ ਵੱਲੋਂ ਐੱਚ-1ਬੀ ਵੀਜ਼ਾ ਐਕਸਟੈਂਸ਼ਨ ਫੀਸ 'ਚ ਭਾਰੀ ਵਾਧਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਕੰਮ ਕਰ ਰਹੇ ਭਾਰਤੀ ਆਈ.ਟੀ. ਪੇਸ਼ੇਵਰਾਂ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਹੋਮਲੈਂਡ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਐੱਚ-1ਬੀ ਅਤੇ ਐੱਲ-1 ਵੀਜ਼ਾ ਐਕਸਟੈਂਸ਼ਨ 'ਤੇ ਲੱਗਣ ਵਾਲੀ ਫੀਸ ਦੇ ਦਾਇਰੇ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ। ਇਹ ਨਵਾਂ ਨਿਯਮ 9 ਸਤੰਬਰ ਤੋਂ ਲਾਗੂ ਹੋਵੇਗਾ, ਜਿਸ ਨਾਲ ਕੰਪਨੀਆਂ ਦੇ ਇਮੀਗ੍ਰੇਸ਼ਨ ਖਰਚਿਆਂ ਵਿਚ ਭਾਰੀ ਵਾਧਾ ਹੋਣ ਦੀ ਉਮੀਦ ਹੈ।

ਨਵੇਂ ਨਿਯਮਾਂ ਅਨੁਸਾਰ ਹੁਣ ਕੰਪਨੀਆਂ ਨੂੰ ਹਰ ਵਾਰ ਵੀਜ਼ਾ ਵਧਾਉਣ ਲਈ ਐੱਚ-1ਬੀ ਪਟੀਸ਼ਨ 'ਤੇ 4,000 ਡਾਲਰ (ਲਗਭਗ 3.80 ਲੱਖ ਰੁਪਏ) ਅਤੇ ਐੱਲ-1 ਪਟੀਸ਼ਨ 'ਤੇ 4,500 ਡਾਲਰ (ਲਗਭਗ 4.28 ਲੱਖ ਰੁਪਏ) ਦੀ ਅਦਾਇਗੀ ਕਰਨੀ ਪਵੇਗੀ। ਹੁਣ ਤੱਕ ਇਹ ਫੀਸ ਸਿਰਫ਼ ਸ਼ੁਰੂਆਤੀ ਰੁਜ਼ਗਾਰ ਜਾਂ ਕੰਪਨੀ ਬਦਲਣ ਸਮੇਂ ਹੀ ਲਈ ਜਾਂਦੀ ਸੀ, ਪਰ ਹੁਣ ਜੇਕਰ ਕੋਈ ਕਰਮਚਾਰੀ ਉਸੇ ਕੰਪਨੀ ਵਿਚ ਰਹਿੰਦਾ ਹੈ ਅਤੇ ਆਪਣਾ ਵੀਜ਼ਾ ਵਧਾਉਂਦਾ ਹੈ, ਤਾਂ ਵੀ ਇਹ ਭਾਰੀ ਰਕਮ ਦੇਣੀ ਪਵੇਗੀ।

ਇਹ ਫੈਸਲਾ ਮੁੱਖ ਤੌਰ 'ਤੇ ਉਨ੍ਹਾਂ ਕੰਪਨੀਆਂ ਨੂੰ ਪ੍ਰਭਾਵਿਤ ਕਰੇਗਾ, ਜਿਨ੍ਹਾਂ ਦੇ ਅਮਰੀਕਾ ਵਿਚ 50 ਤੋਂ




ਵੱਧ ਕਰਮਚਾਰੀ ਹਨ ਅਤੇ ਜਿਨ੍ਹਾਂ ਦੇ ਕੁੱਲ ਸਟਾਫ ਵਿਚੋਂ 50 ਫੀਸਦੀ ਤੋਂ ਵੱਧ ਲੋਕ ਐੱਚ-1ਬੀ ਜਾਂ ਐੱਲ-1 ਵੀਜ਼ਾ ਧਾਰਕ ਹਨ। ਭਾਰਤ ਦੀਆਂ ਜ਼ਿਆਦਾਤਰ ਵੱਡੀਆਂ ਆਈ.ਟੀ. ਕੰਪਨੀਆਂ ਇਸੇ ਸ਼੍ਰੇਣੀ ਵਿਚ ਆਉਂਦੀਆਂ ਹਨ, ਜਿਸ ਕਾਰਨ ਉਨ੍ਹਾਂ 'ਤੇ ਵਿੱਤੀ ਬੋਝ ਵਧਣਾ ਤੈਅ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਫੀਸ ਸਬੰਧਤ ਕੰਪਨੀ ਵੱਲੋਂ ਦਿੱਤੀ ਜਾਵੇਗੀ, ਨਾ ਕਿ ਵੀਜ਼ਾ ਧਾਰਕ ਵੱਲੋਂ। ਵਿਭਾਗ ਨੇ ਉਸ ਸੁਝਾਅ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿਚ ਕਰਮਚਾਰੀਆਂ ਨੂੰ ਖੁਦ ਇਹ ਪੈਸੇ ਦੇਣ ਦੀ ਇਜਾਜ਼ਤ ਮੰਗੀ ਗਈ ਸੀ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਵਧਦੇ ਖਰਚਿਆਂ ਕਾਰਨ ਕੰਪਨੀਆਂ ਵਿਦੇਸ਼ੀ ਕਾਮਿਆਂ ਨੂੰ ਰੱਖਣ ਤੋਂ ਕੰਨੀਂ ਕਤਰਾ ਸਕਦੀਆਂ ਹਨ, ਜਿਸ ਦਾ ਅਸਰ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਭਾਰਤੀਆਂ 'ਤੇ ਵੀ ਪੈ ਸਕਦਾ ਹੈ।

ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਪਹਿਲਾਂ ਇਸ ਕਾਨੂੰਨ ਦੀ ਵਿਆਖਿਆ ਗਲਤ ਕੀਤੀ ਗਈ ਸੀ ਅਤੇ ਹੁਣ ਇਸ ਨੂੰ ਸੁਧਾਰਿਆ ਗਿਆ ਹੈ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਭਾਜਪਾ-ਅਕਾਲੀ ਦਲ ਵਿਚਾਲੇ ਦੋਬਾਰਾ ਗਠਜੋੜ ਦੀਆਂ ਸੰਭਾਵਨਾਵਾਂ ਨੇ ਪੰਜਾਬ ਦੀ ਸਿਆਸਤ 'ਚ ਛੇੜੀ ਨਵੀਂ ਚਰਚਾ!

ਜਲੰਧਰ, (ਪੰਜਾਬ ਮੇਲ)- ਪੰਜਾਬ ਦੀ ਰਾਜਨੀਤੀ ਵਿਚ ਕਦੇ ਮਜ਼ਬੂਤ ਸਿਆਸੀ ਤਾਕਤ ਰਹੇ ਸ਼੍ਰੋਮਣੀ ਅਕਾਲੀ ਦਲ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਵਜੂਦ ਅਤੇ ਵਾਪਸੀ ਦੀ ਵੱਡੀ ਲੜਾਈ ਬਣਦੀਆਂ ਵਿਖਾਈ ਦੇ ਰਹੀਆਂ ਹਨ। ਇਸੇ ਦੌਰਾਨ ਭਾਜਪਾ ਅਤੇ ਅਕਾਲੀ ਦਲ ਵਿਚਾਲੇ ਦੋਬਾਰਾ ਗਠਜੋੜ ਦੀਆਂ ਸੰਭਾਵਨਾਵਾਂ ਨੇ ਪੰਜਾਬ ਦੀ ਸਿਆਸਤ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਦੋਵੇਂ ਦਲ ਫਿਰ ਇਕੱਠੇ ਹੁੰਦੇ ਹਨ, ਤਾਂ ਇਹ ਅਕਾਲੀ ਦਲ ਲਈ ਗੁਆਚੀ ਹੋਈ ਸਿਆਸੀ ਜ਼ਮੀਨ ਮੁੜ ਹਾਸਲ ਕਰਨ ਦਾ ਰਸਤਾ ਖੋਲ੍ਹ ਸਕਦਾ ਹੈ।

ਰਿਪੋਰਟ ਮੁਤਾਬਕ ਪੰਜਾਬ ਦੀ ਚੋਣ ਰਾਜਨੀਤੀ 'ਚ ਸਿੱਖ ਪਛਾਣ ਅਤੇ ਉਸ ਨਾਲ ਜੁੜੇ ਮੁੱਦੇ ਲੰਮੇ ਸਮੇਂ ਤੱਕ ਅਕਾਲੀ ਦਲ ਦੀ ਸਭ ਤੋਂ ਵੱਡੀ ਤਾਕਤ ਰਹੇ ਹਨ ਪਰ ਪਿਛਲੇ ਇਕ ਦਹਾਕੇ ਵਿਚ ਪਾਰਟੀ ਦੇ ਜਨ-ਆਧਾਰ ਵਿਚ ਲਗਾਤਾਰ ਗਿਰਾਵਟ ਆਈ ਹੈ। ਵੱਖ-ਵੱਖ ਅਕਾਲੀ ਧੜਿਆਂ ਦੇ ਉੱਭਰਨ ਅਤੇ ਨਵੇਂ ਸਿਆਸੀ ਬਦਲਾਂ ਦੇ ਮਜ਼ਬੂਤ ਹੋਣ ਨਾਲ 'ਪੰਥਕ' ਸਿਆਸੀ ਖੇਤਰ ਵੀ ਵੰਡਿਆ ਗਿਆ ਹੈ। ਅਜਿਹੇ ਵਿਚ ਭਾਜਪਾ ਨਾਲ ਸੰਭਾਵਿਤ ਗਠਜੋੜ ਅਕਾਲੀ ਦਲ ਨੂੰ ਆਪਣੇ ਪੁਰਾਣੇ ਸਮਰਥਕਾਂ ਤੱਕ ਦੋਬਾਰਾ ਪਹੁੰਚ ਬਣਾਉਣ ਦਾ ਮੌਕਾ ਦੇ ਸਕਦਾ ਹੈ।




ਹਾਲਾਂਕਿ ਇਹ ਉਦੋਂ ਹੀ ਸੰਭਵ ਹੋਵੇਗਾ, ਜਦੋਂ ਦੋਵੇਂ ਪਾਰਟੀਆਂ ਆਪਣੇ-ਆਪਣੇ ਸਿਆਸੀ ਹਿੱਤਾਂ ਵਿਚਾਲੇ ਸੰਤੁਲਨ ਕਾਇਮ ਕਰ ਸਕਣਗੀਆਂ।

ਪਿਛਲੇ ਤਕਰੀਬਨ ਇਕ ਦਹਾਕੇ ਵਿਚ ਅਕਾਲੀ ਦਲ ਨੂੰ ਪੰਜਾਬ ਦੀ ਸਿਆਸਤ 'ਚ ਲਗਾਤਾਰ ਝਟਕੇ ਲੱਗੇ ਹਨ। ਪਾਰਟੀ ਦਾ ਉਹ ਪ੍ਰਭਾਵ ਕਮਜ਼ੋਰ ਹੋਇਆ ਹੈ, ਜਿਸ ਦੇ ਦਮ 'ਤੇ ਉਹ ਲੰਮੇ ਸਮੇਂ ਤੱਕ ਸੂਬੇ ਦੀ ਮੁੱਖ ਸਿਆਸੀ ਤਾਕਤ ਬਣੀ ਰਹੀ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਆਪਣੇ ਰਵਾਇਤੀ ਸਮਰਥਕ ਵਰਗ ਨੂੰ ਦੋਬਾਰਾ ਆਪਣੇ ਨਾਲ ਜੋੜਨ ਦੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਅਤੇ ਉਸ ਤੋਂ ਬਾਅਦ ਦੇ ਸਿਆਸੀ ਘਟਨਾਕ੍ਰਮਾਂ ਨੇ ਪਾਰਟੀ ਦੇ ਸਾਹਮਣੇ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ। ਸੰਗਰੂਰ ਲੋਕ ਸਭਾ ਸੀਟ ਤੋਂ 2022 'ਚ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੇ ਵੀ 'ਪੰਥਕ' ਸਿਆਸੀ ਖੇਤਰ ਵਿਚ ਵਧਦੇ ਖਿਲਾਰੇ ਵੱਲ ਇਸ਼ਾਰਾ ਕੀਤਾ।

2025 ਵਿਚ ਅਕਾਲੀ ਦਲ ਵਿਚ ਇਕ ਵੱਡੀ ਵੰਡ ਵੇਖਣ ਨੂੰ ਮਿਲੀ। ਬਾਗੀ ਧੜੇ ਨੇ ਵੱਖ ਹੋ ਕੇ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਦਾ ਗਠਨ ਕੀਤਾ। ਇਸ ਤੋਂ ਇਲਾਵਾ ਲੋਕ ਸਭਾ ਮੈਂਬਰ ਅਤੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿਚ 'ਵਾਰਿਸ ਪੰਜਾਬ ਦੇ' ਨੇ ਵੀ ਪੰਥਕ ਰਾਜਨੀਤੀ ਵਿਚ ਆਪਣੀ ਮੌਜੂਦਗੀ ਮਜ਼ਬੂਤ ਕੀਤੀ ਹੈ। ਦੂਜੇ ਪਾਸੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅੰਮ੍ਰਿਤਸਰ) ਵੀ ਸਮੇਂ-ਸਮੇਂ 'ਤੇ ਪੰਜਾਬ ਦੇ ਸਿਆਸੀ ਮੁੱਦਿਆਂ 'ਤੇ ਸਰਗਰਮ ਰਿਹਾ ਹੈ। ਇਨ੍ਹਾਂ ਵੱਖ-ਵੱਖ ਤਾਕਤਾਂ ਨੇ ਅਕਾਲੀ ਦਲ ਦੇ ਰਵਾਇਤੀ 'ਪੰਥਕ' ਆਧਾਰ ਨੂੰ ਕਈ ਹਿੱਸਿਆਂ ਵਿਚ ਵੰਡ ਦਿੱਤਾ ਹੈ।

ਸਿਆਸੀ ਮਾਹਿਰਾਂ ਮੁਤਾਬਕ ਭਾਜਪਾ ਅਤੇ ਅਕਾਲੀ ਦਲ ਵਿਚਾਲੇ ਸੰਭਾਵਿਤ ਗਠਜੋੜ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਚੋਣ ਸਮੀਕਰਨ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ। ਭਾਜਪਾ ਕੋਲ ਸ਼ਹਿਰੀ ਅਤੇ ਗੈਰ-ਪੰਥਕ ਖੇਤਰਾਂ ਵਿਚ ਆਪਣਾ ਆਧਾਰ ਹੈ, ਜਦਕਿ ਅਕਾਲੀ ਦਲ ਦਾ ਰਵਾਇਤੀ ਪ੍ਰਭਾਵ ਦਿਹਾਤੀ ਪੰਜਾਬ ਅਤੇ ਸਿੱਖ ਵੋਟਰਾਂ ਵਿਚਾਲੇ ਰਿਹਾ ਹੈ। ਦੋਵੇਂ ਪਾਰਟੀਆਂ ਜੇਕਰ ਇਨ੍ਹਾਂ ਆਧਾਰਾਂ ਨੂੰ ਇਕ ਮੰਚ 'ਤੇ ਲਿਆਉਣ ਵਿਚ ਸਫ਼ਲ ਹੁੰਦੀਆਂ ਹਨ, ਤਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸਾਹਮਣੇ ਇਕ ਮਜ਼ਬੂਤ ਸਿਆਸੀ ਬਦਲ ਖੜ੍ਹਾ ਹੋ ਸਕਦਾ ਹੈ।

ਪੰਜਾਬ ਦੀ ਪੰਥਕ ਸਿਆਸਤ ਦਾ ਅਧਿਐਨ ਕਰਨ ਵਾਲੇ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸੱਤਾ ਵਿਚ ਵਾਪਸੀ ਦੀ ਸੰਭਾਵਨਾ ਹੀ ਵੱਖ-ਵੱਖ ਅਕਾਲੀ ਧੜਿਆਂ ਅਤੇ ਭਾਜਪਾ ਨੂੰ ਇਕ ਸਾਂਝੇ ਮੰਚ ਵੱਲ ਖਿੱਚ ਸਕਦੀ ਹੈ। ਉਨ੍ਹਾਂ ਦਾ ਤਰਕ ਹੈ ਕਿ ਸਿਆਸੀ ਤਾਕਤ ਅਤੇ ਸੱਤਾ ਦੀ ਸੰਭਾਵਨਾ ਹੀ ਵੱਖ-ਵੱਖ ਧੜਿਆਂ ਨੂੰ ਇਕਜੁੱਟ ਰੱਖਣ ਵਾਲੀ ਸਭ ਤੋਂ ਵੱਡੀ ਕੜੀ ਬਣ ਸਕਦੀ ਹੈ। ਜੇਕਰ ਅਕਾਲੀ ਦਲ ਅਤੇ ਭਾਜਪਾ ਨੂੰ ਸੱਤਾ ਵਿਚ ਵਾਪਸੀ ਦੀ ਅਸਲ 'ਚ ਸੰਭਾਵਨਾ ਦਿਖਾਈ ਦਿੰਦੀ ਹੈ ਤਾਂ ਸੁਖਬੀਰ ਸਿੰਘ ਬਾਦਲ ਦੇ ਇਰਦ-ਗਿਰਦ ਦੁਬਾਰਾ ਸਿਆਸੀ ਲਾਮਬੰਦੀ ਦੀ ਕੋਸ਼ਿਸ਼ ਤੇਜ਼ ਹੋ ਸਕਦੀ ਹੈ।

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਜਪਾ ਅਤੇ ਅਕਾਲੀ ਦਲ ਜੇਕਰ ਵੱਖੋ-ਵੱਖ ਹੋ ਕੇ ਚੋਣ ਲੜਦੇ ਹਨ ਤਾਂ ਦੋਵਾਂ ਦੀਆਂ ਵੋਟਾਂ ਦੀ ਵੰਡ ਕਾਰਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਫ਼ਾਇਦਾ ਹੋ ਸਕਦਾ ਹੈ। ਇਸ ਦੇ ਉਲਟ ਗੱਠਜੋੜ ਦੀ ਸਥਿਤੀ ਵਿਚ ਦੋਵੇਂ ਪਾਰਟੀਆਂ ਇਕ-ਦੂਜੇ ਦੇ ਵੋਟ ਬੈਂਕ ਨੂੰ ਜੋੜਨ ਦੀ ਕੋਸ਼ਿਸ਼ ਕਰ ਸਕਦੀਆਂ ਹਨ। ਹਾਲਾਂਕਿ ਅਜੇ ਦੋਵਾਂ ਪਾਰਟੀਆਂ ਵੱਲੋਂ ਕਿਸੇ ਰਸਮੀ ਗੱਠਜੋੜ ਦਾ ਐਲਾਨ ਨਹੀਂ ਹੋਇਆ ਹੈ।

# ਮੁੱਖ ਮੰਤਰੀ ਵੱਲੋਂ ਜਗਤਾਰ ਸਿੰਘ ਹਵਾਰਾ ਨੂੰ ਜਲਦ ਪੈਰੋਲ ਦੇਣ ਦੀ ਸਿਫ਼ਾਰਸ਼

**ਰਾਜਪਾਲ ਨੂੰ ਪੱਤਰ ਲਿਖ ਕੇ ਜਲਦ ਪੈਰੋਲ ਦੇਣ ਦੀ ਕੀਤੀ ਸਿਫ਼ਾਰਸ਼**



ਚੰਡੀਗੜ੍ਹ, (ਪੰਜਾਬ ਮੇਲ)- ਮੁੱਖ ਮੰਤਰੀ ਭਗਵੰਤ ਮਾਨ ਨੇ ਜੇਲ੍ਹ 'ਚ ਬੰਦ ਜਗਤਾਰ ਸਿੰਘ ਹਵਾਰਾ ਸਿੰਘ ਨੂੰ ਮਾਨਵੀ ਅਧਾਰ 'ਤੇ ਦਸ ਦਿਨ ਦੀ ਪੈਰੋਲ ਦੀ ਸਿਫ਼ਾਰਸ਼ ਕੀਤੀ ਹੈ। ਪੈਰੋਲ ਬਾਰੇ ਆਖ਼ਰੀ ਫ਼ੈਸਲਾ ਹੁਣ ਪੰਜਾਬ ਦੇ ਰਾਜਪਾਲ ਨੇ ਲੈਣਾ ਹੈ। ਜਗਤਾਰ ਸਿੰਘ ਹਵਾਰਾ ਕਰੀਬ 29 ਸਾਲ ਤੋਂ ਜੇਲ੍ਹ 'ਚ ਬੰਦ ਹੈ ਅਤੇ ਪਹਿਲੀ ਵਾਰ ਹੈ ਕਿ ਉਨ੍ਹਾਂ ਨੂੰ ਪੈਰੋਲ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਮੁੱਖ ਮੰਤਰੀ ਨੇ ਰਾਜਪਾਲ ਨੂੰ ਪੱਤਰ ਲਿਖ ਕੇ ਜਗਤਾਰ ਸਿੰਘ ਹਵਾਰਾ ਦੀ ਮਾਤਾ ਜੀ ਦੀ ਵਿਗੜ ਰਹੀ ਸਿਹਤ ਦੇ ਮੱਦੇਨਜ਼ਰ ਹਵਾਰਾ ਨੂੰ ਜਲਦ ਪੈਰੋਲ ਦੇਣ ਦੀ ਸਿਫ਼ਾਰਸ਼ ਕੀਤੀ ਹੈ।

ਮੁੱਖ ਮੰਤਰੀ ਵੱਲੋਂ ਲਿਖੇ ਪੱਤਰ 'ਚ ਕਿਹਾ ਗਿਆ ਹੈ ਕਿ ਜਗਤਾਰ ਸਿੰਘ ਹਵਾਰਾ ਦੀ ਮਾਤਾ ਜੀ ਦੀ ਉਮਰ ਵਧੇਰੇ ਹੋਣ ਕਰਕੇ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ। ਜਗਤਾਰ ਸਿੰਘ ਹਵਾਰਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਵੀ ਇਸ ਬਾਬਤ ਪਟੀਸ਼ਨ ਦਾਇਰ ਕੀਤੀ ਹੋਈ ਹੈ, ਜਿਸ 'ਚ ਉਨ੍ਹਾਂ ਨੇ ਚਾਰ ਹਫ਼ਤੇ ਦੀ ਪੈਰੋਲ ਦੀ ਮੰਗ ਕੀਤੀ ਹੈ। ਪੰਥਕ ਧਿਰਾਂ ਵੱਲੋਂ ਕਾਫ਼ੀ ਲੰਮੇ ਸਮੇਂ ਤੋਂ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਦੀ ਮੰਗ ਕੀਤੀ ਜਾ ਰਹੀ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨ ਉਚੇਚੇ ਤੌਰ 'ਤੇ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਵੀ ਕੀਤੀ ਸੀ। ਦੱਸਣਯੋਗ ਹੈ ਕਿ ਜਗਤਾਰ ਸਿੰਘ ਹਵਾਰਾ ਨੂੰ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੀ ਸਾਜ਼ਿਸ਼ ਰਚਣ 'ਚ ਦੋਸ਼ੀ ਠਹਿਰਾਇਆ ਗਿਆ ਸੀ। ਟਰਾਇਲ ਕੋਰਟ ਨੇ 2007 'ਚ ਹਵਾਰਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ ਪ੍ਰੰਤੂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਕਤੂਬਰ 2010 'ਚ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਸੀ। ਪੰਜਾਬ ਵਿਧਾਨ ਸਭਾ ਦੇ ਮੌਜੂਦਾ ਸੈਸ਼ਨ 'ਚ ਵੀ ਹਵਾਰਾ ਨੂੰ ਪੈਰੋਲ ਦਿੱਤੇ ਜਾਣ ਦਾ ਮੁੱਦਾ ਉੱਠਿਆ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਐਕਸੀਡੈਂਟ ਦੌਰਾਨ ਨਕਾਰਾ ਹੋਏ ਵਿਅਕਤੀ ਦੇ ਪਰਿਵਾਰ ਦੀ ਡਾ. ਓਬਰਾਏ ਨੇ ਫੜੀ ਬਾਂਹ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਦੇ ਇੱਕ ਪਰਿਵਾਰ ਨੂੰ ਲੰਮੇ ਸਮੇਂ ਲਈ ਸਹਾਇਤਾ ਦੇ ਕੇ ਪਰਿਵਾਰ ਦੀ ਬਾਂਹ ਫੜੀ ਗਈ ਹੈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਪਿੰਡ ਦੇ ਗ਼ਰੀਬ ਪਰਿਵਾਰ ਦੇ ਇਕਲੌਤੇ ਪੁੱਤਰ ਦੀ ਐਕਸੀਡੈਂਟ ਦੌਰਾਨ ਲੱਤ ਕੱਟੀ ਗਈ ਅਤੇ ਸਰੀਰ ’ਤੇ ਹੋਰ ਵੀ ਕਈ ਸੱਟਾਂ ਲੱਗੀਆਂ ਅਤੇ ਇਹ ਵਿਅਕਤੀ ਕੰਮ ਕਰਨ ਤੋਂ ਅਸਮਰਥ ਹੋ ਗਿਆ ਤੇ ਨਾਲ ਹੀ ਪਰਿਵਾਰ ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਕਿਉਂਕਿ ਘਰ ਵਿਚ ਹੋਰ ਕੋਈ ਵੀ ਕਮਾਉਣ ਯੋਗ ਨਹੀਂ ਹੈ। ਪਿੰਡ ਦੇ ਪਤਵੰਤੇ ਸੱਜਣਾਂ ਅਤੇ ਰੁਪਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ ਵੱਲੋਂ ਇਹ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ



ਡਾ. ਐੱਸ.ਪੀ. ਸਿੰਘ ਓਬਰਾਏ।

ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਧਿਆਨ ਵਿਚ ਲਿਆਂਦਾ। ਟੀਮ ਵੱਲੋਂ ਮੁੱਢਲੀ ਵੈਰੀਫਿਕੇਸ਼ਨ ਕਰਨ ਤੋਂ ਬਾਅਦ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਇਸ ਕੇਸ ਬਾਰੇ ਜਾਣਕਾਰੀ ਦਿੱਤੀ, ਤਾਂ ਡਾਕਟਰ ਓਬਰਾਏ ਨੇ ਤੁਰੰਤ ਹੀ ਲੰਮੇ ਸਮੇਂ ਲਈ ਪਰਿਵਾਰ ਨੂੰ ਸਹਾਇਤਾ ਦੇਣ ਦਾ ਐਲਾਨ ਕੀਤਾ ਅਤੇ ਹਰ ਸੰਭਵ ਮਦਦ ਲਈ ਭਰੋਸਾ ਦਿਤਾ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਰੁਪਿੰਦਰ ਸਿੰਘ ਡੋਹਕ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ, ਜਸਕਰਨ ਸਿੰਘ ਸਰਾਂ ਮੀਤ ਪ੍ਰਧਾਨ ਕਿਸਾਨ ਯੂਨੀਅਨ, ਹੈਪੀ ਬਰਾੜ ਕਿਸਾਨ ਯੂਨੀਅਨ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਬਲਦੇਵ ਸਿੰਘ ਮਾਂਗਟ ਕੇਰ ਆਦਿ ਹਾਜ਼ਰ ਸਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਐੱਸ.ਜੀ.ਪੀ.ਸੀ. ਦੇ ਇਤਰਾਜ਼ ਤੋਂ ਬਾਅਦ ਜੀ.ਟੀ.ਸੀ. ਵੱਲੋਂ ਗੁਰਬਾਣੀ ਪ੍ਰਸਾਰਣ ਅਸਥਾਈ ਤੌਰ ’ਤੇ ਮੁਅੱਤਲ

- **ਵੱਡਾ ਦਿਲ ਦਿਖਾ ਕੇ ਗੁਰਬਾਣੀ ਦੇ ਪ੍ਰਸਾਰਣ ਦੀ ਇਜਾਜ਼ਤ ਦਿੱਤੀ ਜਾਵੇ: ਡਾ. ਰਬਿੰਦਰ ਨਾਰਾਇਣ**

**ਚੰਡੀਗੜ੍ਹ, (ਪੰਜਾਬ ਮੇਲ)**- ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਅਧਿਕਾਰਾਂ ਦੇ ‘ਏਕਾਧਿਕਾਰ’ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਵੱਲੋਂ ਸ਼ੁਰੂ ਕੀਤੀ ਗਈ ਕਾਨੂੰਨੀ ਕਾਰਵਾਈ ਦੇ ਵਿਵਾਦ ਦਰਮਿਆਨ, ‘ਜੀ.ਟੀ.ਸੀ. ਨੈੱਟਵਰਕ’ ਨੇ ਆਪਣੇ ਪਲੇਟਫਾਰਮ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਅਸਥਾਈ ਤੌਰ ’ਤੇ ਮੁਅੱਤਲ ਕਰ ਦਿੱਤਾ ਹੈ।

ਐੱਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਪੱਸ਼ਟ ਕੀਤਾ ਕਿ ਗੁਰਬਾਣੀ ਪ੍ਰਸਾਰਣ ਦੇ ਸਾਰੇ ਅਧਿਕਾਰ ਸਿਰਫ਼ ਐੱਸ.ਜੀ.ਪੀ.ਸੀ. ਕੋਲ ਹੀ ਰਿਜ਼ਰਵ ਰਹਿਣਗੇ। ਉਨ੍ਹਾਂ ਕਿਹਾ ਕਿ ਐੱਸ.ਜੀ.ਪੀ.ਸੀ. ਦੁਆਰਾ ਅਧਿਕਾਰਤ ਪਲੇਟਫਾਰਮਾਂ ਤੋਂ ਇਲਾਵਾ ਕਿਸੇ ਵੀ ਹੋਰ ਚੈਨਲ, ਵੈੱਬ, ਯੂ-ਟਿਊਬ ਚੈਨਲ, ਵੈੱਬਸਾਈਟ ਜਾਂ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਐੱਸ.ਜੀ.ਪੀ.ਸੀ. ਦੇ ਅਧਿਕਾਰਤ ਯੂ-ਟਿਊਬ ਚੈਨਲ ਤੋਂ ਗੁਰਬਾਣੀ ਪ੍ਰਸਾਰਣ ਨੂੰ ਰੀ-ਡਾਇਰੈਕਟ, ਰੀ-ਸਟ੍ਰੀਮ, ਡਾਊਨਲੋਡ ਜਾਂ ਅੱਪਲੋਡ ਕਰਨ ਦਾ ਕੋਈ ਹੱਕ ਨਹੀਂ ਹੈ।

ਦੂਜੇ ਪਾਸੇ, ਜੀ.ਟੀ.ਸੀ. ਨੈੱਟਵਰਕ ਦੇ ਸੰਸਥਾਪਕ ਅਤੇ ਮੈਨੇਜਿੰਗ ਡਾਇਰੈਕਟਰ ਡਾ. ਰਬਿੰਦਰ ਨਾਰਾਇਣ ਨੇ ਐੱਸ.ਜੀ.ਪੀ.ਸੀ. ਨੂੰ ‘ਵੱਡਾ ਦਿਲ’ ਦਿਖਾਉਣ ਅਤੇ ਉਦਾਰਵਾਦੀ ਪਹੁੰਚ ਅਪਣਾਉਂਦੇ ਹੋਏ ਜੀ.ਟੀ.ਸੀ. ਪਲੇਟਫਾਰਮ ’ਤੇ ਗੁਰਬਾਣੀ ਪ੍ਰਸਾਰਣ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ ਹੈ।



*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਹੇਠ ਹੋਈ ਮੀਟਿੰਗ।*

ਡਾ. ਨਾਰਾਇਣ ਨੇ ਕਿਹਾ, “ਪ੍ਰਧਾਨ ਸਾਹਿਬ (ਹਰਜਿੰਦਰ ਸਿੰਘ ਧਾਮੀ), ਕਿਰਪਾ ਕਰਕੇ ਵੱਡਾ ਦਿਲ ਰੱਖੋ। ਨਰਾਜ਼ ਨਾ ਹੋਵੋ, ਇਸ ਗੱਲ ਦੀ ਖੁਸ਼ੀ ਮਨਾਓ ਕਿ ਗੁਰਬਾਣੀ ਘਰ-ਘਰ ਪਹੁੰਚ ਰਹੀ ਹੈ। ਅਸੀਂ ਤੁਹਾਡੇ ਨਾਲ ਕੋਈ ਟਕਰਾਅ ਨਹੀਂ ਕਰ ਰਹੇ, ਸਗੋਂ ਬਿਨਾਂ ਕਿਸੇ ਨਿੱਜੀ ਹਿੱਤ ਦੇ ਗੁਰਬਾਣੀ ਦਾ ਪ੍ਰਚਾਰ ਕਰਨ ਲਈ ਹੱਥ ਵਧਾ ਰਹੇ ਹਾਂ। ਸਾਨੂੰ ਪੂਰੀ ਮਰਿਆਦਾ ਨਾਲ ਇਹ ਸੇਵਾ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ।”

ਉਨ੍ਹਾਂ ਦੱਸਿਆ ਕਿ ਜਦੋਂ ਐੱਸ.ਜੀ.ਪੀ.ਸੀ. ਦੇ ਇਤਰਾਜ਼ ਤੋਂ ਬਾਅਦ ਜੀ.ਟੀ.ਸੀ. ਦੇ ਦਰਸ਼ਕਾਂ ਨੂੰ ਗੁਰਬਾਣੀ ਦਾ ਪ੍ਰਸਾਰਣ ਨਹੀਂ ਮਿਲਿਆ, ਤਾਂ ਦੇਸ਼-ਵਿਦੇਸ਼ ਦੀ ਸੰਗਤ ’ਚ ਭਾਰੀ ਰੋਸ ਦੇਖਣ ਨੂੰ ਮਿਲਿਆ। ਡਾ. ਨਾਰਾਇਣ ਨੇ ਕਿਹਾ, “ਤੁਹਾਡੇ ਸਤਿਕਾਰ ’ਚ ਅਸੀਂ ਸ਼ਾਮ ਦਾ ਪ੍ਰਸਾਰਣ ਅਸਥਾਈ ਤੌਰ ’ਤੇ ਰੋਕ ਦਿੱਤਾ ਸੀ। ਸਾਨੂੰ ਤੁਹਾਡਾ ਕਾਨੂੰਨੀ ਨੋਟਿਸ ਮਿਲ ਗਿਆ ਹੈ। ਤੁਸੀਂ ਅਦਾਲਤ ਜਾਓ, ਪੁਲਿਸ ਕੋਲ ਜਾਓ ਜਾਂ ਮੈਨੂੰ ਜੇਲ੍ਹ ਭੇਜ ਦਿਓ, ਅਸੀਂ ਹੱਥ ਜੋੜ ਕੇ ਸਿਰ ਝੁਕਾਉਂਦੇ ਹਾਂ। ਪਰ ਸੰਗਤ ਦੀ ਗੁਰਬਾਣੀ ਦੀ ਮੰਗ ਨੂੰ ਦਬਾਉਣਾ ਸਾਡੇ ਵੱਸ ਤੋਂ ਬਾਹਰ ਹੈ।” ਐੱਸ.ਜੀ.ਪੀ.ਸੀ. ਦੇ ਅਧਿਕਾਰਤ ਪੇਜ ਤੋਂ ਲਿੰਕ ਸ਼ੇਅਰ ਕੀਤੇ ਜਾਣ ਦਾ ਹਵਾਲਾ ਦਿੰਦਿਆਂ ਡਾ. ਨਾਰਾਇਣ ਨੇ ਦਾਅਵਾ ਕੀਤਾ ਕਿ ਵੱਖ-ਵੱਖ ਪਲੇਟਫਾਰਮਾਂ ’ਤੇ ਗੁਰਬਾਣੀ ਪ੍ਰਸਾਰਿਤ ਕਰਨ ਲਈ 1,000 ਤੋਂ ਵੱਧ ਵਾਰ ਲਿੰਕ ਸ਼ੇਅਰ ਕੀਤਾ ਗਿਆ। ਉਨ੍ਹਾਂ ਸਵਾਲ ਕੀਤਾ ਕਿ ਫਿਰ ਉਹੀ ਕੰਮ ਕਰਨ ਲਈ ਸਿਰਫ਼ ਜੀ.ਟੀ.ਸੀ. ਨਾਲ ਹੀ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ?

# ਭਾਬੀ ਕਮਲ ਕੌਰ ਮਾਮਲਾ: ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਰਣਜੀਤ ਸਿੰਘ ਖ਼ਿਲਾਫ਼ ਵੀ ਦੋਸ਼ ਤੈਅ

**ਬਠਿੰਡਾ, (ਪੰਜਾਬ ਮੇਲ)**- ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ ‘ਕਮਲ ਕੌਰ ਭਾਬੀ’ ਦੇ ਕਤਲ ਨਾਲ ਜੁੜੇ ਬਹੁਚਰਚਿਤ ਮਾਮਲੇ ਵਿਚ ਅਦਾਲਤ ਵੱਲੋਂ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਅਤੇ ਰਣਜੀਤ ਸਿੰਘ ਖ਼ਿਲਾਫ਼ ਵੀ ਦੋਸ਼ ਤੈਅ ਕਰ ਦਿੱਤੇ ਗਏ ਹਨ। ਅਦਾਲਤ ਵੱਲੋਂ ਦੋਵਾਂ ਖ਼ਿਲਾਫ਼ ਬੀ.ਐੱਨ.ਐੱਸ. ਦੀ ਧਾਰਾ 103 ਤਹਿਤ ਦੋਸ਼ ਤੈਅ ਕੀਤੇ ਗਏ ਹਨ। ਮਾਮਲੇ ਦੀ ਅਗਲੀ ਸੁਣਵਾਈ 22 ਸਤੰਬਰ 2026 ਨੂੰ ਹੋਵੇਗੀ।

ਮੁਲਜ਼ਮਾਂ ਦੇ ਵਕੀਲ ਐਡਵੋਕੇਟ ਹਰਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਮਾਮਲੇ ਵਿਚ ਦੋ ਮੁਲਜ਼ਮਾਂ ਨੂੰ ਪੁਲਿਸ ਵੱਲੋਂ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਖ਼ਿਲਾਫ਼ ਅਦਾਲਤ ਵਿਚ ਪਹਿਲਾਂ ਹੀ ਚਾਰਜ ਲੱਗ ਚੁੱਕੇ ਹਨ। ਅੰਮ੍ਰਿਤਪਾਲ ਮਹਿਰੋਂ ਅਤੇ ਰਣਜੀਤ ਸਿੰਘ ਦੀ ਗ੍ਰਿਫ਼ਤਾਰੀ ਬਾਅਦ ਵਿਚ ਹੋਣ ਕਾਰਨ ਇਨ੍ਹਾਂ ਦੋਵਾਂ ਖ਼ਿਲਾਫ਼ ਚਾਰਜ ਤੈਅ ਕਰਨ ਦੀ ਕਾਰਵਾਈ ਹੁਣ ਹੋਈ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਵੱਲੋਂ ਦੋਵਾਂ ਖ਼ਿਲਾਫ਼ ਧਾਰਾ 103 ਤਹਿਤ ਦੋਸ਼ ਤੈਅ ਕੀਤੇ ਜਾਣ ਤੋਂ ਬਾਅਦ ਹੁਣ ਕੇਸ ਗਵਾਹੀਆਂ ਦੇ ਪੜਾਅ ਵਿਚ ਦਾਖ਼ਲ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਕੰਚਨ ਕੁਮਾਰੀ, ਜੋ ਸੋਸ਼ਲ ਮੀਡੀਆ ’ਤੇ ‘ਕਮਲ ਕੌਰ ਭਾਬੀ’ ਦੇ ਨਾਮ ਨਾਲ ਮਸ਼ਹੂਰ ਸੀ, ਦੀ ਲਾਸ਼ ਜੂਨ 2025 ਵਿਚ ਬਠਿੰਡਾ ਦੇ



ਅਦੇਸ਼ ਮੈਡੀਕਲ ਯੂਨੀਵਰਸਿਟੀ ਦੇ ਨੇੜੇ ਇਕ ਕਾਰ ਵਿਚੋਂ ਮਿਲੀ ਸੀ। ਪੋਸਟਮਾਰਟਮ ਰਿਪੋਰਟ ਵਿਚ ਮੌਤ ਦਾ ਕਾਰਨ ਗਲਾ ਘੁੱਟਣ ਕਾਰਨ ਸਾਹ ਰੁਕਣਾ ਦੱਸਿਆ ਗਿਆ ਸੀ। ਪੁਲਿਸ ਜਾਂਚ ਦੌਰਾਨ ਅੰਮ੍ਰਿਤਪਾਲ ਸਿੰਘ ਮਹਿਰੋਂ ਦਾ ਨਾਂ ਮੁੱਖ ਮੁਲਜ਼ਮ ਵਜੋਂ ਸਾਹਮਣੇ ਆਇਆ ਸੀ। ਪੁਲਿਸ ਨੇ ਉਸ ਸਮੇਂ ਦੱਸਿਆ ਸੀ ਕਿ ਕਤਲ ਮਾਮਲੇ ਵਿਚ ਉਸ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਮਹਿਰੋਂ ਫਰਾਰ ਸੀ। ਜਾਂਚ ਵਿਚ ਇਹ ਵੀ ਸਾਹਮਣੇ ਆਇਆ ਕਿ ਕਤਲ ਤੋਂ ਬਾਅਦ ਮਹਿਰੋਂ ਵਿਦੇਸ਼ ਚਲਾ ਗਿਆ ਸੀ।

ਮਾਮਲੇ ਦੀ ਜਾਂਚ ਅੱਗੇ ਵਧਣ ’ਤੇ ਰਣਜੀਤ ਸਿੰਘ ਦਾ ਨਾਂ ਵੀ ਸਾਹਮਣੇ ਆਇਆ। ਪੁਲਿਸ ਅਨੁਸਾਰ ਉਸ ’ਤੇ ਕਤਲ ਤੋਂ ਬਾਅਦ ਅੰਮ੍ਰਿਤਪਾਲ ਮਹਿਰੋਂ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੱਕ ਪਹੁੰਚਣ ਵਿਚ ਮਦਦ ਕਰਨ ਦਾ ਦੋਸ਼ ਲੱਗਾ। ਫਰਵਰੀ 2026 ਵਿਚ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ’ਚ ਪੇਸ਼ ਕੀਤਾ ਗਿਆ ਸੀ ਅਤੇ ਉਸ ਦਾ ਪੁਲਿਸ ਰਿਮਾਂਡ ਵੀ ਲਿਆ ਗਿਆ ਸੀ।

# ਹਾਈ ਕੋਰਟ ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ ਦੀ ਜ਼ਮਾਨਤ ਪਟੀਸ਼ਨ ਖਾਰਜ



**ਚੰਡੀਗੜ੍ਹ, (ਪੰਜਾਬ ਮੇਲ)**- ਮੁਅੱਤਲ ਡੀ.ਆਈ.ਜੀ. ਐੱਚ.ਐੱਸ ਭੁੱਲਰ ਨੂੰ ਵੱਡਾ ਝਟਕਾ ਲੱਗਿਆ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਭੁੱਲਰ ਵੱਲੋਂ ਦਾਇਰ ਕੀਤੀ ਗਈ ਜ਼ਮਾਨਤ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਪਿਛਲੇ ਹਫਤੇ ਬੁੱਧਵਾਰ ਨੂੰ ਹਾਈ ਕੋਰਟ ਨੇ ਇਸ ਮਾਮਲੇ ਵਿਚ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖਿਆ ਗਿਆ ਸੀ।

ਦੱਸ ਦਈਏ ਕਿ ਐੱਚ.ਐੱਸ. ਭੁੱਲਰ ’ਤੇ 8 ਲੱਖ ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਹਨ। ਸੀ.ਬੀ.ਆਈ. ਵੱਲੋਂ ਕ੍ਰਿਸ਼ਨੂ ਨਾਂ ਦੇ ਮੁਲਜ਼ਮ ਨੂੰ 5 ਲੱਖ ਰੁਪਏ ਲੈਂਦਿਆਂ ਕਾਬੂ ਕੀਤਾ ਗਿਆ ਸੀ ਤੇ ਫ਼ਿਰ ਉਸ ਦੀ ਨਿਸ਼ਾਨਦੇਹੀ ’ਤੇ ਪੰਜਾਬ ਪੁਲਿਸ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਭੁੱਲਰ ਦੀ ਗ੍ਰਿਫ਼ਤਾਰੀ ਪਿਛਲੇ ਸਾਲ ਅਕਤੂਬਰ ਮਹੀਨੇ ਵਿਚ ਹੋਈ ਸੀ, ਜਦੋਂ ਉਹ ਇਕ ਸਕ੍ਰੈਪ ਡੀਲਰ ਤੋਂ ਕਥਿਤ ਤੌਰ ’ਤੇ ਰਿਸ਼ਵਤ ਵਜੋਂ 8 ਲੱਖ ਰੁਪਏ ਦੀ ਰਿਸ਼ਵਤ ਲੈ ਰਿਹਾ ਸੀ। ਇਸ ਮਾਮਲੇ ਵਿਚ ਤਫ਼ਤੀਸ਼ ਦੌਰਾਨ ਜਦੋਂ ਭੁੱਲਰ ਦੇ ਟਿਕਾਣਿਆਂ ਦੀ ਤਲਾਸ਼ੀ ਲਈ ਗਈ, ਤਾਂ ਉੱਥੋਂ ਕਰੋੜਾਂ ਰੁਪਏ ਦੀ ਨਕਦੀ ਅਤੇ ਵੱਡੀ ਮਾਤਰਾ ਵਿਚ ਸੋਨਾ ਬਰਾਮਦ ਹੋਇਆ ਸੀ।

# ਪੰਜਾਬ ਵਿਧਾਨ ਸਭਾ ’ਚ ਯੂਨੀਵਰਸਿਟੀਆਂ ਨੂੰ ਲੈ ਕੇ ਪਾਸ ਹੋਏ ਬਿੱਲ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਧਾਨ ਸਭਾ ’ਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੂਬੇ ’ਚ ਉੱਚ ਸਿੱਖਿਆ ਨੂੰ ਹੁਲਾਰਾ ਦੇਣ ਲਈ 3 ਨਿੱਜੀ ਯੂਨੀਵਰਸਿਟੀਆਂ ਕਲਾਉਡ ਯੂਨੀਵਰਸਿਟੀ ਹੁਸ਼ਿਆਰਪੁਰ, ਐੱਮ.ਐੱਸ. ਯੂਨੀਵਰਸਿਟੀ ਪਟਿਆਲਾ ਅਤੇ ਫਿਜ਼ਿਕਸ ਵਾਲਾ ਯੂਨੀਵਰਸਿਟੀ ਦੇ ਬਿੱਲ ਪੇਸ਼ ਕੀਤੇ ਹਨ। ਜੋ ਕਿ ਸੂਬੇ ਦੀਆਂ ਪਹਿਲੀਆਂ 3 ਡਿਜੀਟਲ ਏ.ਆਈ. ਯੂਨੀਵਰਸਿਟੀਆਂ ਹਨ। ਮੰਤਰੀ ਬੈਂਸ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਨੂੰ ਬਹੁਤ ਕੁਝ ਦਿੱਤਾ ਹੈ ਅਤੇ ਹੁਣ ਫਿਰ ਸਿੱਖਿਆ ਦੇ ਖੇਤਰ ’ਚ ਇੱਕ ਵੱਡੀ ਦੇਣ ਦਿੱਤੀ ਜਾ ਰਹੀ ਹੈ। ਪਹਿਲੀ ਵਾਰ ਸੂਬੇ ’ਚ 3 ਡਿਜੀਟਲ ਯੂਨੀਵਰਸਿਟੀਆਂ ਦੇ ਦਰਵਾਜ਼ੇ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 4 ਸਾਲਾਂ ’ਚ ਪੰਜਾਬ ਨੇ ਸਿੱਖਿਆ ਦੇ ਖੇਤਰ ’ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਨੀਤੀ ਆਯੋਗ ਦੀ ਰਿਪੋਰਟ ’ਚ ਵੀ ਇਸ ਦਾ ਜ਼ਿਕਰ ਹੈ। ਰਿਪੋਰਟ ਮੁਤਾਬਕ ਪੰਜਾਬ ਨੇ ਮੁੱਢਲੀ ਸਿੱਖਿਆ ’ਚ ਕੇਰਲਾ ਵਰਗੇ ਸੂਬੇ ਨੂੰ ਵੀ ਪਿੱਛੇ ਛੱਡ ਦਿੱਤਾ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਹਰਿਆਣਾ ’ਚ ਗੁਰੂਗ੍ਰਾਮ ਨੰਬਰ 1 ’ਤੇ ਹੈ, ਪਰ ਪੰਜਾਬ ’ਚ ਪਟਿਆਲਾ ਗੁਰੂਗ੍ਰਾਮ ਤੋਂ ਵੀ ਅੱਗੇ ਨਿਕਲ ਗਿਆ ਹੈ। ਇਸ ਦੇ ਨਾਲ ਹੀ ਹੁਣ ਉੱਚ ਸਿੱਖਿਆ ’ਚ 2 ਲੱਖ ਬੱਚੇ ਵੱਧ ਗਏ ਹਨ। ਇਹ ਸਾਰੇ ਨੀਤੀ ਆਯੋਗ ਦੇ ਅੰਕੜੇ ਹਨ।

# 2027 ਵਿਧਾਨ ਸਭਾ ਚੋਣਾਂ ਲਈ ਵਾਰਿਸ ਪੰਜਾਬ ਵੱਲੋਂ ਪਹਿਲੇ ਉਮੀਦਵਾਰ ਦਾ ਐਲਾਨ

**ਅੰਮ੍ਰਿਤਸਰ, (ਪੰਜਾਬ ਮੇਲ)**- ਅਕਾਲੀ ਦਲ ਵਾਰਿਸ ਪੰਜਾਬ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਰਗਰਮੀਆਂ ਆਰੰਭ ਕਰਦਿਆਂ ਆਪਣਾ ਪਹਿਲਾ ਉਮੀਦਵਾਰ ਐਲਾਨ ਦਿੱਤਾ ਹੈ। ਪਾਰਟੀ ਨੇ ਸ਼ਹੀਦ ਕੇਹਰ ਸਿੰਘ ਦੇ ਪੁੱਤਰ ਸਤਵੰਤ ਸਿੰਘ ਨੂੰ ਬੱਸੀ ਪਠਾਣਾਂ ਤੋਂ ਆਪਣਾ ਉਮੀਦਵਾਰ ਐਲਾਨਿਆ ਹੈ।



*ਤਰਸੇਮ ਸਿੰਘ ਅਤੇ ਹੋਰ ਮੀਡੀਆ ਨਾਲ ਗੱਲਬਾਤ ਕਰਦੇ ਹੋਏ।*

ਅੰਮ੍ਰਿਤਸਰ ਪ੍ਰੈੱਸ ਕਲੱਬ ’ਚ ਅਕਾਲੀ ਦਲ ਵਾਰਿਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ ਅਤੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਵਿਧਾਨ ਸਭਾ ਚੋਣਾਂ ਲਈ ਪਹਿਲੇ ਉਮੀਦਵਾਰ ਦੇ ਨਾਂ ਦਾ ਐਲਾਨ ਕੀਤਾ। ਤਰਸੇਮ ਸਿੰਘ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੀ ਸਿਆਸਤ ਸਿਰਫ਼ ਸੱਤਾ ਪ੍ਰਾਪਤੀ ਤੱਕ ਸੀਮਤ ਨਹੀਂ, ਸਗੋਂ ਪੰਥਕ ਸਿਧਾਂਤਾਂ, ਪੰਜਾਬ ਦੇ ਹੱਕਾਂ ਅਤੇ ਕੌਮ ਲਈ ਕੁਰਬਾਨੀਆਂ ਕਰਨ ਵਾਲੇ ਪਰਿਵਾਰਾਂ ਦੇ ਮਾਣ-ਸਤਿਕਾਰ ਨੂੰ ਅੱਗੇ ਲੈ ਕੇ ਚੱਲਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਕੁਝ ਲੋਕ ਆਖ ਰਹੇ ਸਨ ਕਿ ਵਾਰਿਸ ਪੰਜਾਬ ਵੱਲੋਂ ਪੰਥ ਅਤੇ ਕੌਮ ਲਈ ਕੁਰਬਾਨੀਆਂ ਕਰਨ ਵਾਲੇ ਪਰਿਵਾਰਾਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਇਸ ਲਈ ਵਾਰਿਸ ਪੰਜਾਬ ਵੱਲੋਂ ਸ਼ਹੀਦ ਪਰਿਵਾਰ ਵਿਚੋਂ ਪਹਿਲੇ ਉਮੀਦਵਾਰ ਦਾ ਐਲਾਨ ਕਰ ਕੇ ਇਸ ਧਾਰਨਾ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਗਿਆ ਹੈ। ਇਸੇ ਤਹਿਤ ਸ਼ਹੀਦ ਸਤਵੰਤ ਸਿੰਘ ਦੇ ਪਰਿਵਾਰ ਵਿਚੋਂ ਉਨ੍ਹਾਂ ਦੇ ਭਤੀਜੇ ਸੁਖਵਿੰਦਰ ਸਿੰਘ ਅਗਵਾਨ ਨੂੰ ਪਾਰਟੀ ਦੇ ਪਾਰਲੀਮਾਨੀ ਬੋਰਡ ਦਾ ਮੈਂਬਰ ਬਣਾਇਆ ਹੈ।

# ਵਿੱਤੀ ਸਾਲ 2024-25 'ਚ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਿਕ ਫੰਡਿੰਗ ਹੋਈ ਦੁੱਗਣੀ

**ਨਵੀਂ ਦਿੱਲੀ, (ਪੰਜਾਬ ਮੇਲ)-** ਵਿੱਤੀ ਸਾਲ 2024-25 'ਚ ਪ੍ਰਾਪਤ ਹੋਈ ਰਾਜਨੀਤਿਕ ਫੰਡਿੰਗ ਦੇ ਆਧਾਰ 'ਤੇ ਪੰਜਾਬ ਦੀ ਪ੍ਰਮੁੱਖ ਪਾਰਟੀ ਸ਼੍ਰੋਮਣੀ ਅਕਾਲੀ ਦਲ 40 ਖੇਤਰੀ ਰਾਜਨੀਤਿਕ ਪਾਰਟੀਆਂ ਦੀ ਸੂਚੀ ਵਿਚ 15ਵੇਂ ਸਥਾਨ 'ਤੇ ਹੈ, ਜਦੋਂ ਕਿ ਹਰਿਆਣਾ ਦੀ ਜਨਨਾਇਕ ਜਨਤਾ ਪਾਰਟੀ 26ਵੇਂ ਸਥਾਨ 'ਤੇ ਰਹੀ ਹੈ।

ਭਾਰਤ ਦੇ ਚੋਣ ਕਮਿਸ਼ਨ ਨੂੰ ਖੇਤਰੀ ਪਾਰਟੀਆਂ ਵੱਲੋਂ ਸੌਂਪੇ ਗਏ ਵੇਰਵਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਸ ਸਾਲ 28 ਦਾਨ ਜ਼ਰੀਏ 4.0645 ਕਰੋੜ ਰੁਪਏ ਪ੍ਰਾਪਤ ਕੀਤੇ, ਜਿਸ ਨਾਲ ਇਸ ਦੀ ਫੰਡਿੰਗ ਦੁੱਗਣੀ ਹੋ ਗਈ ਹੈ। ਇਸ ਦੇ ਉਲਟ, ਜੇ.ਜੇ.ਪੀ. ਦਾ ਰਾਜਨੀਤਿਕ ਦਾਨ 5.717 ਕਰੋੜ ਰੁਪਏ ਤੋਂ ਘੱਟ ਕੇ ਮਹਿਜ਼ 0.403 ਕਰੋੜ ਰੁਪਏ ਰਹਿ ਗਿਆ ਹੈ।

### ਜੇ.ਜੇ.ਪੀ. ਦਾ ਗਰਾਫ਼ ਡਿੱਗਿਆ

ਜੇ.ਜੇ.ਪੀ. ਨੇ ਵਿੱਤੀ ਸਾਲ 2023-24 ਵਿਚ 245 ਵਾਰ ਦਾਨ ਪ੍ਰਾਪਤ ਕਰਨ ਦਾ ਐਲਾਨ ਕੀਤਾ ਸੀ, ਜੋ ਕਿ ਵਿੱਤੀ ਸਾਲ 2024-25 ਵਿਚ ਘੱਟ ਕੇ ਸਿਰਫ਼ ਚਾਰ ਰਹਿ ਗਿਆ ਹੈ।

ਦੂਜੇ ਪਾਸੇ, ਅਕਾਲੀ ਦਲ ਨੂੰ ਵਿੱਤੀ ਸਾਲ 2024-25 'ਚ ਪਿਛਲੇ ਸਾਲ (ਵਿੱਤੀ ਸਾਲ 2023-24) ਨਾਲੋਂ ਲਗਪਗ ਦੁੱਗਣੀ ਫੰਡਿੰਗ ਮਿਲੀ ਹੈ, ਜਦੋਂ ਕਿ ਪਿਛਲੇ ਸਾਲ ਪਾਰਟੀ ਨੇ 133 ਦਾਨ ਰਾਹੀਂ 2.181 ਕਰੋੜ ਰੁਪਏ ਦੀ ਪ੍ਰਾਪਤੀ ਦਾ ਐਲਾਨ ਕੀਤਾ ਸੀ। ਭਾਵੇਂ ਅਕਾਲੀ ਦਲ ਨੂੰ ਮਿਲਣ ਵਾਲੇ ਦਾਨ ਦੀ ਗਿਣਤੀ 133 ਤੋਂ ਘੱਟ ਕੇ 28 ਰਹਿ ਗਈ, ਪਰ ਦਾਨ ਦੀ ਕੁੱਲ ਰਕਮ 'ਚ ਵਾਧਾ ਦਰਜ ਕੀਤਾ ਗਿਆ ਹੈ।

ਇਸ ਤਰ੍ਹਾਂ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦੀ ਆਰਥਿਕ ਸਥਿਤੀ ਮਜ਼ਬੂਤ ਹੋਈ ਹੈ, ਉੱਥੇ ਹੀ ਜੇ.ਜੇ.ਪੀ. ਨੂੰ ਵਿੱਤੀ ਪ੍ਰਾਪਤੀਆਂ ਦੇ ਮਾਮਲੇ ਵਿਚ ਭਾਰੀ ਗਿਰਾਵਟ ਦਾ ਸਾਹਮਣਾ ਕਰਨਾ ਪਿਆ ਹੈ।

# ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਸੁਖਬੀਰ ਬਾਦਲ ਵੱਲੋਂ ਮਹਿਲਾ ਰਾਖਵਾਂਕਰਨ ਬਿੱਲ ਨੂੰ ਤੁਰੰਤ ਲਾਗੂ ਕਰਨ ਮੰਗ



**ਨਵੀਂ ਦਿੱਲੀ, (ਪੰਜਾਬ ਮੇਲ)-** ਸੰਸਦ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਤੋਂ ਅਗਲੇ ਦਿਨ, ਸੁਖਬੀਰ ਬਾਦਲ ਨੇ ਮਹਿਲਾ ਰਾਖਵਾਂਕਰਨ ਬਿੱਲ ਦਾ ਸਮਰਥਨ ਕੀਤਾ ਹੈ। ਇਹ ਬਿੱਲ ਦੋ-ਤਿਹਾਈ ਬਹੁਮਤ ਨਾ ਮਿਲਣ ਕਾਰਨ ਸੰਸਦ ਦੀ ਮਨਜ਼ੂਰੀ ਦਾ ਇੰਤਜ਼ਾਰ ਕਰ ਰਿਹਾ ਹੈ।

ਸ਼ਨਿੱਚਰਵਾਰ ਨੂੰ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਨੇ ਦੇਸ਼ ਵਿਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਹੈ।

ਅਕਾਲੀ ਦਲ ਕੋਲ ਲੋਕ ਸਭਾ ਵਿਚ ਹਰਸਿਮਰਤ ਬਾਦਲ ਦੀ ਸਿਰਫ਼ ਇੱਕ ਵੋਟ ਹੈ, ਪਰ ਮਹਿਲਾ ਰਾਖਵਾਂਕਰਨ ਬਿੱਲ ਨੂੰ ਪਾਸ ਕਰਵਾਉਣ ਵਿਚ ਹਰ ਵੋਟ ਮਾਇਨੇ ਰੱਖਦੀ ਹੈ।

ਸੁਖਬੀਰ ਬਾਦਲ ਨੇ ਐਕਸ 'ਤੇ ਕਿਹਾ, "ਸ਼੍ਰੋਮਣੀ ਅਕਾਲੀ ਦਲ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚਲਦਾ ਹੈ, ਜਿਨ੍ਹਾਂ ਨੇ ਸਾਨੂੰ ਮਹਿਲਾਵਾਂ ਦੇ ਸਨਮਾਨ ਅਤੇ ਬਰਾਬਰੀ ਦਾ ਉਪਦੇਸ਼ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਆਪਣੇ ਹਾਊਸ ਵਿਚ ਮਹਿਲਾਵਾਂ ਲਈ ਰਾਖਵਾਂਕਰਨ ਦਾ ਪ੍ਰਬੰਧ ਕਰਕੇ ਇੱਕ ਮਿਸਾਲ ਕਾਇਮ ਕਰ ਚੁੱਕੀ ਹੈ।"

ਉਨ੍ਹਾਂ ਕਿਹਾ ਕਿ ਸੰਸਦ ਦੇ ਸਾਹਮਣੇ ਮੌਜੂਦ ਅਹਿਮ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ, ਸ਼੍ਰੋਮਣੀ ਅਕਾਲੀ ਦਲ ਨੇ ਨਿਰਪੱਖ ਅਤੇ ਸਮਾਨਤਾ-ਅਧਾਰਿਤ ਹੱਦਬੰਦੀ ਦੀ ਵੀ ਮੰਗ ਕੀਤੀ, ਜੋ ਸਾਰੇ ਸੂਬਿਆਂ ਨੂੰ ਬਰਾਬਰ ਦੀ ਨੁਮਾਇੰਦਗੀ ਯਕੀਨੀ ਬਣਾਏ।

ਸੁਖਬੀਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਵੱਲੋਂ ਸਦਨ ਵਿਚ ਰੱਖੇ ਗਏ ਸਾਰੇ ਸੂਬਿਆਂ ਦੀਆਂ ਸੀਟਾਂ ਵਿਚ ਇਕਸਾਰ 50% ਵਾਧੇ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਪਾਰਟੀ ਨੇ ਜ਼ੋਰ ਦੇ ਕੇ ਕਿਹਾ ਕਿ ਮਹਿਲਾ ਰਾਖਵਾਂਕਰਨ ਅਤੇ ਹੱਦਬੰਦੀ ਦੋਵੇਂ ਤੁਰੰਤ ਲਾਗੂ ਕੀਤੇ ਜਾਣੇ ਚਾਹੀਦੇ ਹਨ।

# ਪੰਜਾਬ 'ਚ ਪ੍ਰਾਈਵੇਟ ਸਕੂਲਾਂ ਵੱਲੋਂ ਮਨਮਰਜ਼ੀ ਦੇ ਫੀਸ ਵਾਧੇ ਨੂੰ ਰੋਕਣ ਲਈ ਵਿਧਾਨ ਸਭਾ 'ਚ ਬਿੱਲ ਪਾਸ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਪ੍ਰਾਈਵੇਟ ਸਕੂਲਾਂ ਵੱਲੋਂ ਫ਼ੀਸਾਂ ਵਿਚ ਮਨਮਰਜ਼ੀ ਨਾਲ ਕੀਤੇ ਜਾਂਦੇ ਵਾਧੇ ਨੂੰ ਰੋਕਣ ਲਈ ਇਕ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਅਖ਼ੀਰਲੇ ਦਿਨ ਸਿੱਖਿਆ ਮੰਤਰੀ ਨੇ 'ਪੰਜਾਬ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਦੀ ਫੀਸ ਦਾ ਰੈਗੂਲੇਸ਼ਨ (ਸੋਧ) ਬਿਲ, 2026' ਪੇਸ਼ ਕੀਤਾ, ਜਿਸ ਨੂੰ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਇਸ ਬਿੱਲ ਦਾ ਮੰਤਵ ਪ੍ਰਾਈਵੇਟ ਸਕੂਲਾਂ ਵੱਲੋਂ ਫ਼ੀਸਾਂ ਵਿਚ ਬੇਹਿਸਾਬਾ ਵਾਧਾ ਕਰ ਕੇ ਮਾਪਿਆਂ ਦੀ ਕੀਤੀ ਜਾਂਦੀ ਲੁੱਟ ਨੂੰ ਨੱਥ ਪਾਉਣਾ ਹੈ। ਬਿੱਲ ਵਿਚ ਨਿਯਮਾਂ ਦੀ ਉਲੰਘਣਾ ਕਰ ਕੇ ਮਨਮਰਜ਼ੀ ਨਾਲ ਫ਼ੀਸਾਂ ਵਧਾਉਣ ਵਾਲੇ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਅਤੇ 5 ਲੱਖ ਰੁਪਏ ਤਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਬਿੱਲ ਨਾਲ ਕੋਈ ਵੀ ਪ੍ਰਾਈਵੇਟ ਸਕੂਲ ਫ਼ੀਸ ਵਿਚ ਸਾਲਾਨਾ 5 ਫ਼ੀਸਦੀ ਤੋਂ ਵੱਧ ਵਾਧਾ ਨਹੀਂ ਕਰ ਸਕੇਗਾ। ਫ਼ੀਸ ਵਿਚ 5 ਫ਼ੀਸਦੀ ਤੋਂ ਜ਼ਿਆਦਾ ਵਾਧਾ ਕਰਨ ਲਈ ਸਕੂਲ ਪ੍ਰਬੰਧਕਾਂ ਨੂੰ ਜ਼ਿਲ੍ਹਾ ਰੈਗੂਲੇਟਰੀ ਬਾਡੀ ਤੋਂ 180 ਦਿਨ ਪਹਿਲਾਂ ਮਨਜ਼ੂਰੀ ਲੈਣੀ ਪਵੇਗੀ। ਫੀਸ ਵਧਾਉਣ ਦੀ ਮੰਗ ਕਰਨ ਵਾਲੇ ਸਕੂਲਾਂ ਦੇ ਵਿੱਤੀ ਰਿਕਾਰਡ ਦਾ ਫੋਰੈਂਸਿਕ ਆਡਿਟ ਕਰਵਾਇਆ ਜਾਵੇਗਾ ਤਾਂ ਜੋ ਵਪਾਰਕ ਨਫ਼ੇਖੋਰੀ ਦਾ ਪਤਾ ਲਗਾਇਆ ਜਾ ਸਕੇ।

ਇਸ ਬਿੱਲ ਵਿਚ ਇਹ ਵੀ ਪ੍ਰਾਵਧਾਨ ਹੈ ਕਿ ਜਿਨ੍ਹਾਂ ਸਕੂਲਾਂ ਨੇ ਪਿਛਲੇ 3 ਸਾਲਾਂ ਵਿਚ ਫ਼ੀਸਾਂ ਵਿਚ ਕੁੱਲ 15 ਫ਼ੀਸਦੀ ਤੋਂ ਜ਼ਿਆਦਾ ਵਾਧਾ ਕੀਤਾ ਹੈ, ਉਨ੍ਹਾਂ ਨੂੰ ਵੀ ਵਾਧੂ ਵਸੂਲੀ ਗਈ ਰਕਮ 90 ਦਿਨਾਂ ਦੇ ਅੰਦਰ ਮਾਪਿਆਂ ਨੂੰ ਵਾਪਸ ਕਰਨੀ ਪਵੇਗੀ। ਅਜਿਹਾ ਨਾ ਕਰਨ 'ਤੇ ਸਕੂਲ ਨੂੰ 10 ਹਜ਼ਾਰ ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧੂ ਜੁਰਮਾਨਾ ਲਗਾਇਆ ਜਾਵੇਗਾ ਅਤੇ ਲਗਾਤਾਰ ਉਲੰਘਣਾ ਕਰਨ 'ਤੇ ਸਕੂਲ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸਕੂਲ ਮਾਪਿਆਂ ਨੂੰ ਕਿਸੇ ਖ਼ਾਸ ਦੁਕਾਨਦਾਰ ਜਾਂ ਵੈਂਡਰ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕਰ ਸਕਣਗੇ, ਸਗੋਂ ਘੱਟੋ-ਘੱਟ 3 ਪਬਲਿਸ਼ਰਾਂ ਜਾਂ ਵੈਂਡਰਾਂ ਦੀ ਸੂਚੀ ਜਾਰੀ ਕਰਨੀ ਲਾਜ਼ਮੀ ਹੋਵੇਗੀ। ਇਸੇ ਤਰ੍ਹਾਂ ਟਿਊਸ਼ਨ ਫੀਸ ਤੋਂ ਇਲਾਵਾ ਐਨੂਅਲ ਚਾਰਜ, ਸਮਾਰਟ ਕਲਾਸ, ਐਕਟੀਵਿਟੀ, ਲੈਬ ਅਤੇ ਲਾਇਬ੍ਰੇਰੀ ਵਰਗੇ ਸਾਰੇ ਖਰਚੇ ਫੀਸ ਦੇ ਘੇਰੇ ਵਿਚ ਲਿਆਂਦੇ ਗਏ ਹਨ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਪੰਜਾਬ ਵਿਚ ਪਹਿਲੀ ਵਾਰ ਆਈ.ਪੀ.ਐੱਲ. ਦੀ ਤਰਜ਼ 'ਤੇ ਹੋਵੇਗੀ ਸ਼ੇਰ-ਏ-ਪੰਜਾਬ ਟੀ-20 ਲੀਗ

**30 ਅਗਸਤ ਤੋਂ 13 ਸਤੰਬਰ ਤੱਕ ਮੁਹਾਲੀ ਵਿਚ ਕਰਵਾਏ ਜਾਣਗੇ ਮੈਚ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨਿਚਰਵਾਰ ਨੂੰ ਐਲਾਨ ਕੀਤਾ ਕਿ ਪੰਜਾਬ ਵਿਚ ਆਈ.ਪੀ.ਐੱਲ. ਦੀ ਤਰਜ਼ 'ਤੇ 'ਸ਼ੇਰ-ਏ-ਪੰਜਾਬ ਟੀ-20 ਲੀਗ' ਸ਼ੁਰੂ ਹੋਣ ਜਾ ਰਹੀ ਹੈ। ਇਹ ਲੀਗ 30 ਅਗਸਤ ਤੋਂ 13 ਸਤੰਬਰ ਤੱਕ ਮੁਹਾਲੀ ਦੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਸਟੇਡੀਅਮ ਵਿਚ ਖੇਡੀ ਜਾਵੇਗੀ।

ਇਸ ਟੂਰਨਾਮੈਂਟ 'ਚ 6 ਫਰੈਂਚਾਇਜ਼ੀ ਟੀਮਾਂ ਹਿੱਸਾ ਲੈਣਗੀਆਂ ਅਤੇ ਪੰਜਾਬ ਦੇ ਨਾਮਵਰ ਖਿਡਾਰੀ ਸ਼ੁਭਮਨ ਗਿੱਲ, ਅਰਸ਼ਦੀਪ ਸਿੰਘ, ਅਭਿਸ਼ੇਕ ਸ਼ਰਮਾ, ਪ੍ਰਭਸਿਮਰਨ ਸਿੰਘ, ਰਮਨਦੀਪ ਸਿੰਘ ਅਤੇ ਗੁਰਨੂਰ ਬਰਾੜ ਇਸ ਵਿਚ ਖੇਡਣਗੇ।

ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਹਮੇਸ਼ਾ ਤੋਂ ਦੇਸ਼ ਲਈ ਮੋਹਰੀ ਖਿਡਾਰੀ ਪੈਦਾ ਕਰਦਾ ਰਿਹਾ ਹੈ ਅਤੇ ਮੌਜੂਦਾ ਸਮੇਂ ਵਿਚ ਪੰਜਾਬ 21 ਖਿਡਾਰੀਆਂ ਨਾਲ ਭਾਰਤੀ ਕ੍ਰਿਕਟ ਟੀਮ ਦੀ ਰੀੜ੍ਹ ਦੀ ਹੱਡੀ ਬਣਿਆ ਹੋਇਆ ਹੈ। ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਸੂਬੇ ਵਿਚ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਨਸ਼ਿਆਂ ਵਿਰੁੱਧ ਲੜਾਈ ਵਿਚ ਖੇਡਾਂ ਨੂੰ ਸਭ ਤੋਂ ਵੱਡਾ ਹਥਿਆਰ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਲੀਗ ਵਿਚ ਸਾਰੇ ਖਿਡਾਰੀ ਪੰਜਾਬ ਦੇ ਹੀ ਹੋਣਗੇ, ਜਿਸ ਨਾਲ ਉੱਭਰਦੇ ਖਿਡਾਰੀਆਂ ਨੂੰ ਵੱਡੇ ਸਿਤਾਰਿਆਂ ਨਾਲ ਡਰੈਸਿੰਗ ਰੂਮ ਸਾਂਝਾ ਕਰਨ ਦਾ ਮੌਕਾ ਮਿਲੇਗਾ।

ਇਸ ਲੀਗ ਵਿਚ ਸ਼ਾਮਲ 6 ਟੀਮਾਂ ਅਤੇ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਖਿਡਾਰੀਆਂ ਦੇ ਨਾਵਾਂ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਫਾਜ਼ਿਲਕਾ ਫਾਲਕਨਜ਼ ਵੱਲੋਂ, ਅਰਸ਼ਦੀਪ ਸਿੰਘ ਲੁਧਿਆਣਾ ਲਾਇਨਜ਼ ਵੱਲੋਂ, ਅਭਿਸ਼ੇਕ ਸ਼ਰਮਾ ਅੰਮ੍ਰਿਤਸਰ ਸੂਰਮਾਜ਼ ਵੱਲੋਂ, ਪ੍ਰਭਸਿਮਰਨ ਸਿੰਘ ਜਲੰਧਰ ਵਾਰੀਅਰਜ਼ ਵੱਲੋਂ, ਰਮਨਦੀਪ ਸਿੰਘ ਮੁਹਾਲੀ ਕਿੰਗਜ਼ ਵੱਲੋਂ ਅਤੇ ਗੁਰਨੂਰ ਬਰਾੜ ਬਠਿੰਡਾ ਰੌਇਲਜ਼ ਵੱਲੋਂ ਖੇਡਣਗੇ।

ਇਸ ਟੂਰਨਾਮੈਂਟ ਲਈ 450 ਤੋਂ ਵੱਧ ਪੰਜਾਬੀ ਖਿਡਾਰੀਆਂ ਦਾ ਇੱਕ ਪੂਲ ਤਿਆਰ ਕੀਤਾ ਗਿਆ ਹੈ, ਜਿਨ੍ਹਾਂ ਦੀ ਨਿਲਾਮੀ 9 ਅਗਸਤ ਨੂੰ ਹੋਵੇਗੀ। ਇਨ੍ਹਾਂ ਵਿਚ ਅਨਮੋਲਪ੍ਰੀਤ ਸਿੰਘ, ਮਯੰਕ ਮਾਰਕੰਡੇ, ਨਮਨ ਧੀਰ, ਵਿਆਨ ਮਲਹੋਤਰਾ, ਇਮਾਨਜੋਤ ਸਿੰਘ ਚਾਹਲ, ਅਸ਼ਵਨੀ ਕੁਮਾਰ ਅਤੇ ਕ੍ਰਿਸ਼ ਭਗਤ ਵਰਗੇ ਪ੍ਰਮੁੱਖ ਖਿਡਾਰੀ ਸ਼ਾਮਲ ਹਨ। ਲੀਗ ਦੇ ਸਾਰੇ ਮੈਚ ਰਾਊਂਡ-ਰੌਬਿਨ ਆਧਾਰ 'ਤੇ ਖੇਡੇ ਜਾਣਗੇ ਅਤੇ ਹਰੇਕ ਟੀਮ ਅੱਠ ਲੀਗ ਮੈਚ ਖੇਡੇਗੀ।

ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਸੂਬੇ ਵਿਚ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ 'ਖੇਡਾਂ ਵਤਨ ਪੰਜਾਬ ਦੀਆਂ' ਹਰ ਸਾਲ ਕਰਵਾਈਆਂ ਜਾਂਦੀਆਂ ਹਨ ਅਤੇ 3,100 ਤੋਂ ਵੱਧ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਅਕਤੂਬਰ-ਨਵੰਬਰ ਵਿਚ ਪੰਜਾਬ ਪਹਿਲੀ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਵੀ ਕਰੇਗਾ। ਇਸ ਮੌਕੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ, ਸਕੱਤਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਮੀਤ ਪ੍ਰਧਾਨ ਦੀਪਕ ਬਾਲੀ ਨੇ ਮੁੱਖ ਮੰਤਰੀ ਨੂੰ ਲੀਗ ਦੇ ਲੋਗੋ ਵਾਲੀ ਟੀ-ਸ਼ਰਟ ਭੇਟ ਕੀਤੀ, ਜਦੋਂ ਕਿ ਭਾਰਤੀ ਕ੍ਰਿਕਟ ਖਿਡਾਰੀਆਂ ਨੇ ਮੁੱਖ ਮੰਤਰੀ ਨੂੰ ਸਤਿਕਾਰ ਵਜੋਂ ਕ੍ਰਿਕਟ ਬੈਟ ਅਤੇ ਬਾਲ ਭੇਟ ਕੀਤਾ।

## ਪੰਜਾਬ ਕਾਂਗਰਸ 'ਚ ਬਾਜਵਾ ਸਮੇਤ ਸਾਰੇ ਵਿਧਾਇਕਾਂ ਨੇ ਹਾਈ ਹਾਈਕਮਾਂਡ ਨੂੰ ਲਿੱਖੀ ਚਿੱਠੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ 'ਚ ਰਾਜਾ ਵੜਿੰਗ ਅਤੇ ਚਰਨਜੀਤ ਸਿੰਘ ਚੰਨੀ ਦੇ ਵਿਵਾਦ ਵਿਚਾਲੇ ਹੁਣ ਤੀਜਾ ਧੜਾ ਵੀ ਸਰਗਰਮ ਹੋ ਗਿਆ ਹੈ। ਇਹ ਧੜਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਹੈ। ਜਾਣਕਾਰੀ ਅਨੁਸਾਰ ਬਾਜਵਾ ਸਮੇਤ 15 ਵਿਧਾਇਕਾਂ ਨੇ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੂੰ ਚਿੱਠੀ ਲਿਖ ਕੇ ਮੁਲਾਕਾਤ ਦਾ ਸਮਾਂ ਮੰਗਿਆ ਹੈ। ਵਿਧਾਇਕਾਂ ਨੇ ਚਿੱਠੀ 'ਚ ਕੀ ਮੰਗ ਰੱਖੀ ਹੈ, ਇਸ ਬਾਰੇ ਹਾਲੇ ਸਪੱਸ਼ਟ ਜਾਣਕਾਰੀ ਨਹੀਂ ਮਿਲੀ ਹੈ। ਹੁਣ ਦੇਖਣਾ ਹੋਵੇਗਾ ਕਿ ਮੁਲਾਕਾਤ ਤੋਂ ਬਾਅਦ ਕੀ ਨਤੀਜਾ ਨਿਕਲਦਾ ਹੈ।

ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਧੜੇ ਸਰਗਰਮ ਸਨ ਅਤੇ ਦੋਵਾਂ ਵਿਚਾਲੇ ਪ੍ਰਧਾਨਗੀ ਦੇ ਅਹੁਦੇ ਨੂੰ ਲੈ ਕੇ ਤਕਰਾਰ ਚੱਲ ਰਹੀ ਸੀ। ਚਰਚਾ ਬਣੀ ਹੋਈ ਹੈ ਕਿ ਪ੍ਰਧਾਨਗੀ ਦੀ ਲੜਾਈ 'ਚ ਪ੍ਰਤਾਪ ਬਾਜਵਾ ਤੀਜੇ ਦਾਅਵੇਦਾਰ ਵਜੋਂ ਉੱਭਰ ਸਕਦੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇਕਰ ਕਾਂਗਰਸ ਸੱਤਾ 'ਚ ਆਉਂਦੀ ਹੈ, ਤਾਂ ਪਾਰਟੀ ਪ੍ਰਧਾਨ ਦਾ ਚਿਹਰਾ ਹੀ ਮੁੱਖ ਮੰਤਰੀ ਦਾ ਚਿਹਰਾ ਹੋ ਸਕਦਾ ਹੈ। ਇਹ ਸਾਰੀਆਂ ਗੱਲਾਂ ਹਾਈਕਮਾਂਡ ਤੱਕ ਪਹੁੰਚਾਈਆਂ ਜਾ ਰਹੀਆਂ ਹਨ।


MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


## ਮਹਿਲਾ ਟੀ-20 ਏਸ਼ੀਆ ਕੱਪ 28 ਅਗਸਤ ਤੋਂ; 13 ਸਤੰਬਰ ਤੱਕ ਹੋਣਗੇ ਮੁਕਾਬਲੇ

**ਭਾਰਤ-ਪਾਕਿ ਮੈਚ ਪੰਜ ਸਤੰਬਰ ਨੂੰ**

**ਦੁਬਈ, (ਪੰਜਾਬ ਮੇਲ)-** ਏਸ਼ਿਆਈ ਕ੍ਰਿਕਟ ਕੌਂਸਲ ਨੇ ਜਾਣਕਾਰੀ ਦਿੱਤੀ ਕਿ ਮਹਿਲਾ ਟੀ-20 ਏਸ਼ੀਆ ਕੱਪ ਵਿਚ ਭਾਰਤ ਦਾ ਮੁਕਾਬਲਾ 5 ਸਤੰਬਰ ਨੂੰ ਦੁਬਈ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ 'ਚ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨਾਲ ਹੋਵੇਗਾ। ਅੱਠ ਟੀਮਾਂ ਵਾਲਾ ਇਹ ਟੂਰਨਾਮੈਂਟ 28 ਅਗਸਤ ਤੋਂ ਸ਼ੁਰੂ ਹੋਵੇਗਾ ਅਤੇ ਇਹ 13 ਸਤੰਬਰ ਤੱਕ ਜਾਰੀ ਰਹੇਗਾ, ਜਿਸ ਦਾ ਪਹਿਲਾ ਮੁਕਾਬਲਾ ਗਰੁੱਪ ਏ ਤਹਿਤ ਹਾਂਗਕਾਂਗ ਅਤੇ ਥਾਈਲੈਂਡ ਵਿਚਕਾਰ ਖੇਡਿਆ ਜਾਵੇਗਾ। ਗਰੁੱਪ ਏ ਵਿਚ ਭਾਰਤ, ਪਾਕਿਸਤਾਨ, ਥਾਈਲੈਂਡ, ਹਾਂਗਕਾਂਗ ਅਤੇ ਚੀਨ ਨੂੰ ਰੱਖਿਆ ਗਿਆ ਹੈ। ਮੌਜੂਦਾ ਚੈਂਪੀਅਨ ਸ੍ਰੀਲੰਕਾ, ਬੰਗਲਾਦੇਸ਼, ਯੂ.ਏ.ਈ. ਅਤੇ ਇੰਡੋਨੇਸ਼ੀਆ ਨੂੰ ਗਰੁੱਪ ਬੀ ਵਿਚ ਰੱਖਿਆ ਗਿਆ ਹੈ।

ਮਹਿਲਾ ਏਸ਼ੀਆ ਕੱਪ ਦਾ ਇਹ ਛੇਵਾਂ ਐਡੀਸ਼ਨ ਟੀ-20 ਫਾਰਮੈਟ ਵਿਚ ਖੇਡਿਆ ਜਾਵੇਗਾ, ਜਿਸ ਵਿਚ ਟੀਮਾਂ ਸਿੰਗਲ ਰਾਊਂਡ-ਰੌਬਿਨ ਗਰੁੱਪ ਸਟੇਜ ਵਿਚ ਆਪਸ ਵਿਚ ਮੁਕਾਬਲਾ ਕਰਨਗੀਆਂ। ਹਰ ਗਰੁੱਪ ਦੀਆਂ ਚੋਟੀ ਦੀਆਂ ਦੋ ਟੀਮਾਂ ਸੈਮੀਫਾਈਨਲ ਲਈ ਕੁਆਲੀਫਾਈ ਕਰਨਗੀਆਂ, ਜੋ ਕਿ 10 ਸਤੰਬਰ (ਏ-1 ਬਨਾਮ ਬੀ-2) ਅਤੇ 11 ਸਤੰਬਰ (ਏ-2 ਬਨਾਮ ਬੀ-1) ਨੂੰ ਖੇਡੇ ਜਾਣਗੇ, ਜਦਕਿ ਫ਼ਾਈਨਲ ਮੁਕਾਬਲਾ 13 ਸਤੰਬਰ ਨੂੰ ਹੋਵੇਗਾ।

## ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੇ ਆਖਰੀ ਦਿਨ 9 ਬਿੱਲ ਪਾਸ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੇ ਆਖ਼ਰੀ ਦਿਨ 9 ਬਿੱਲ ਪਾਸ ਕੀਤੇ ਗਏ। ਹਾਲਾਂਕਿ ਕੁੱਝ ਬਿੱਲਾਂ 'ਤੇ ਬਹਿਸ ਵੀ ਹੋਈ। ਜਾਣਕਾਰੀ ਅਨੁਸਾਰ ਪੰਜਾਬ ਵਿਧਾਨ ਸਭਾ 'ਚ ਪੰਜਾਬ ਕਾਮਨ ਇਨਫਰਾਸਟਰੱਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿੱਲ, 2026, ਦਿ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿੱਲ, 2026, ਕਲਾਊਡ ਯੂਨੀਵਰਸਿਟੀ, ਹੁਸ਼ਿਆਰਪੁਰ ਬਿੱਲ, 2026, ਐੱਮ.ਐੱਸ. ਡਿਜ਼ੀਟਲ ਯੂਨੀਵਰਸਿਟੀ, ਪਟਿਆਲਾ ਬਿੱਲ, 2026, ਫਿਜ਼ਿਕਸਵਾਲਾ ਡਿਜ਼ੀਟਲ ਯੂਨੀਵਰਸਿਟੀ, ਪਟਿਆਲਾ ਬਿੱਲ, 2026, ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ, 2026, ਪੰਜਾਬ ਰਾਜ ਆਊਟਸੋਰਸਡ ਪਰਸੋਨਲ (ਟਰਾਂਜਿਸ਼ਨ ਟੂ ਕੰਟਰੈਕਟੂਅਲ ਇੰਗੇਜਮੈਂਟ) ਬਿੱਲ, 2026, ਪੰਜਾਬ ਪੰਚਾਇਤੀ ਰਾਜ (ਸੋਧ) ਬਿੱਲ, 2026 , ਪੰਜਾਬ ਪ੍ਰੋਟੈਕਸ਼ਨ ਆਫ ਟ੍ਰੀਜ਼ ਬਿੱਲ, 2026 ਪਾਸ ਹੋਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਪ੍ਰਾਈਵੇਟ ਸਕੂਲ ਨਵੇਂ ਅਕਾਦਮਿਕ ਸੈਸ਼ਨ 'ਚ 5 ਫ਼ੀਸਦੀ ਤੋਂ ਜ਼ਿਆਦਾ ਫ਼ੀਸ ਨਹੀਂ ਵਧਾ ਸਕਣਗੇ। ਕਿਸੇ ਵੀ ਮੱਦ ਤਹਿਤ ਮਾਪਿਆਂ ਤੋਂ ਵਸੂਲੀ ਗਈ ਹਰ ਰਕਮ ਨੂੰ ਫ਼ੀਸ ਹੀ ਮੰਨਿਆ ਜਾਵੇਗਾ ਤੇ ਇਸ ਨੂੰ ਰੈਗੂਲੇਸ਼ਨ ਅਧੀਨ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਨਿੱਜੀ ਸਕੂਲਾਂ ਦਾ ਫਾਰੈਂਸਿਕ ਆਡਿਟ ਕਰਵਾਵਾਂਗੇ ਅਤੇ ਜ਼ਿਆਦਾ ਲਈ ਗਈ ਫ਼ੀਸ ਮਾਪਿਆਂ ਨੂੰ ਮੋੜਾਂਗੇ। ਉਲੰਘਣਾ ਕਰਨ 'ਤੇ ਪਹਿਲੀ ਵਾਰ 50 ਹਜ਼ਾਰ ਰੁਪਏ ਜੁਰਮਾਨਾ, ਦੂਜੀ ਵਾਰ ਇਕ ਲੱਖ ਰੁਪਏ ਦਾ ਜੁਰਮਾਨਾ ਤੇ ਤੀਜੀ ਵਾਰ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਇਹ ਬਿੱਲ ਕੁਝ ਦਿਨ ਪਹਿਲਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਦਨ ਵਿਚ ਪੇਸ਼ ਕੀਤਾ ਸੀ। ਪੰਜਾਬ ਵਿਧਾਨ ਸਭਾ ਵਿਚ ਪੇਸ਼ ਹੋਏ ਬਿੱਲਾਂ 'ਤੇ ਭਾਰੀ ਹੰਗਾਮਾ ਹੋਇਆ।

## ਕੈਨੇਡਾ ਦੀ ਫੈਡਰਲ ਅਦਾਲਤ ਨੇ ਪੰਜਾਬੀ ਮੂਲ ਦੇ ਵਿਅਕਤੀ ਨੂੰ ਰਿਹਾਅ ਕਰਨ ਦਾ ਫੈਸਲਾ ਪਲਟਿਆ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀ ਇੱਕ ਫੈਡਰਲ ਅਦਾਲਤ ਨੇ ਪੰਜਾਬੀ ਮੂਲ ਦੇ ਕਰਮਵੀਰ ਸਿੰਘ ਨੂੰ ਰਿਹਾਅ ਕਰਨ ਦੇ ਇਮੀਗ੍ਰੇਸ਼ਨ ਅਤੇ ਰਿਫਿਊਜੀ ਬੋਰਡ (ਆਈ.ਆਰ.ਬੀ.) ਦੇ ਫੈਸਲੇ ਨੂੰ ਪਲਟ ਦਿੱਤਾ ਹੈ। ਕਰਮਵੀਰ ਸਿੰਘ, ਜੋ ਕਿ ਕਥਿਤ ਤੌਰ 'ਤੇ ਬਿਸ਼ਨੋਈ ਗੈਂਗ ਨਾਲ ਜੁੜਿਆ ਹੋਇਆ ਹੈ ਅਤੇ ਖੁਦ ਨੂੰ ਖਾਲਿਸਤਾਨੀ ਵੱਖਵਾਦੀ ਦੱਸਦਾ ਹੈ, ਹੁਣ ਹਿਰਾਸਤ ਵਿਚ ਹੀ ਰਹੇਗਾ । ਜੱਜ ਫੂੰਗ ਐਨਗੋ ਨੇ ਇਹ ਫੈਸਲਾ ਕੈਨੇਡਾ ਦੇ ਜਨਤਕ ਸੁਰੱਖਿਆ ਮੰਤਰੀ ਦੀ ਅਪੀਲ 'ਤੇ ਸੁਣਾਇਆ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ ਕਰਮਵੀਰ ਸਿੰਘ ਪੰਜਾਬੀ ਮੂਲ ਦਾ ਭਾਰਤੀ ਨਾਗਰਿਕ ਹੈ ਅਤੇ ਸਾਲ 2012 ਦੇ ਇੱਕ ਕਤਲ ਕੇਸ ਵਿਚ ਭਾਰਤ ਵਿਚ ਲੋੜੀਂਦਾ ਭਗੌੜਾ ਹੈ। ਉਹ ਸਾਲ 2019 ਵਿਚ ਭਾਰਤ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਅਮਰੀਕਾ ਭੱਜ ਗਿਆ ਸੀ ਅਤੇ ਫਿਰ ਉਸ ਨੇ ਜਨਵਰੀ 2025 ਵਿਚ ਕੈਨੇਡਾ ਪਹੁੰਚ ਕੇ ਸ਼ਰਨ ਦੀ ਮੰਗ ਕੀਤੀ ਸੀ। ਕਰਮਵੀਰ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੂੰ ਦਿੱਤੇ ਇੰਟਰਵਿਊ ਵਿਚ ਦਾਅਵਾ ਕੀਤਾ ਸੀ ਕਿ ਉਸ ਨੂੰ ਆਪਣੀ ਸਿਆਸੀ ਰਾਇ ਅਤੇ ਖਾਲਿਸਤਾਨੀ ਗਤੀਵਿਧੀਆਂ ਕਾਰਨ ਭਾਰਤ ਵਿਚ ਖ਼ਤਰਾ ਹੈ। ਜੱਜ ਨੇ ਆਪਣੀ ਟਿੱਪਣੀ ਵਿਚ ਕਿਹਾ ਕਿ ਕਰਮਵੀਰ ਕਥਿਤ ਤੌਰ 'ਤੇ ਬਿਸ਼ਨੋਈ ਗੈਂਗ ਦਾ ਮੈਂਬਰ ਹੈ, ਜਿਸ ਨੂੰ ਕੈਨੇਡਾ ਸਰਕਾਰ ਨੇ ਸਤੰਬਰ 2025 ਵਿਚ ਇੱਕ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕੀਤਾ ਸੀ। ਜ਼ਿਕਰਯੋਗ ਹੈ ਕਿ ਇਹ ਗੈਂਗ ਮੁੱਖ ਤੌਰ 'ਤੇ ਭਾਰਤ ਤੋਂ ਆਪਣੀਆਂ ਅਪਰਾਧਿਕ ਗਤੀਵਿਧੀਆਂ ਚਲਾ ਰਿਹਾ ਹੈ।

ਕਰਮਵੀਰ ਸਿੰਘ ਅਪ੍ਰੈਲ 2025 ਤੋਂ ਪੰਜਾਬੀ ਗਾਇਕਾਂ ਤੋਂ ਜਬਰੀ ਵਸੂਲੀ ਦੇ ਮਾਮਲੇ ਵਿਚ ਕੈਨੇਡਾ ਪੁਲਿਸ ਦੀ ਹਿਰਾਸਤ ਵਿਚ ਹੈ। ਰਿਪੋਰਟਾਂ ਮੁਤਾਬਕ ਐੱਫ.ਬੀ.ਆਈ. ਦੀ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਸੀ ਕਿ ਸਤੰਬਰ 2024 ਵਿਚ ਮਸ਼ਹੂਰ ਪੰਜਾਬੀ ਗਾਇਕ ਏ.ਪੀ. ਢਿੱਲੋਂ ਦੇ ਬ੍ਰਿਟਿਸ਼ ਕੋਲੰਬੀਆ ਸਥਿਤ ਘਰ 'ਤੇ ਗੋਲੀਬਾਰੀ ਅਤੇ ਅਗਜ਼ਨੀ ਕਰਨ ਦੇ ਹੁਕਮ ਵੀ ਕਰਮਵੀਰ ਨੇ ਹੀ ਦਿੱਤੇ ਸਨ। ਅਦਾਲਤ ਨੇ ਪਾਇਆ ਕਿ ਕਰਮਵੀਰ ਦੀ ਰਿਹਾਇਸ਼ ਲਈ ਉਸ ਦੀਆਂ ਭੈਣਾਂ ਅਤੇ ਜੀਜੇ ਵੱਲੋਂ ਦਿੱਤੇ ਗਏ ਫੰਡਾਂ ਦਾ ਸਰੋਤ ਸ਼ੱਕੀ ਸੀ। ਇਸ ਕਾਰਨ ਜੱਜ ਨੇ ਉਸ ਨੂੰ ਰਿਹਾਅ ਕਰਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ। ਮੌਜੂਦਾ ਸਮੇਂ ਵਿਚ ਕਰਮਵੀਰ ਸਿੰਘ ਵਿਰੁੱਧ ਕੈਨੇਡਾ ਵਿਚ ਦੇਸ਼ ਨਿਕਾਲੇ ਦੀ ਕਾਰਵਾਈ ਚੱਲ ਰਹੀ ਹੈ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included



Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

ਪੰਜਾਬ ਮੇਲ USA

# ਅਯੁੱਧਿਆ ਰਾਮ ਮੰਦਰ ਦਾਨ ਮਾਮਲੇ ਦੀ ਜਾਂਚ ਮੁਕੰਮਲ

■ **ਅਗਲੇ ਮਹੀਨੇ ਦਾਖਲ ਹੋਵੇਗੀ ਚਾਰਜਸ਼ੀਟ**



**ਅਯੁੱਧਿਆ, (ਪੰਜਾਬ ਮੇਲ)-** ਅਯੁੱਧਿਆ ’ਚ ਰਾਮ ਮੰਦਰ ’ਚ ਦਾਨ ਦੇ ਕਥਿਤ ਗਬਨ ਦੇ ਮਾਮਲੇ ਦੇ ਜਾਂਚ ਇੰਚਾਰਜ ਨੇ ਕੇਸ ਦੇ ਵੱਖ-ਵੱਖ ਪਹਿਲੂਆਂ ਦੀ ਜਾਂਚ ਪੂਰੀ ਕਰ ਲਈ ਹੈ। ਇਹ ਜਾਣਕਾਰੀ ਅਯੁੱਧਿਆ ਦੇ ਸੀਨੀਅਰ ਪੁਲਿਸ ਸੁਪਰਡੈਂਟ (ਐੱਸ.ਐੱਸ.ਪੀ.) ਗੌਰਵ ਗਰੋਵਰ ਨੇ ਦਿੱਤੀ।

ਐੱਸ.ਐੱਸ.ਪੀ. ਨੇ ਕਿਹਾ ਕਿ ਜਾਂਚ 90 ਦਿਨਾਂ ਵਿਚ ਪੂਰੀ ਕੀਤੀ ਜਾਣੀ ਹੈ ਅਤੇ ਅਗਲੇ ਮਹੀਨੇ ਦੇ ਅੰਤ ਤੱਕ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਜਾਣੀ ਹੈ।

ਸ਼ਨਿਚਰਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ, ਗਰੋਵਰ ਨੇ ਕਿਹਾ ਕਿ ਐੱਸ.ਆਈ.ਟੀ. ਕੋਈ ਵੱਖਰੀ ਜਾਂਚ ਨਹੀਂ ਕਰ ਰਹੀ ਹੈ ਅਤੇ ਉੱਚ-ਪੱਧਰੀ ਜਾਂਚ ਸਲਾਹਕਾਰ ਦੀ ਭੂਮਿਕਾ ਵਿਚ ਪੁਲਿਸ ਜਾਂਚ ਨਾਲ ਤਾਲਮੇਲ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਐੱਸ.ਆਈ.ਟੀ. ਦੇ ਚੇਅਰਮੈਨ ਲਖਨਊ ਆਈ.ਜੀ.ਪੀ. ਕਿਰਨ ਐੱਸ. ਹਨ, ਜਿਨ੍ਹਾਂ ਕੋਲ ਸੀ.ਬੀ.ਆਈ. ਵਿਚ ਪੰਜ ਸਾਲ ਦਾ ਤਜ਼ਰਬਾ ਹੈ।

ਗਰੋਵਰ ਨੇ ਅੱਗੇ ਕਿਹਾ ਕਿ ਉਹ ਸਥਾਨਕ ਪੱਧਰ ’ਤੇ ਲਗਾਤਾਰ ਜਾਂਚ ’ਤੇ ਨਜ਼ਰ ਰੱਖ ਰਹੇ ਹਨ ਅਤੇ ਸਲਾਹ ਵੀ ਦੇ ਰਹੇ ਹਨ। ਮੰਦਰ ਦੇ ਸੂਤਰਾਂ ਨੇ ਦੱਸਿਆ ਕਿ ਰਾਮ ਮੰਦਰ ਵਿਚ ਦਾਨ ਦੇ ਕਥਿਤ ਗਬਨ ਵਿਚ ਹੁਣ ਤੱਕ ਕੋਈ ਵੀ ਪ੍ਰਮੁੱਖ ਵਿਅਕਤੀ ਕਾਨੂੰਨੀ ਕਾਰਵਾਈ ਦੇ ਘੇਰੇ ਵਿਚ ਨਹੀਂ ਆਇਆ ਹੈ।

ਸੂਤਰਾਂ ਨੇ ਅੱਗੇ ਕਿਹਾ ਕਿ ਇਸ ਤੋਂ ਪਹਿਲਾਂ ਐੱਸ.ਆਈ.ਟੀ. ਨੇ ਸ਼੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਦੇ ਸਾਬਕਾ ਮੈਂਬਰ ਅਨਿਲ ਮਿਸ਼ਰਾ ਦੀ ਭੂਮਿਕਾ ’ਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਅਯੁੱਧਿਆ ਦੇ ਰਾਮ ਜਨਮਭੂਮੀ ਪੁਲਿਸ ਸਟੇਸ਼ਨ ਵਿਖੇ 25 ਜੂਨ ਨੂੰ ਦਰਜ ਕੀਤੇ ਗਏ ਦਾਨ ਚੋਰੀ ਦੇ ਕੇਸ ਦੀ ਐੱਫ.ਆਈ.ਆਰ. ਦੇ ਅਨੁਸਾਰ ਪੁਲਿਸ ਨੇ ਅੱਠ ਦੋਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਸੀ।

ਇਨ੍ਹਾਂ ਵਿਚ ਮੰਦਰ ਟਰੱਸਟ ਦੇ ਸਾਬਕਾ ਜਨਰਲ ਸਕੱਤਰ ਚੰਪਤ ਰਾਏ ਦੇ ਕਰੀਬੀ ਸਾਥੀ ਟੀਨੂੰ ਯਾਦਵ, ਗਿਣਤੀ ਇੰਚਾਰਜ ਸੁਭਾਸ਼ ਸ੍ਰੀਵਾਸਤਵ, ਰਾਮਸ਼ੰਕਰ ਮਿਸ਼ਰਾ, ਮਨੀਸ਼ ਯਾਦਵ, ਕਰੁਣੇਸ਼, ਲਵਕੁਸ਼ ਮਿਸ਼ਰਾ, ਅਨੁਕਲਪ ਅਤੇ ਅਵਿਨਾਸ਼ ਸ਼ੁਕਲਾ ਸ਼ਾਮਲ ਸਨ।

ਪੁਲਿਸ ਨੇ ਸਾਰੇ ਅੱਠ ਦੋਸ਼ੀਆਂ ਨੂੰ ਰਿਮਾਂਡ ’ਤੇ ਲਿਆ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ।

ਸੁਪਰੀਮ ਕੋਰਟ ਨੂੰ 27 ਜੁਲਾਈ ਨੂੰ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਸੂਚਿਤ ਕੀਤਾ ਗਿਆ ਸੀ ਕਿ ਇਸ ਨੇ ਅਯੁੱਧਿਆ ਵਿਚ ਰਾਮ ਮੰਦਰ ਵਿਚ ਦਾਨ ਦੇ ਕਥਿਤ ਗਬਨ ਦੀ ਜਾਂਚ ਲਈ ਆਈ.ਜੀ.ਪੀ. ਕਿਰਨ ਐਸ. ਦੀ ਅਗਵਾਈ ਹੇਠ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਹੈ।

ਚੋਟੀ ਦੀ ਅਦਾਲਤ ਨੇ ਰਾਜ ਸਰਕਾਰ ਨੂੰ ਐੱਸ.ਆਈ.ਟੀ. ਦੇ ਪੰਜਵੇਂ ਮੈਂਬਰ ਵਜੋਂ ਇੱਕ ਫੋਰੈਂਸਿਕ ਆਡੀਟਰ ਨੂੰ ਸ਼ਾਮਲ ਕਰਨ ਲਈ ਕਿਹਾ, ਜੋ ਦੋ ਹਫ਼ਤਿਆਂ ਦੇ ਅੰਦਰ ਆਪਣੀ ਪਹਿਲੀ ਸਥਿਤੀ ਰਿਪੋਰਟ ਪੇਸ਼ ਕਰੇਗੀ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਖਿਲਾਫ਼ ਸ੍ਰੀ ਅਕਾਲ ਤਖ਼ਤ ਵਿਖੇ ਪੁੱਜੀ ਸ਼ਿਕਾਇਤ

■ **ਭੱਦੀ ਸ਼ਬਦਾਵਲੀ ਵਰਤਣ ਦਾ ਦੋਸ਼**

■ **ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਸੌਂਪਿਆ**



**ਅੰਮ੍ਰਿਤਸਰ, (ਪੰਜਾਬ ਮੇਲ)-** ਅਕਾਲੀ ਦਲ ਵਾਰਿਸ ਪੰਜਾਬ ਨਾਲ ਸਬੰਧਤ ਆਗੂਆਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਖ਼ਿਲਾਫ਼ ਇਕ ਸ਼ਿਕਾਇਤ ਸੌਂਪਦਿਆਂ ਸ੍ਰੀ ਅਕਾਲ ਤਖ਼ਤ ਤੋਂ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸ ਸਬੰਧ ਵਿਚ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਖੇਮਕਰਨ ਇਕਾਈ ਦੇ ਆਗੂਆਂ ਸੁਰਜੀਤ ਸਿੰਘ ਭੂਰਾ ਅਤੇ ਰਵੇਲ ਸਿੰਘ ਭੂਰਾ ਆਦਿ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਸੌਂਪਿਆ ਗਿਆ ਹੈ।

ਪੱਤਰ ਵਿਚ ਉਨ੍ਹਾਂ ਸ਼ਿਕਾਇਤ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਵਿਧਾਨ ਸਭਾ ਵਿਚ ਦਾੜ੍ਹੇ ਪ੍ਰਤੀ ਭੱਦੀ ਸ਼ਬਦਾਵਲੀ ਵਰਤੀ ਗਈ ਹੈ। ਉਨ੍ਹਾਂ ਆਖਿਆ ਕਿ ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਇਜਲਾਸ ਦੌਰਾਨ ਜਦ ਇੱਕ ਧਿਰ ਨੇ ਸਪੀਕਰ ਕੋਲੋਂ ਪੁੱਛਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਜਾਰੀ ਹੋਇਆ ਕਿ ਕੋਈ ਵੀ ਗੁਰਸਿੱਖ ਮੁੱਖ ਮੰਤਰੀ ਨੂੰ ਮੂੰਹ ਨਾ ਲਾਏ, ਤਾਂ ਤੁਹਾਡੇ ਇਸ ਬਾਰੇ ਕੀ ਵਿਚਾਰ ਹਨ।

ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਸਪੀਕਰ ਨੇ ਗੁਰਸਿੱਖਾਂ ਦੇ ਦਾੜ੍ਹੇ ਪ੍ਰਤੀ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿਚ ਬੈਠੇ ਵਿਧਾਇਕਾਂ ਨੂੰ ਵੀ ਉਨ੍ਹਾਂ ਸੰਗਤ ਆਖਿਆ, ਜੋ ਕਿ ਚੁਣੇ ਹੋਏ ਨੁਮਾਇੰਦੇ ਸਨ। ਪੱਤਰ ਦੇਣ ਆਏ ਇਨ੍ਹਾਂ ਆਗੂਆਂ ਨੇ ਮੰਗ ਕੀਤੀ ਹੈ ਕਿ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਤਲਬ ਕਰਕੇ ਸਪੱਸ਼ਟੀਕਰਨ ਲਿਆ ਜਾਵੇ ਅਤੇ ਕਾਰਵਾਈ ਕੀਤੀ ਜਾਵੇ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਆਪ ਸਰਕਾਰ ਦੇ ਖ਼ਿਲਾਫ਼ ਬੇਅਦਬੀ ਸੋਧ ਐਕਟ ਦਾ ਮਾਮਲਾ ਸ੍ਰੀ ਅਕਾਲ ਤਖਤ ਵਿਖੇ ਵਿਚਾਰ ਅਧੀਨ ਹੈ। ਜਦੋਂਕਿ ਇੱਕ ਇਤਰਾਜ਼ਯੋਗ ਵੀਡੀਓ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਤੋਂ ਮੁੱਖ ਮੰਤਰੀ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ।



# ਕੈਨੇਡਾ 'ਚ ਸਟੱਡੀ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਕਰਕੇ ਅਪਰਾਧਿਕ ਗਿਰੋਹ ਫੈਲਾਅ ਰਹੇ ਨੇ ਨੈੱਟਵਰਕ: ਰਿਪੋਰਟ

ਵਿਨੀਪੈੱਗ, (ਪੰਜਾਬ ਮੇਲ)- ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੀ ਇੱਕ ਖ਼ੁਫ਼ੀਆ ਰਿਪੋਰਟ ਨੇ ਕੈਨੇਡਾ ਦੇ ਕੌਮਾਂਤਰੀ ਵਿਦਿਆਰਥੀ ਪ੍ਰੋਗਰਾਮ ਨਾਲ ਜੁੜੇ ਇੱਕ ਚਿੰਤਾਜਨਕ ਪੱਖ ਨੂੰ ਉਜਾਗਰ ਕੀਤਾ ਹੈ। ਰਿਪੋਰਟ ਅਨੁਸਾਰ ਕੁਝ ਸੰਗਠਿਤ ਅਪਰਾਧਿਕ ਗਿਰੋਹਾਂ ਨਾਲ ਜੁੜੇ ਤੱਤ, ਵਿਦਿਆਰਥੀ ਅਤੇ ਵਰਕ ਪਰਮਿਟ ਪ੍ਰੋਗਰਾਮਾਂ ਦੀ ਦੁਰਵਰਤੋਂ ਕਰਕੇ ਕੈਨੇਡਾ ਵਿਚ ਆਪਣਾ ਨੈੱਟਵਰਕ ਫੈਲਾ ਰਹੇ ਹਨ।

ਰਿਪੋਰਟ ਵਿਚ ਦਰਜ ਅੰਕੜੇ ਧਿਆਨ ਖਿੱਚਦੇ ਹਨ। 2016 ਤੋਂ 2024 ਦਰਮਿਆਨ ਭਾਰਤੀ ਸਟੱਡੀ ਪਰਮਿਟ ਧਾਰਕਾਂ ਵਿਰੁੱਧ ਦਰਜ ਅਪਰਾਧਿਕ ਦੋਸ਼ਾਂ ਵਿਚ 8,800 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਇਕੱਲੇ 2024 ਵਿਚ 2,418 ਭਾਰਤੀ ਵਿਦਿਆਰਥੀਆਂ ਵਿਰੁੱਧ 13,040 ਅਪਰਾਧਿਕ ਦੋਸ਼ ਲਗਾਏ ਗਏ। ਹਾਲਾਂਕਿ ਉਸੇ ਸਾਲ ਕੈਨੇਡਾ ਵਿਚ ਕੁੱਲ 1,88,125 ਭਾਰਤੀ ਵਿਦਿਆਰਥੀ ਪੜ੍ਹ ਰਹੇ ਸਨ, ਜਿਸ ਦਾ ਅਰਥ ਹੈ ਕਿ ਲਗਭਗ 98.8 ਫ਼ੀਸਦੀ ਵਿਦਿਆਰਥੀਆਂ ਦਾ ਕਿਸੇ ਵੀ



ਅਪਰਾਧਿਕ ਦੋਸ਼ ਨਾਲ ਕੋਈ ਸਬੰਧ ਨਹੀਂ ਸੀ। ਇਸ ਲਈ ਅੰਕੜਿਆਂ ਦੀ ਵਿਆਖਿਆ ਕਰਦਿਆਂ ਸੰਤੁਲਿਤ ਨਜ਼ਰੀਆ ਅਪਣਾਉਣਾ ਲਾਜ਼ਮੀ ਹੈ।

ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ 2019 ਤੋਂ 2023 ਵਿਚਕਾਰ ਲਗਭਗ 4,000 ਭਾਰਤੀ ਵਿਦਿਆਰਥੀਆਂ ਵਿਰੁੱਧ 17,929 ਅਪਰਾਧਿਕ ਦੋਸ਼ ਦਰਜ ਹੋਏ, ਜਿਨ੍ਹਾਂ ਵਿਚੋਂ 4,920 ਦੋਸ਼ ਸੰਗਠਿਤ ਜਾਂ ਗੰਭੀਰ ਅਪਰਾਧਾਂ ਨਾਲ ਸਬੰਧਿਤ ਸਨ। 2024 ਦੌਰਾਨ ਭਾਰਤੀ ਨਾਗਰਿਕਾਂ ਵਿਰੁੱਧ ਜਬਰਨ ਵਸੂਲੀ ਦੇ ਮਾਮਲਿਆਂ 'ਚ 47 ਫ਼ੀਸਦੀ ਵਾਧਾ ਵੀ ਦਰਜ ਕੀਤਾ ਗਿਆ, ਜਿਸ ਨੂੰ ਜਾਂਚ ਏਜੰਸੀਆਂ ਨੇ

**■ ਭਾਰਤੀ ਵਿਦਿਆਰਥੀਆਂ ਦਾ ਅਕਸ ਵੀ ਦਾਅ 'ਤੇ**
**■ ਵਿਦਿਆਰਥੀ ਵੀਜ਼ਾ ਪ੍ਰੋਗਰਾਮ ਸਾਹਮਣੇ ਨਵੀਂ ਚੁਣੌਤੀ**

ਬਿਸ਼ਨੋਈ ਗੈਂਗ ਦੀ ਵਧਦੀ ਸਰਗਰਮੀ ਨਾਲ ਜੋੜਿਆ ਹੈ।

ਇਹ ਤੱਥ ਨਿਸ਼ਚਿਤ ਤੌਰ 'ਤੇ ਚਿੰਤਾ ਪੈਦਾ ਕਰਦੇ ਹਨ, ਪਰ ਇਹ ਕਹਿਣਾ ਗ਼ਲਤ ਹੋਵੇਗਾ ਕਿ ਕੈਨੇਡਾ ਜਾਣ ਵਾਲਾ ਹਰ ਭਾਰਤੀ ਵਿਦਿਆਰਥੀ ਸ਼ੱਕ ਦੇ ਘੇਰੇ ਵਿਚ ਹੈ। ਹਕੀਕਤ ਇਹ ਹੈ ਕਿ ਲੱਖਾਂ ਨੌਜਵਾਨ ਉੱਚ ਸਿੱਖਿਆ, ਖੋਜ ਅਤੇ ਰੁਜ਼ਗਾਰ ਰਾਹੀਂ ਕੈਨੇਡਾ ਦੀ ਆਰਥਿਕਤਾ ਅਤੇ ਸਮਾਜ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਕੁਝ ਅਪਰਾਧਿਕ ਤੱਤਾਂ ਦੀਆਂ ਗਤੀਵਿਧੀਆਂ ਨੂੰ ਪੂਰੇ ਭਾਈਚਾਰੇ ਨਾਲ ਜੋੜਨਾ ਨਾ ਇਨਸਾਫ਼ੀ ਹੋਵੇਗੀ ਅਤੇ ਨਾ ਹੀ ਤੱਥਾਂ ਨਾਲ ਮੇਲ ਖਾਂਦਾ ਹੈ।

ਫਿਰ ਵੀ ਇਹ ਘਟਨਾਵਾਂ ਕੈਨੇਡਾ ਦੀ ਇਮੀਗ੍ਰੇਸ਼ਨ ਅਤੇ ਵਿਦਿਆਰਥੀ ਵੀਜ਼ਾ ਪ੍ਰਣਾਲੀ ਵਿਚ ਮੌਜੂਦ ਕਮਜ਼ੋਰੀਆਂ ਵੱਲ ਇਸ਼ਾਰਾ ਕਰਦੀਆਂ ਹਨ। ਵੀਜ਼ਾ ਜਾਂਚ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਨਿੱਜੀ ਕਾਲਜਾਂ ਦੀ ਜਵਾਬਦੇਹੀ ਤੈਅ ਕਰਨ ਅਤੇ ਸੰਗਠਿਤ ਅਪਰਾਧਿਕ ਗਿਰੋਹਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ ਪਹਿਲਾਂ ਨਾਲੋਂ ਵੱਧ ਮਹਿਸੂਸ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਭਾਰਤੀ ਵਿਦਿਆਰਥੀਆਂ ਨੂੰ ਵੀ ਆਸਾਨ ਕਮਾਈ, ਗ਼ਲਤ ਸੰਗਤ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਦੂਰ ਰਹਿਣਾ ਹੋਵੇਗਾ। ਇੱਕ ਗ਼ਲਤ ਕਦਮ ਸਿਰਫ਼ ਇੱਕ ਵਿਅਕਤੀ ਦਾ ਭਵਿੱਖ ਹੀ ਨਹੀਂ, ਸਗੋਂ ਪੂਰੇ ਭਾਰਤੀ ਵਿਦਿਆਰਥੀ ਭਾਈਚਾਰੇ ਦੀ ਸਾਖ ਨੂੰ ਵੀ ਠੇਸ ਪਹੁੰਚਾ ਸਕਦਾ ਹੈ।

ਇਸ ਲਈ ਲੋੜ ਸੰਤੁਲਿਤ ਨੀਤੀ ਦੀ ਹੈ, ਅਪਰਾਧਿਕ ਤੱਤਾਂ ਖ਼ਿਲਾਫ਼ ਸਖ਼ਤੀ ਅਤੇ ਇਮਾਨਦਾਰ ਵਿਦਿਆਰਥੀਆਂ ਲਈ ਨਿਰਪੱਖਤਾ।

ਕੈਨੇਡਾ ਦਾ ਕੌਮਾਂਤਰੀ ਸਿੱਖਿਆ ਪ੍ਰੋਗਰਾਮ ਤਦ ਹੀ ਆਪਣੀ ਭਰੋਸੇਯੋਗਤਾ ਕਾਇਮ ਰੱਖ ਸਕੇਗਾ ਜਦੋਂ ਸੁਰੱਖਿਆ ਅਤੇ ਸਿੱਖਿਆ ਦੋਵਾਂ ਨੂੰ ਇੱਕੋ ਜਿਹੀ ਤਰਜੀਹ ਦਿੱਤੀ ਜਾਵੇ।

# ਕੈਨੇਡਾ ਤੋਂ 2026 ਦੀ ਪਹਿਲੀ ਛਿਮਾਹੀ 'ਚ ਰਿਕਾਰਡ 3,323 ਭਾਰਤੀ ਡਿਪੋਰਟ!

ਓਟਾਵਾ, (ਪੰਜਾਬ ਮੇਲ)- ਕੈਨੇਡਾ ਨੇ 2026 ਦੇ ਪਹਿਲੇ ਛੇ ਮਹੀਨਿਆਂ ਵਿਚ 3,323 ਭਾਰਤੀ ਨਾਗਰਿਕਾਂ ਨੂੰ ਦੇਸ਼ ਤੋਂ ਡਿਪੋਰਟ (ਕੱਢ) ਕਰ ਦਿੱਤਾ ਹੈ। ਇਸ ਦੇ ਨਾਲ ਹੀ ਇਹ ਗਿਣਤੀ ਪਿਛਲੇ ਛੇ ਸਾਲਾਂ ਦੇ ਸਭ ਤੋਂ ਵੱਧ ਅੰਕੜੇ ਨੂੰ ਪਾਰ ਕਰਨ ਵੱਲ ਵਧ ਰਹੀ ਹੈ। ਸਰਕਾਰੀ ਅੰਕੜਿਆਂ ਤੋਂ ਇਹ ਜਾਣਕਾਰੀ ਮਿਲੀ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਅੰਕੜਿਆਂ ਅਨੁਸਾਰ, ਸਾਲ 2025 ਵਿਚ ਪੂਰੇ ਸਾਲ ਦੌਰਾਨ ਦੇਸ਼ ਤੋਂ ਕੱਢੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 3,779 ਸੀ, ਜਦਕਿ ਇਸ ਸਾਲ ਦੇ ਸ਼ੁਰੂਆਤੀ 6 ਮਹੀਨਿਆਂ ਵਿਚ ਹੀ 3,323 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਹੁਣ ਤੱਕ ਸਭ ਤੋਂ ਵੱਧ ਭਾਰਤੀ ਸਾਲ 2025 ਵਿਚ ਕੱਢੇ ਗਏ ਸਨ।

ਕੈਨੇਡਾ ਆਪਣੀ ਇਮੀਗ੍ਰੇਸ਼ਨ ਵਿਵਸਥਾ ਨੂੰ ਸਖ਼ਤ ਕਰ ਰਿਹਾ ਹੈ ਅਤੇ ਕੌਮਾਂਤਰੀ ਵਿਦਿਆਰਥੀਆਂ ਤੇ ਅਸਥਾਈ ਵਿਦੇਸ਼ੀ ਕਾਮਿਆਂ ਸਮੇਤ ਅਸਥਾਈ ਵਸਨੀਕਾਂ ਦੀ ਗਿਣਤੀ ਘਟਾ ਰਿਹਾ ਹੈ।

ਕੈਨੇਡਾ ਆਮ ਤੌਰ 'ਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਨਾ ਕਰਨ, ਸ਼ਰਨ ਜਾਂ ਸ਼ਰਨਾਰਥੀ ਦਾਅਵਿਆਂ ਦੇ ਰੱਦ ਹੋਣ, ਵੀਜ਼ਾ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਰੁਕਣ ਅਤੇ ਵੀਜ਼ਾ ਧੋਖਾਧੜੀ ਵਰਗੇ ਮਾਮਲਿਆਂ ਕਾਰਨ ਭਾਰਤੀ ਨਾਗਰਿਕਾਂ ਨੂੰ ਦੇਸ਼ ਤੋਂ ਡਿਪੋਰਟ ਕਰਦਾ ਹੈ।

ਸਾਲ 2026 ਦੀ ਪਹਿਲੀ ਛਿਮਾਹੀ ਵਿਚ ਕੈਨੇਡਾ ਤੋਂ ਭੇਜੇ ਗਏ ਲੋਕਾਂ ਵਿਚ ਭਾਰਤੀ ਨਾਗਰਿਕਾਂ ਦੀ ਗਿਣਤੀ ਸਭ ਤੋਂ ਵੱਧ ਰਹੀ। ਭਾਰਤ ਨੇ ਮੈਕਸੀਕੋ ਨੂੰ ਪਿੱਛੇ ਛੱਡ ਦਿੱਤਾ ਹੈ, ਜਿਸ ਦੇ 1,573 ਨਾਗਰਿਕਾਂ ਨੂੰ ਇਸ ਸਮੇਂ ਦੌਰਾਨ ਡਿਪੋਰਟ ਕੀਤਾ ਗਿਆ।

ਪਿਛਲੇ ਪੰਜ ਸਾਲਾਂ ਵਿਚ ਕੈਨੇਡਾ ਤੋਂ ਕੱਢੇ ਗਏ ਨਾਗਰਿਕਾਂ ਦੀ ਸੂਚੀ ਵਿਚ ਮੈਕਸੀਕੋ ਸਭ ਤੋਂ ਉੱਪਰ ਰਿਹਾ ਸੀ, ਜਦੋਂ ਕਿ ਇਸ ਸਮੇਂ ਦੌਰਾਨ ਭਾਰਤ ਦੂਜੇ ਸਥਾਨ 'ਤੇ ਸੀ।

ਭਾਰਤ ਇਸ ਤੋਂ ਪਹਿਲਾਂ 2020 ਵਿਚ ਇਸ ਸੂਚੀ ਵਿਚ ਸਭ ਤੋਂ ਉੱਪਰ ਸੀ, ਜਦੋਂ ਕੈਨੇਡਾ ਨੇ 1,424 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਸੀ।

# ਕੈਨੇਡਾ 'ਚ ਪੰਜਾਬੀ ਨੌਜਵਾਨ ਨੂੰ ਤੇਜ਼ ਰਫ਼ਤਾਰ ਸੜਕ ਹਾਦਸੇ ਦੇ ਕੇਸ 'ਚ 8 ਸਾਲ ਦੀ ਕੈਦ

ਵਿਨੀਪੈੱਗ, (ਪੰਜਾਬ ਮੇਲ)- ਮੈਨੀਟੋਬਾ ਦੀ ਇੱਕ ਅਦਾਲਤ ਨੇ ਸ਼ਰਾਬ ਦੇ ਨਸ਼ੇ ਵਿਚ ਤੇਜ਼ ਰਫ਼ਤਾਰ ਵਾਹਨ ਕਾਰਨ ਦੋ ਸਾਈਕਲ ਸਵਾਰਾਂ ਦੀ ਮੌਤ ਦਾ ਕਾਰਨ ਬਣੇ ਪੰਜਾਬੀ ਮੂਲ ਦੇ ਸਥਾਈ ਨਿਵਾਸੀ ਕੁਲਦੀਪ ਸਿੰਘ ਗਿੱਲ ਨੂੰ ਅੱਠ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਜ਼ਾ ਪੂਰੀ ਹੋਣ ਉਪਰੰਤ ਉਸ ਨੂੰ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ।

ਇਹ ਹਾਦਸਾ 13 ਸਤੰਬਰ 2025 ਦੀ ਰਾਤ ਕੇਨਾਸਟਨ ਬੁਲੇਵਾਰਡ ਅਤੇ ਐਂਟਰਪ੍ਰਾਈਜ਼ ਡਰਾਈਵ ਨੇੜੇ ਵਾਪਰਿਆ ਸੀ। ਅਦਾਲਤੀ ਰਿਕਾਰਡ ਅਨੁਸਾਰ ਗਿੱਲ ਆਪਣੇ ਪਿਕ ਅੱਪ ਟਰੱਕ ਨੂੰ ਨਿਰਧਾਰਿਤ ਗਤੀ ਸੀਮਾ ਨਾਲੋਂ 50 ਕਿੱਲੋਮੀਟਰ ਪ੍ਰਤੀ ਘੰਟਾ ਤੋਂ ਵੀ ਵੱਧ ਰਫ਼ਤਾਰ ਨਾਲ ਚਲਾ ਰਿਹਾ ਸੀ। ਟਰੱਕ ਸੜਕ ਦੇ ਕਿਨਾਰੇ ਬਣੇ ਪੱਕੇ ਹਿੱਸੇ 'ਤੇ ਚੜ੍ਹ ਗਿਆ ਅਤੇ ਸਾਈਕਲ 'ਤੇ ਸਵਾਰ 31 ਸਾਲਾ ਏਗੋਰ ਪੋਪੋਵ ਅਤੇ 25 ਸਾਲਾ ਕੇਰੀ ਬੋਨਰ ਨੂੰ ਟੱਕਰ ਮਾਰ ਦਿੱਤੀ। ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਜੋੜਾ 19 ਮਹੀਨੇ ਦੀ ਇੱਕ ਧੀ ਦਾ ਮਾਤਾ-ਪਿਤਾ ਸੀ, ਜੋ ਇਸ ਹਾਦਸੇ ਮਗਰੋਂ ਅਨਾਥ ਹੋ ਗਈ।

ਐਸੋਸੀਏਟ ਚੀਫ਼ ਜੱਜ ਡੇਵਿਡ ਆਇਰਲੈਂਡ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਇਹ ਸਿਰਫ਼ ਇੱਕ ਸੜਕ ਹਾਦਸਾ ਨਹੀਂ, ਸਗੋਂ ਨਸ਼ੇ ਦੀ ਹਾਲਤ ਵਿਚ ਵਾਹਨ ਚਲਾਉਣ ਦਾ ਜਾਣਬੁੱਝ ਕੇ

**■ ਸਜ਼ਾ ਪੂਰੀ ਹੋਣ ਉਪਰੰਤ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦੀ ਸੰਭਾਵਨਾ**



ਲਿਆ ਗਿਆ ਖ਼ਤਰਨਾਕ ਫ਼ੈਸਲਾ ਸੀ। ਉਨ੍ਹਾਂ ਕਿਹਾ ਕਿ ਹਾਦਸੇ ਤੋਂ ਬਾਅਦ ਦੋਸ਼ੀ ਦਾ ਮੌਕੇ ਤੋਂ ਫ਼ਰਾਰ ਹੋਣਾ ਉਸ ਦੇ ਵਿਵਹਾਰ ਨੂੰ ਹੋਰ ਵੀ ਗੰਭੀਰ ਬਣਾਉਂਦਾ ਹੈ। ਜੱਜ ਨੇ ਟਿੱਪਣੀ ਕੀਤੀ ਕਿ ਇੱਕ ਪਰਿਵਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਅਤੇ ਕੋਈ ਵੀ ਸਜ਼ਾ ਉਸ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦੀ।

ਫੋਰੈਂਸਿਕ ਜਾਂਚ ਵਿਚ ਗਿੱਲ ਦੇ ਖ਼ੂਨ ਵਿਚ ਅਲਕੋਹਲ ਦੀ ਮਾਤਰਾ ਕਾਨੂੰਨੀ ਹੱਦ ਤੋਂ ਕਾਫ਼ੀ ਵੱਧ ਪਾਈ ਗਈ। ਹਾਦਸੇ ਤੋਂ ਬਾਅਦ ਉਹ ਆਪਣਾ ਟਰੱਕ ਛੱਡ ਕੇ ਫ਼ਰਾਰ ਹੋ ਗਿਆ ਸੀ, ਪਰ ਪੁਲਿਸ ਨੇ ਕੁਝ ਸਮੇਂ ਬਾਅਦ ਨੇੜਲੇ ਇਲਾਕੇ ਤੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਗਿੱਲ ਦੇ ਸਾਹ ਦੇ ਨਮੂਨੇ ਤੋਂ ਉਸ ਦਾ ਖ਼ੂਨ-ਅਲਕੋਹਲ ਪੱਧਰ .137 ਅੰਦਾਜ਼ਾ ਲਗਾਇਆ ਗਿਆ, ਜੋ ਕਾਨੂੰਨੀ ਹੱਦ .08 ਤੋਂ ਕਾਫ਼ੀ ਵੱਧ ਸੀ। ਪੁਲਿਸ ਨੇ ਸਬੂਤਾਂ ਰਾਹੀਂ ਵਿਸਕੀ ਖ਼ਰੀਦਣ ਅਤੇ ਟਰੱਕ ਵਿੱਚ ਉਸ ਦੀ ਅੱਧੀ ਖ਼ਾਲੀ ਬੋਤਲ ਮਿਲਣ ਦੀ ਪੁਸ਼ਟੀ ਕੀਤੀ।

ਕਰੈਸ਼ ਡਾਟਾ ਅਨੁਸਾਰ ਉਹ 131 ਕਿਮੀ/ਘੰਟਾ ਦੀ ਰਫ਼ਤਾਰ ਨਾਲ ਚੱਲ ਰਿਹਾ ਸੀ। ਗਿੱਲ ਨੇ ਇਸ ਸਾਲ ਫ਼ਰਵਰੀ ਵਿਚ ਅਦਾਲਤ ਵਿਚ ਦੋਸ਼ ਕਬੂਲ ਕਰ ਲਏ ਸਨ। ਅਦਾਲਤ ਨੇ ਕੈਦ ਦੀ ਸਜ਼ਾ ਤੋਂ ਇਲਾਵਾ ਗਿੱਲ 'ਤੇ ਉਮਰ ਭਰ ਲਈ ਡਰਾਈਵਿੰਗ ਕਰਨ 'ਤੇ ਪਾਬੰਦੀ, 10 ਸਾਲ ਲਈ ਹਥਿਆਰ ਰੱਖਣ 'ਤੇ ਰੋਕ ਅਤੇ ਉਸ ਦਾ ਡੀ.ਐੱਨ.ਏ. ਰਾਸ਼ਟਰੀ ਡਾਟਾ ਬੈਂਕ ਵਿਚ ਦਰਜ ਕਰਨ ਦੇ ਹੁਕਮ ਵੀ ਦਿੱਤੇ ਹਨ।

ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਪੰਜਾਬੀ ਵਿਚ ਦਿੱਤੇ ਆਪਣੇ ਬਿਆਨ ਵਿਚ ਗਿੱਲ ਨੇ ਕਿਹਾ ਕਿ ਉਹ ਹਰ ਰੋਜ਼ ਪੀੜਤ ਪਰਿਵਾਰ ਅਤੇ ਉਨ੍ਹਾਂ ਦੀ ਧੀ ਬਾਰੇ ਸੋਚਦਾ ਹੈ। ਉਸ ਨੇ ਮੰਨਿਆ ਕਿ ਸ਼ਰਾਬ ਪੀ ਕੇ ਵਾਹਨ ਚਲਾਉਣ ਦਾ ਉਸ ਦਾ ਫ਼ੈਸਲਾ ਗ਼ਲਤ, ਲਾਪਰਵਾਹ ਅਤੇ ਪੂਰੀ ਤਰ੍ਹਾਂ ਉਸ ਦੀ ਆਪਣੀ ਜ਼ਿੰਮੇਵਾਰੀ ਸੀ।

ਪੀੜਤ ਏਗੋਰ ਪੋਪੋਵ ਦੀ ਮਾਤਾ ਏਲੇਨਾ ਮਨਾਕੋਵਾ ਨੇ ਅਦਾਲਤ ਵਿਚ ਕਿਹਾ ਕਿ ਕੋਈ ਵੀ ਸਜ਼ਾ ਉਸ ਦੇ ਪੁੱਤਰ ਨੂੰ ਵਾਪਸ ਨਹੀਂ ਲਿਆ ਸਕਦੀ, ਪਰ ਇਹ ਫ਼ੈਸਲਾ ਨਸ਼ੇ ਵਿਚ ਵਾਹਨ ਚਲਾਉਣ ਦੇ ਖ਼ਤਰਿਆਂ ਬਾਰੇ ਸਮਾਜ ਲਈ ਇੱਕ ਸਖ਼ਤ ਸੰਦੇਸ਼ ਹੈ।

# ਆਬਕਾਰੀ ਨੀਤੀ ਮਾਮਲਾ: ਦਿੱਲੀ ਹਾਈ ਕੋਰਟ ਵੱਲੋਂ ਕੇਜਰੀਵਾਲ ਨੂੰ ਪਟੀਸ਼ਨ ਦਾ ਜਵਾਬ ਦੇਣ ਲਈ ਚਾਰ ਹਫ਼ਤਿਆਂ ਦਾ ਸਮਾਂ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀ



ਅਰਵਿੰਦ ਕੇਜਰੀਵਾਲ ਨੂੰ ਈ.ਡੀ. ਦੀਆਂ ਪਟੀਸ਼ਨਾਂ ਦਾ ਜਵਾਬ ਦੇਣ ਲਈ ਚਾਰ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਈ.ਡੀ. ਨੇ ਆਬਕਾਰੀ ਨੀਤੀ ਮਾਮਲੇ ਵਿਚ ਸੰਮਨਾਂ ਦੀ ਅਣਦੇਖੀ ਕਰਨ ਦੇ ਦੋਸ਼ਾਂ 'ਚੋਂ ਕੇਜਰੀਵਾਲ ਨੂੰ ਬਰੀ ਕਰਨ ਵਾਲੇ ਹੇਠਲੀ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਇਹ ਪਟੀਸ਼ਨਾਂ ਦਾਖ਼ਲ ਕੀਤੀਆਂ ਹਨ। 'ਆਪ' ਆਗੂ ਦੇ ਵਕੀਲਾਂ ਨੇ ਜਸਟਿਸ ਮਨੋਜ ਜੈਨ ਦੀ ਅਦਾਲਤ ਵਿਚ ਵਕਾਲਤਨਾਮਾ ਪੇਸ਼ ਕਰਕੇ ਜਲਦੀ ਹੀ ਵਿਸਥਾਰਤ ਜਵਾਬ ਦਾਖ਼ਲ ਕਰਨ ਦਾ ਭਰੋਸਾ ਦਿੱਤਾ ਹੈ। ਈ.ਡੀ. ਦੀਆਂ ਪਟੀਸ਼ਨਾਂ 'ਤੇ ਅਗਲੀ ਸੁਣਵਾਈ ਸਤੰਬਰ ਵਿਚ ਹੋਵੇਗੀ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਸੰਮਨਾਂ ਦੀ ਜਾਣਬੁੱਝ ਕੇ ਅਣਦੇਖੀ ਕਰਨ ਦੇ ਦੋਸ਼ ਸਬੂਤਾਂ ਦੀ ਘਾਟ ਕਾਰਨ ਰੱਦ ਕਰ ਦਿੱਤੇ ਸਨ। ਸੁਪਰੀਮ ਕੋਰਟ ਨੇ 12 ਜੁਲਾਈ ਨੂੰ ਉਨ੍ਹਾਂ ਨੂੰ ਅੰਤਰਿਮ ਜ਼ਮਾਨਤ ਦਿੱਤੀ ਸੀ।

# ਕੈਨੇਡਾ 'ਚ ਬਿਸ਼ਨੋਈ ਗੈਂਗ ਦੇ ਸਾਥੀ ਕਰਮਜੀਤ ਦਿਉ ਦੀ ਜ਼ਮਾਨਤ ਰੱਦ

ਵੈਨਕੂਵਰ, (ਪੰਜਾਬ ਮੇਲ)- ਐੱਫ.ਬੀ.ਆਈ. ਵਲੋਂ ਪਿਛਲੇ ਮਹੀਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਅਪਰਾਧਾਂ ਵਿਚ ਨਾਮਜ਼ਦ ਹੋਏ ਅਤੇ ਕੈਨੇਡਾ ਪੁਲਿਸ ਵਲੋਂ ਹਿਰਾਸਤ ਵਿਚ ਲਏ ਗਏ ਕਰਮਵੀਰ ਸਿੰਘ ਉਰਫ਼ ਕਰਮਜੀਤ ਦਿਉ ਨੂੰ ਰਫਿਊਜ਼ੀ ਬੋਰਡ ਵਲੋਂ ਦਿੱਤੀ ਜ਼ਮਾਨਤ ਫੈਡਰਲ ਅਦਾਲਤ ਦੇ ਜਸਟਿਸ ਫੁਆਂਗ ਨਗੋ ਨੇ ਰੱਦ ਕਰ ਦਿੱਤੀ ਹੈ।

ਸੀ.ਬੀ.ਐੱਸ.ਏ. ਨੇ ਉਸ ਦੇ ਵਿਰੁੱਧ ਸੰਗੀਨ ਅਪਰਾਧਾਂ ਦੀਆਂ ਫਾਈਲਾਂ ਸਮੇਤ ਐੱਫ.ਬੀ.ਆਈ. ਵਲੋਂ ਨਾਮਜ਼ਦ ਕੀਤੇ ਜਾਣ ਦੇ ਸਬੂਤ ਜੱਜ ਅੱਗੇ ਪੇਸ਼ ਕੀਤੇ, ਜਿਸ ਨਾਲ ਸਹਿਮਤ ਹੁੰਦਿਆਂ ਜੱਜ ਨੇ ਸਖ਼ਤ ਟਿੱਪਣੀਆਂ ਕੀਤੀਆਂ ਅਤੇ ਜ਼ਮਾਨਤ ਰੱਦ ਕੀਤੀ। ਕਰਮਜੀਤ ਦੀ ਜ਼ਮਾਨਤ ਲਈ ਟੋਰਾਂਟੋ ਰਹਿੰਦੀ ਉਸ ਦੀ ਭੈਣ ਤੇ ਜੀਜੇ ਵਲੋਂ 1 ਲੱਖ 10 ਹਜ਼ਾਰ ਡਾਲਰ ਦੀ ਜ਼ਮਾਨਤ ਭਰਨ ਦੀ ਪੇਸ਼ਕਸ਼ ਵੀ ਅਦਾਲਤ ਨੇ ਠੁਕਰਾ ਦਿੱਤੀ। ਸੀ.ਬੀ.ਐੱਸ.ਏ. ਨੇ ਸਬੂਤ ਪੇਸ਼ ਕੀਤੇ ਕਿ ਉਸਦਾ ਜੀਜਾ ਧਾਲੀਵਾਲ ਆਪਣੀ ਆਮਦਨ ਦੇ ਸਬੂਤ ਪੇਸ਼ ਨਹੀਂ ਕਰ ਸਕਿਆ। ਏਜੰਸੀ ਨੇ ਕਿਹਾ ਕਿ ਉਸ ਦੇ ਜੀਜੇ ਨੇ ਟੋਰਾਂਟੋ 'ਚ ਜੋ ਸੁਨਿਆਰੇ ਦੀ ਦੁਕਾਨ ਖਰੀਦੀ ਹੈ, ਉਹ ਪੈਸਾ ਕਰਮਜੀਤ ਵਲੋਂ ਆਪਣੀ ਫਿਰੌਤੀਆਂ ਦੇ ਪੈਸੇ 'ਚੋਂ ਦਿੱਤਾ ਗਿਆ ਹੋ ਸਕਦਾ ਹੈ। ਅਦਾਲਤ

**■ ਸੀ.ਬੀ.ਐੱਸ.ਏ. ਨੇ ਉਸ ਦੇ ਵਿਰੁੱਧ ਸੰਗੀਨ ਅਪਰਾਧਾਂ ਦੀਆਂ ਫਾਈਲਾਂ ਸਮੇਤ ਐੱਫ.ਬੀ.ਆਈ. ਵਲੋਂ ਨਾਮਜ਼ਦ ਕੀਤੇ ਜਾਣ ਦੇ ਸਬੂਤ ਜੱਜ ਅੱਗੇ ਪੇਸ਼ ਕੀਤੇ**

ਨੂੰ ਦੱਸਿਆ ਗਿਆ ਕਿ ਕਰਮਜੀਤ ਨੇ ਸਤੰਬਰ 2024 'ਚ ਵਿਕਟੋਰੀਆ ਰਹਿੰਦੇ ਗਾਇਕ ਏ.ਪੀ. ਢਿੱਲੋਂ ਦੇ ਘਰ ਉੱਤੇ ਵੀ ਗੋਲੀਆਂ ਚਲਾਈਆਂ ਸੀ। ਉਸ ਦੇ ਵਿਰੁੱਧ ਅਦਾਲਤ ਵਿਚ ਕਈ ਹੋਰ ਅਪਰਾਧਾਂ ਦੇ ਸਬੂਤ ਪੇਸ਼ ਕੀਤੇ ਗਏ। ਉੱਧਰ ਕਰਮਜੀਤ ਵੱਲੋਂ ਫੇਸਬੁੱਕ ਖਾਤੇ ਉੱਤੇ ਭਾਰਤ 'ਚ ਸਾਬਕਾ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਭਾਰਤ ਭੂਸ਼ਣ ਆਸ਼ੂ ਦੇ ਨਾਲ ਫੋਟੋਆਂ ਵਾਇਰਲ ਹੋਣ ਕਰਕੇ ਸਮਝਿਆ ਜਾ ਰਿਹਾ ਹੈ ਕਿ ਉਸ ਦੀ ਇਨ੍ਹਾਂ ਦੋਹਾਂ ਸਿਆਸੀ ਆਗੂਆਂ ਨਾਲ ਕਾਫੀ ਨੇੜਤਾ ਰਹੀ ਹੋ ਸਕਦੀ ਹੈ। ਐੱਫ.ਬੀ.ਆਈ. ਵੱਲੋਂ ਪਿਛਲੇ ਮਹੀਨੇ ਲਾਏ ਦੋਸ਼ਾਂ ਵਿਚ ਦੱਸਿਆ ਗਿਆ ਸੀ ਕਿ ਕਰਮਜੀਤ ਲਾਰੈਂਸ ਬਿਸ਼ਨੋਈ ਦੇ ਭਰੋਸੇਯੋਗ ਵਿਅਕਤੀਆਂ 'ਚੋਂ ਹੈ। ਦੋ ਸਾਲ ਪਹਿਲਾਂ ਜਦੋਂ ਲਾਰੈਂਸ ਦਾ ਭਰਾ ਅਨਮੋਲ ਬਿਸ਼ਨੋਈ ਅਮਰੀਕਾ ਆਇਆ ਤਾਂ ਕਰਮਜੀਤ ਨੇ ਉਸ ਨੂੰ ਕਈ ਮਹੀਨੇ ਕੈਲੀਫੋਰਨੀਆ ਆਪਣੇ ਕੋਲ ਰੱਖਿਆ ਸੀ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ 'ਚ ਸੜਕ ਹਾਦਸੇ 'ਚ ਪੰਜਾਬੀ ਜੇਲ੍ਹ ਅਧਿਕਾਰੀ ਸਮੇਤ 3 ਲੋਕਾਂ ਦੀ ਮੌਤ !

**ਅਲਬਰਟਾ, (ਪੰਜਾਬ ਮੇਲ)-** ਕੈਨੇਡਾ ਦੇ ਅਲਬਰਟਾ ਸੂਬੇ 'ਚ ਇੱਕ ਮਹਿਲਾ ਕੈਦੀ ਨੂੰ ਲੈ ਕੇ ਜਾ ਰਹੀ 'ਕੈਨੇਡੀਅਨ ਜੇਲ੍ਹ ਪ੍ਰਸ਼ਾਸਨ' (ਸੀ.ਐੱਸ.ਸੀ) ਦੀ ਵੈਨ ਦੀ ਇਕ ਟਰੱਕ ਨਾਲ ਹੋਈ ਆਹਮੋ-ਸਾਹਮਣੀ ਭਿਆਨਕ ਟੱਕਰ 'ਚ ਪੰਜਾਬੀ ਮੂਲ ਦੀ ਇੱਕ 25 ਸਾਲਾ ਜੇਲ੍ਹ ਅਧਿਕਾਰੀ ਸਣੇ 3 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਹ ਹਾਦਸਾ ਪੂਰਬੀ ਅਲਬਰਟਾ ਦੇ ਜ਼ਾਰ ਨੇੜੇ ਹਾਈਵੇਅ 41 ਅਤੇ ਹਾਈਵੇਅ 13 ਦੇ ਮੋੜ 'ਤੇ ਵਾਪਰਿਆ। ਐਡਮਿੰਟਨ ਤੋਂ ਲਗਭਗ 200 ਕਿਲੋਮੀਟਰ ਦੂਰ ਇੱਕ 'ਹੀਨੋ ਬਾਕਸ ਟਰੱਕ' ਅਤੇ ਸੀ.ਐੱਸ.ਸੀ. ਦੀ ਮਿਨੀਵੈਨ ਵਿਚਾਲੇ ਹੋਈ ਜ਼ਬਰਦਸਤ ਟੱਕਰ ਕਾਰਨ ਵੈਨ ਸਵਾਰ ਤਿੰਨੋਂ




ਵਿਅਕਤੀਆਂ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ, ਜਦਕਿ ਟਰੱਕ ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਿਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਇਸ ਹਾਦਸੇ 'ਚ ਜਾਨ ਗੁਆਉਣ ਵਾਲਿਆਂ 'ਚ ਜੇਲ੍ਹ ਅਧਿਕਾਰੀ ਰਮਨਦੀਪ ਕੌਰ ਮਾਨ (25), ਸਾਥੀ ਅਧਿਕਾਰੀ ਨਿਕੋਲੇ ਸਰਬਨ (57) ਤੇ ਕੈਦੀ ਕਿਆਰਾ ਮੂਸਵਾ (24) ਵਜੋਂ ਹੋਈ ਹੈ। ਰਮਨਦੀਪ ਕੌਰ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗੁੱਢੇ ਦੀ ਰਹਿਣ ਵਾਲੀ, ਜੋ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਈ ਸੀ।

ਜ਼ਿਕਰਯੋਗ ਹੈ ਕਿ ਰਮਨਦੀਪ ਕੌਰ ਮਾਨ ਕੁਝ ਸਾਲ ਪਹਿਲਾਂ ਹੀ ਪੜ੍ਹਾਈ ਲਈ ਕੈਨੇਡਾ ਦੇ ਮੈਨੀਟੋਬਾ ਪਹੁੰਚੀ ਸੀ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਅਲਬਰਟਾ ਆ ਗਈ ਅਤੇ ਲਗਭਗ 6 ਮਹੀਨੇ ਪਹਿਲਾਂ ਹੀ 'ਕੈਨੇਡੀਅਨ ਜੇਲ੍ਹ ਪ੍ਰਸ਼ਾਸਨ' ਵਿਚ ਕੁਰੈਕਸ਼ਨ ਅਫ਼ਸਰ (ਸੁਧਾਰ ਅਧਿਕਾਰੀ) ਵਜੋਂ ਭਰਤੀ ਹੋਈ ਸੀ। ਉਸ ਦੀ ਅਚਾਨਕ ਹੋਈ ਦਰਦਨਾਕ ਮੌਤ ਨਾਲ ਕੈਨੇਡਾ 'ਚ ਰਹਿੰਦੇ ਪੰਜਾਬੀ ਭਾਈਚਾਰੇ ਅਤੇ ਉਸ ਦੇ ਪਿੰਡ ਗੁੱਢੇ 'ਚ ਸੋਗ ਦੀ ਲਹਿਰ ਦੌੜ ਗਈ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਅਧਿਕਾਰੀਆਂ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। 'ਕੁਰੈਕਸ਼ਨਲ ਸਰਵਿਸ ਆਫ਼ ਕੈਨੇਡਾ' ਦੇ ਕਮਿਸ਼ਨਰ ਤਲਾਲ ਦਕਾਲਬਾਬ ਅਤੇ ਅਧਿਕਾਰੀਆਂ ਦੀ ਯੂਨੀਅਨ ਨੇ ਵੀ ਸ਼ਹੀਦ ਹੋਏ ਅਧਿਕਾਰੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।

'ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ' ਅਤੇ 'ਕੈਨੇਡੀਅਨ ਜੇਲ੍ਹ ਪ੍ਰਸ਼ਾਸਨ' ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਹਾਦਸੇ 'ਚ ਇੱਕ ਕੈਦੀ ਦੀ ਵੀ ਮੌਤ ਹੋਈ ਹੈ, ਇਸ ਲਈ ਵਿਭਾਗ ਵੱਲੋਂ ਵੱਖਰੀ ਅੰਦਰੂਨੀ ਜਾਂਚ ਦੇ ਹੁਕਮ ਵੀ ਦਿੱਤੇ ਗਏ ਹਨ, ਤਾਂ ਜੋ ਇਸ ਗੱਲ ਦਾ ਪਤਾ ਲਗਾਇਆ ਜਾ ਸਕੇ ਕਿ ਇਸ ਹਾਦਸੇ ਪਿੱਛੇ ਕਿਸੇ ਤਰ੍ਹਾਂ ਦੀ ਕੋਈ ਸਾਜ਼ਿਸ਼ ਤਾਂ ਨਹੀਂ।

# ਪਾਕਿਸਤਾਨ ਨੂੰ ਜੁਲਾਈ 2026 'ਚ 3.6 ਬਿਲੀਅਨ ਡਾਲਰ ਦੀ ਰੇਮੀਟੈਂਸ ਪ੍ਰਾਪਤ ਹੋਈ

**ਕਰਾਚੀ, (ਪੰਜਾਬ ਮੇਲ)-** ਪਾਕਿਸਤਾਨ ਨੂੰ ਜੁਲਾਈ 'ਚ 3.6 ਬਿਲੀਅਨ ਅਮਰੀਕੀ ਡਾਲਰ ਦੀ ਰੈਮਿਟੈਂਸ (ਵਿਦੇਸ਼ ਤੋਂ ਭੇਜੀ ਗਈ ਰਾਸ਼ੀ) ਪ੍ਰਾਪਤ ਹੋਈ, ਜੋ ਕਿ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 13 ਪ੍ਰਤੀਸ਼ਤ ਵੱਧ ਹੈ। ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਦੇਸ਼ ਨੂੰ ਪਿਛਲੇ ਵਿੱਤੀ ਸਾਲ ਵਿਚ, ਜੋ ਕਿ ਜੂਨ 2026 ਵਿਚ ਖਤਮ ਹੋਇਆ, ਰਿਕਾਰਡ 41.6 ਬਿਲੀਅਨ ਅਮਰੀਕੀ ਡਾਲਰ ਦੀ ਰਿਕਾਰਡ ਰੈਮਿਟੈਂਸ ਪ੍ਰਾਪਤ ਹੋਈ।

ਸਟੇਟ ਬੈਂਕ ਆਫ਼ ਪਾਕਿਸਤਾਨ ਨੇ ਇੱਕ ਬਿਆਨ ਵਿਚ ਕਿਹਾ, "ਜੁਲਾਈ 2026 ਦੌਰਾਨ ਕਾਮਿਆਂ ਤੋਂ 3.6 ਬਿਲੀਅਨ ਅਮਰੀਕੀ ਡਾਲਰ ਰੈਮਿਟੈਂਸ ਪ੍ਰਾਪਤ ਹੋਈ। ਵਿਕਾਸ ਦੇ ਮਾਮਲੇ ਵਿਚ (ਸਾਲ-ਦਰ-ਸਾਲ) ਆਧਾਰ 'ਤੇ ਰੈਮਿਟੈਂਸ ਵਿਚ 13.0 ਪ੍ਰਤੀਸ਼ਤ ਅਤੇ (ਮਹੀਨਾ-ਦਰ-ਮਹੀਨਾ) ਆਧਾਰ 'ਤੇ 4.5 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।" ਵਿਦੇਸ਼ੀ ਰੈਮਿਟੈਂਸ ਦਾ ਪ੍ਰਵਾਹ ਪਾਕਿਸਤਾਨ ਦੀ ਕਮਜ਼ੋਰ ਆਰਥਿਕਤਾ ਨੂੰ ਮਜ਼ਬੂਤ ਕਰਨ ਵਿਚ ਸਭ ਤੋਂ ਵੱਡੇ ਸਹਾਇਤਾ ਵਿਧੀਆਂ ਵਿਚੋਂ ਇੱਕ ਬਣਿਆ ਹੋਇਆ ਹੈ।

ਸਟੇਟ ਬੈਂਕ ਨੇ ਕਿਹਾ ਕਿ ਇਨ੍ਹਾਂ ਰੈਮਿਟੈਂਸ ਨੇ ਦੇਸ਼ ਦੇ ਬਾਹਰੀ ਖਾਤੇ ਅਤੇ ਵਿਦੇਸ਼ੀ ਮੁਦਰਾ ਸਥਿਤੀ ਨੂੰ ਸਮਰਥਨ ਦੇਣ ਵਿਚ ਇੱਕ ਵੱਡੀ ਭੂਮਿਕਾ ਨਿਭਾਈ ਹੈ। ਸਾਊਦੀ ਅਰਬ ਪਾਕਿਸਤਾਨ ਲਈ ਵਿਦੇਸ਼ੀ ਪ੍ਰਵਾਹ ਦਾ ਸਭ ਤੋਂ ਵੱਡਾ ਸਰੋਤ ਰਿਹਾ, ਜੋ ਜੁਲਾਈ ਵਿਚ 913.9 ਮਿਲੀਅਨ ਅਮਰੀਕੀ ਡਾਲਰ ਦਾ ਪ੍ਰਵਾਹ ਸੀ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕਿਹਾ ਕਿ ਵਿਦੇਸ਼ੀ ਪਾਕਿਸਤਾਨੀ ਰਾਸ਼ਟਰੀ ਆਰਥਿਕ ਮੁੱਖ ਧਾਰਾ ਦਾ ਇੱਕ ਅਨਮੋਲ ਹਿੱਸਾ ਹਨ।

# ਕੈਨੇਡਾ ਵੱਲੋਂ 2026 ਦੇ ਪਹਿਲੇ 6 ਮਹੀਨਿਆਂ 'ਚ 3,300 ਤੋਂ ਵੱਧ ਭਾਰਤੀ ਡਿਪੋਰਟ !

**ਟੋਰਾਂਟੋ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਅਮਰੀਕਾ ਨੇ ਜਿੱਥੇ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ, ਉੱਥੇ ਹੀ ਕੈਨੇਡਾ ਵੀ ਇਸ ਮਾਮਲੇ 'ਚ ਪਿੱਛੇ ਨਹੀਂ ਹੈ। ਕੈਨੇਡਾ ਨੇ ਸਾਲ 2026 ਦੇ ਪਹਿਲੇ ਛੇ ਮਹੀਨਿਆਂ 'ਚ ਹੀ 3,323 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕਰ ਦਿੱਤਾ ਹੈ। 'ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ' (ਸੀ.ਬੀ.ਐੱਸ.ਏ.) ਦੇ ਅਧਿਕਾਰਤ ਅੰਕੜਿਆਂ ਅਨੁਸਾਰ, ਇਹ ਗਿਣਤੀ ਪਿਛਲੇ 6 ਸਾਲਾਂ ਦੇ ਰਿਕਾਰਡ ਨੂੰ ਤੋੜਨ ਦੀ ਦਿਸ਼ਾ 'ਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਤੇ ਇਸ ਵਾਰ ਡਿਪੋਰਟ ਕੀਤੇ ਗਏ ਲੋਕਾਂ 'ਚ ਭਾਰਤੀ ਸਭ ਤੋਂ ਅੱਗੇ ਹਨ।

ਇਸ ਤੋਂ ਪਹਿਲਾਂ ਸਾਲ 2025 'ਚ ਕੁੱਲ 3,779 ਭਾਰਤੀਆਂ ਨੂੰ ਕੈਨੇਡਾ ਤੋਂ




ਕੱਢਿਆ ਗਿਆ ਸੀ, ਜੋ ਕਿ ਉਸ ਸਮੇਂ ਤੱਕ ਦਾ ਸਭ ਤੋਂ ਵੱਡਾ ਅੰਕੜਾ ਸੀ। ਪਰ 2026 ਦੇ ਪਹਿਲੇ 6 ਮਹੀਨਿਆਂ 'ਚ ਹੀ ਇਹ ਗਿਣਤੀ ਪਿਛਲੇ ਸਾਲ ਦੇ ਕੁੱਲ ਅੰਕੜੇ ਦੇ 88 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ।

ਪਿਛਲੇ ਪੰਜ ਸਾਲਾਂ ਤੋਂ ਡਿਪੋਰਟੇਸ਼ਨ ਦੀ ਸੂਚੀ ਵਿਚ ਮੈਕਸੀਕੋ ਪਹਿਲੇ ਨੰਬਰ 'ਤੇ ਸੀ ਅਤੇ ਭਾਰਤ ਦੂਜੇ ਨੰਬਰ 'ਤੇ। ਪਰ 2026 ਦੇ ਪਹਿਲੇ 6 ਮਹੀਨਿਆਂ 'ਚ ਮੈਕਸੀਕੋ ਦੇ 1,573 ਲੋਕਾਂ ਦੇ ਮੁਕਾਬਲੇ 3,323 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਹੈ, ਜਿਸ ਮਗਰੋਂ ਭਾਰਤ ਇਸ ਸੂਚੀ ਵਿਚ ਸਭ ਤੋਂ ਉੱਪਰ ਆ ਗਿਆ ਹੈ। ਇਸ ਤੋਂ ਪਹਿਲਾਂ ਭਾਰਤ 2020 'ਚ ਵੀ ਇਸ ਸੂਚੀ 'ਚ ਪਹਿਲੇ ਨੰਬਰ 'ਤੇ ਸੀ, ਜਦੋਂ 1,424 ਭਾਰਤੀਆਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਗਿਆ ਸੀ। ਸੀ.ਬੀ.ਐੱਸ.ਏ. ਦੇ ਅੰਕੜਿਆਂ ਅਨੁਸਾਰ, ਇਸ ਵੇਲੇ 7,669 ਭਾਰਤੀ ਨਾਗਰਿਕ ਕੈਨੇਡਾ ਦੀ ਰਿਮੂਵਲ ਇਨ ਪ੍ਰੋਗਰੈੱਸ, ਭਾਵ ਡਿਪੋਰਟ ਕੀਤੇ ਜਾਣ ਲਈ ਕਾਰਵਾਈ ਅਧੀਨ ਹਨ, ਜੋ ਕਿ ਕਿਸੇ ਵੀ ਹੋਰ ਦੇਸ਼ ਨਾਲੋਂ ਸਭ ਤੋਂ ਵੱਧ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਕੈਨੇਡਾ ਵੱਲੋਂ ਕੀਤੀ ਗਈ ਇਹ ਕਾਰਵਾਈ ਅਮਰੀਕਾ ਨਾਲੋਂ ਦੋ-ਢਾਈ ਗੁਣਾ ਜ਼ਿਆਦਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਅਨੁਸਾਰ, ਅਮਰੀਕਾ ਨੇ 1 ਜਨਵਰੀ ਤੋਂ 22 ਜੁਲਾਈ 2026 ਤੱਕ 1,273 ਭਾਰਤੀਆਂ ਨੂੰ ਡਿਪੋਰਟ ਕੀਤਾ ਸੀ, ਜਦਕਿ ਕੈਨੇਡਾ ਵਿਚ ਇਹ ਅੰਕੜਾ 3,000 ਤੋਂ ਪਾਰ ਜਾ ਚੁੱਕਾ ਹੈ।

# ਕੈਨੇਡਾ 'ਚ ਲੁਟੇਰੇ ਵੱਲੋਂ ਪੰਜਾਬੀ ਕਾਰੋਬਾਰੀ ਦਾ ਕਤਲ

**ਐਡਮਿੰਟਨ, (ਪੰਜਾਬ ਮੇਲ)-** ਕੈਨੇਡਾ 'ਚ ਲੁਟੇਰਿਆਂ ਤੋਂ ਆਪਣਾ ਸਟੋਰ ਬਚਾਉਣ ਦਾ ਯਤਨ ਕਰ ਰਹੇ 48 ਸਾਲਾ ਸੁਖਜੀਤ ਰੰਧਾਵਾ ਦਾ ਕਤਲ ਕਰ ਦਿੱਤਾ ਗਿਆ। ਐਡਮਿੰਟਨ ਵਿਖੇ ਵਾਪਰੀ ਵਾਰਦਾਤ ਬਾਰੇ ਸੁਖਜੀਤ ਰੰਧਾਵਾ ਦੇ ਦੋਸਤ ਰਵੀ ਪ੍ਰਕਾਸ਼ ਨੇ ਦੱਸਿਆ ਕਿ ਲੁਟੇਰੇ ਨੇ ਸ਼ਰਾਬ ਦੀਆਂ ਬੋਤਲਾਂ ਚੁੱਕ ਕੇ ਫਰਾਰ ਹੋਣ ਦਾ ਯਤਨ ਕੀਤਾ ਪਰ ਇਸ ਤੋਂ ਪਹਿਲਾਂ ਹੀ ਸੁਖਜੀਤ ਰੰਧਾਵਾ ਨੇ ਦਰਵਾਜ਼ਾ ਲੌਕ ਕਰ ਦਿਤਾ। ਗੁੱਸੇ ਵਿਚ ਆਏ ਲੁਟੇਰੇ ਨੇ ਸੁਖਜੀਤ ਰੰਧਾਵਾ 'ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕਰ ਕੇ ਫਰਾਰ ਹੋ ਗਿਆ।

112 ਐਵੇਨਿਊ ਅਤੇ 82 ਸਟ੍ਰੀਟ ਇਲਾਕੇ ਦੇ ਸਟ੍ਰਿਪ ਮਾਲ ਵਿਚ ਵਾਰਦਾਤ ਬਾਰੇ ਪਤਾ ਲਗਦਿਆਂ ਹੀ ਆਲੇ-ਦੁਆਲੇ ਮੌਜੂਦ ਲੋਕ ਇਕੱਠੇ ਹੋ ਗਏ ਅਤੇ ਸੁਖਜੀਤ ਰੰਧਾਵਾ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਉਨ੍ਹਾਂ ਦਮ ਤੋੜ ਦਿਤਾ। ਪੋਸਟਮਾਰਟਮ ਮਗਰੋਂ ਸੁਖਜੀਤ ਰੰਧਾਵਾ ਦੀ ਮੌਤ ਕਤਲ ਕਰਾਰ ਦੇ ਦਿੱਤੀ ਗਈ। ਪੁਲਿਸ ਨੇ ਇਸ ਮਾਮਲੇ ਵਿਚ 22 ਸਾਲਾ ਨਿਕੋਲਸ ਬਟਲਰ ਨੂੰ ਗ੍ਰਿਫ਼ਤਾਰ ਕਰਦਿਆਂ ਉਸ 'ਤੇ ਦੂਜੇ ਦਰਜੇ ਦੀ ਹੱਤਿਆ ਦੇ ਦੋਸ਼ ਆਇਦ ਕਰ ਦਿੱਤੇ। ਰਵੀ ਪ੍ਰਕਾਸ਼ ਨੇ ਭਰੇ ਮਨ ਨਾਲ ਕਿਹਾ ਕਿ ਉਨ੍ਹਾਂ ਦੇ ਦੋਸਤ ਨੂੰ ਆਪਣੇ ਹੀ ਸਟੋਰ ਅੰਦਰ ਕਤਲ ਕਰ ਦਿੱਤਾ ਗਿਆ। ਐਡਮਿੰਟਨ ਸ਼ਹਿਰ ਦੇ ਇਸ ਇਲਾਕੇ ਵਿਚ ਸੁਰੱਖਿਆ ਨਾਂ ਦੀ ਕੋਈ ਚੀਜ਼ ਬਾਕੀ ਨਹੀਂ ਬਚੀ।

ਰਵੀ ਪ੍ਰਕਾਸ਼ ਮੁਤਾਬਕ ਉਹ ਖੁਦ ਇਕ ਕਾਰੋਬਾਰ ਦੇ ਮਾਲਕ ਹਨ ਅਤੇ ਉਨ੍ਹਾਂ ਦਾ ਸਟਾਫ਼ ਅਪਰਾਧਿਕ ਹਰਕਤਾਂ ਦਾ ਸ਼ਿਕਾਰ ਬਣ ਚੁੱਕਾ ਹੈ। ਪੇਸ਼ੇਵਰ ਅਪਰਾਧੀ ਸਟੋਰ ਅੰਦਰ ਦਾਖ਼ਲ ਹੁੰਦੇ ਹਨ, ਸਾਡੇ ਮੁਲਾਜ਼ਮਾਂ ਨੂੰ ਧਮਕਾਉਂਦੇ ਹਨ ਅਤੇ ਜੋ ਮਰਜ਼ੀ ਲੁੱਟ ਕੇ ਫ਼ਰਾਰ ਹੋ ਜਾਂਦੇ ਹਨ। ਇਹ ਕੋਈ ਨਵੀਂ ਗੱਲ ਨਹੀਂ, ਅਜਿਹੀਆਂ ਚੁਣੌਤੀਆਂ ਦਾ ਲੰਮੇ ਸਮੇਂ ਤੋਂ ਟਾਕਰਾ ਕਰਨਾ ਪੈ ਰਿਹਾ ਹੈ। ਰਵੀ ਪ੍ਰਕਾਸ਼ ਨੇ ਛੋਟੇ ਕਾਰੋਬਾਰੀਆਂ ਅਤੇ ਉਨ੍ਹਾਂ ਦੇ ਸਟਾਫ਼ ਨੂੰ ਹਿੰਸਕ ਵਾਰਦਾਤਾਂ ਤੋਂ ਬਚਾਉਣ ਲਈ ਢੁਕਵੇਂ ਕਦਮ ਉਠਾਏ ਜਾਣ 'ਤੇ ਜ਼ੋਰ ਦਿੱਤਾ।

ਉਧਰ, ਐਡਮਿੰਟਨ ਪੁਲਿਸ ਨੇ ਹੁਣ ਸੁਖਜੀਤ ਰੰਧਾਵਾ ਦੀ ਮੌਤ ਦੇ ਕਾਰਨਾਂ ਬਾਰੇ ਵਿਸਤਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਅਤੇ ਸਿਰਫ਼ ਐਨਾ ਕਿਹਾ ਕਿ ਇਸ ਮਾਮਲੇ ਵਿਚ ਕਿਸੇ ਹੋਰ ਸ਼ੱਕੀ ਦੀ ਭਾਲ ਨਹੀਂ ਕੀਤੀ ਜਾ ਰਹੀ।

# ਲਾਹੌਰ ਵਿਚ ਚੌਥੀ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਦਾ ਐਲਾਨ

**• 27 ਤੋਂ 29 ਨਵੰਬਰ 2026 ਨੂੰ ਹੋਵੇਗੀ ਕਾਨਫਰੰਸ**

**ਲਾਹੌਰ, (ਪੰਜਾਬ ਮੇਲ)-** ਲਾਹੌਰ ਵਿਚ ਚੌਥੀ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਕਰਵਾਉਣ ਦਾ ਬਾਜ਼ਾਬਤਾ ਐਲਾਨ ਕਰ ਦਿੱਤਾ ਗਿਆ ਹੈ। ਇਹ ਐਲਾਨ ਪੰਜਾਬੀ ਪ੍ਰਚਾਰ ਆਰਗੇਨਾਈਜ਼ੇਸ਼ਨ ਵੱਲੋਂ ਪੰਜਾਬੀ ਲਹਿਰ ਤੇ ਪੀਲਾਕ (PILAC) ਦੀ ਸਾਂਝ ਨਾਲ ਪੰਜਾਬ ਇੰਸਟੀਚਿਊਟ ਆਫ਼ ਲੈਂਗੁਏਜ, ਆਰਟ ਐਂਡ ਕਲਚਰ ਵਿਚ ਇੱਕ ਭਰਵੀਂ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਗਿਆ। ਕਾਨਫਰੰਸ ਦੇ ਚੀਫ਼ ਆਰਗੇਨਾਈਜ਼ਰ ਅਹਿਮਦ ਰਜ਼ਾ ਪੰਜਾਬੀ ਹੋਰਾਂ ਦੱਸਿਆ ਕਿ ਇਹ ਤਿੰਨ ਦਿਨਾਂ ਦੀ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ 27 ਤੋਂ 29 ਨਵੰਬਰ 2026 ਤੱਕ ਪੀਲਾਕ, ਲਾਹੌਰ ਵਿਚ ਹੋਵੇਗੀ। ਕਾਨਫਰੰਸ 'ਚ ਮੁਕਾਮੀ ਮਹਿਮਾਨਾਂ ਦੇ ਨਾਲ-ਨਾਲ ਦੁਨੀਆਂ ਭਰ ਦੇ 9 ਮੁਲਕਾਂ ਤੋਂ 50 ਤੋਂ ਵੱਧ ਸੂਝਵਾਨ, ਲਿਖਾਰੀ, ਸਿਆਸਤਦਾਨ, ਸਾਇੰਸਦਾਨ, ਸਹਾਰਫੀ, ਫ਼ਨਕਾਰ, ਕਾਰੋਬਾਰੀ ਬੰਦੇ ਤੇ ਕਿਸਾਨ ਰਲਣ ਲਈ ਲਾਹੌਰ ਅੱਪੜਨਗੇ। ਕਾਨਫਰੰਸ ਦਾ ਮਕਸਦ ਪੰਜਾਬੀ ਜ਼ੁਬਾਨ ਤੇ ਅਦਬ ਦੇ ਵਧਾਅ ਦੇ




ਨਾਲ-ਨਾਲ ਪੰਜਾਬ ਤੇ ਆਲਮੀ ਪੱਧਰ ਉੱਤੇ ਪੰਜਾਬੀਆਂ ਦੇ ਮਸਲਿਆਂ 'ਤੇ ਗੱਲ ਕਰਨਾ ਤੇ ਉਨ੍ਹਾਂ ਦਾ ਹੱਲ ਲੱਭਣਾ ਹੈ। ਉਨ੍ਹਾਂ ਇਸ ਕਾਨਫਰੰਸ ਦੇ ਪਲੇਟਫਾਰਮ ਤੋਂ ਇਹ ਅਪੀਲ ਵੀ ਕੀਤੀ ਕਿ ਜਿੱਥੇ ਪਾਕਿਸਤਾਨੀ ਪੰਜਾਬ ਅੰਦਰ ਪੰਜਾਬ, ਪੰਜਾਬੀ ਦੀ ਏਕਤਾ ਲਈ ਪੰਜਾਬੀ ਲੋਕਾਈ ਤੇ ਪੰਜਾਬ ਸਰਕਾਰ ਵੱਧ-ਚੜ੍ਹ ਕੇ ਅੱਗੇ ਆਕ, ਨਵੇਂ ਸੂਬਿਆਂ ਦੇ ਜ਼ਹਿਰੀਲੇ ਸ਼ੋਸ਼ੇ ਨੂੰ ਨਾਕਾਮ ਬਣਾਵੇ, ਉੱਥੇ ਅਮਨ ਦੀ ਰਾਹ 'ਤੇ ਪਾ ਕੇ ਪਾਕਿਸਤਾਨ ਤੇ ਇੰਡੀਆ ਦੇ 15 ਕਰੋੜ ਪੰਜਾਬੀਆਂ ਨੂੰ ਵੀ ਸੌਖਾ ਕੀਤਾ ਜਾਵੇ। ਦੋਵੇਂ ਮੁਲਕ ਜੰਗਾਂ ਦੀ ਥਾਂ ਅਮਨ ਦੀ ਰਾਹ ਅਪਨਾਉਣ, ਵਾਹਗਾ ਬਾਰਡਰ ਤੇ ਕਰਤਾਰਪੁਰ ਦੇ ਲਾਂਘੇ ਨੂੰ ਖੋਲ੍ਹ ਕੇ ਆਪਸੀ ਆਵਾਜਾਈ, ਕਲਚਰਲ ਐਕਟੀਵਿਟੀਜ਼ ਤੇ ਵਪਾਰ ਨੂੰ ਸ਼ੁਰੂ ਕੀਤਾ ਜਾਵੇ। ਇਸ ਮੌਕੇ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਦੀ ਕੋਆਰਡੀਨੇਟਰ ਡਾਕਟਰ ਸ਼ਬਨਮ ਇਸਹਾਕ ਨੇ ਪਹਿਲੀਆਂ ਤਿੰਨਾਂ ਕਾਨਫਰੰਸਾਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਤੇ ਚੌਥੀ ਕਾਨਫਰੰਸ ਦੇ ਪ੍ਰੋਗਰਾਮਾਂ ਉੱਤੇ ਤਫ਼ਸੀਲੀ ਚਾਨਣ ਪਾਇਆ। ਇਦਾਰਾ ਪੀਲਾਕ ਦੇ ਡਾਇਰੈਕਟਰ ਜਨਰਲ ਮੁਹੰਮਦ ਅਸਲਮ ਸ਼ਾਹਿਦ ਨੇ ਪਿਛਲੀਆਂ ਕਾਨਫਰੰਸਾਂ ਦੀ ਕਾਮਯਾਬੀ ਉੱਤੇ ਪੰਜਾਬੀ ਪ੍ਰਚਾਰ ਤੇ ਪੰਜਾਬੀ ਲਹਿਰ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਤੇ ਇਸ ਅਜ਼ਮ ਨੂੰ ਦੁਹਰਾਇਆ ਕਿ ਪੀਲਾਕ ਪੰਜਾਬੀ ਜ਼ੁਬਾਨ, ਸੱਭਿਆਚਾਰ ਤੇ ਇਸ ਆਲਮੀ ਕਾਨਫਰੰਸ ਨੂੰ ਕਾਮਯਾਬ ਕਰਵਾਉਣ ਲਈ ਹਮੇਸ਼ਾ ਵਾਂਗ ਇਨ੍ਹਾਂ ਪੰਜਾਬੀ ਤੰਜ਼ੀਮਾਂ ਦਾ ਭਰਪੂਰ ਸਾਥ ਦਿੰਦਾ ਰਹੇਗਾ। ਕਾਨਫਰੰਸ ਦੇ ਕਨਵੀਨਰ ਡਾਕਟਰ ਜ਼ਹੀਰ ਵੱਟੂ ਨੇ ਦੱਸਿਆ ਕਿ ਇਸ ਵਾਰੀ ਜ਼ੁਬਾਨ, ਅਦਬ, ਮਾਹੌਲਿਆਤ, ਜ਼ਰਾਅਤ, ਸਿਆਸਤ, ਖੇਡਾਂ ਤੇ ਫ਼ਿਲਮ ਵਰਗੇ ਮੌਜ਼ੂਆਤ ਉੱਤੇ 10 ਮੁਬਾਹਸੇ (ਡਿਸਕਸ਼ਨ ਪੈਨਲ) ਕਰਵਾਏ ਜਾਣਗੇ। ਇਸ ਤੋਂ ਇਲਾਵਾ ਆਲਮੀ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਜ਼ ਦੇ ਰਿਸਰਚ ਪੇਪਰਜ਼ ਵੀ ਪੜ੍ਹੇ ਜਾਣਗੇ। ਕਾਨਫਰੰਸ ਵਿਚ ਉੱਚ ਪੱਧਰ ਦੀਆਂ 6 ਪੰਜਾਬੀ ਕਿਤਾਬਾਂ ਵੀ ਲੋਕ ਅਰਪਣ ਕੀਤੀਆਂ ਜਾਣਗੀਆਂ। ਸੱਭਿਆਚਾਰਕ ਰੰਗ ਬਰਕਰਾਰ ਰੱਖਣ ਲਈ ਥੀਏਟਰ, ਪੰਜਾਬੀ ਟਾਕਰਾ, ਸ਼ਾਰਟ ਫ਼ਿਲਮ, ਰੀਲਜ਼ ਤੇ ਸਾਇੰਸੀ ਮੁਕਾਬਲਿਆਂ ਦੇ ਨਾਲ-ਨਾਲ ਪਾਕਿਸਤਾਨ ਸਮੇਤ ਦੁਨੀਆਂ ਭਰ ਤੋਂ ਆਏ 9 ਮੰਨੇ-ਪ੍ਰਮੰਨੇ ਗਾਇਕਾਂ ਦੀਆਂ ਲਾਈਵ ਪਰਫ਼ਾਰਮੈਂਸਿਜ਼ ਵੀ ਸ਼ਾਮਲ ਹੋਣਗੀਆਂ। ਪੰਜਾਬ ਧਰਤੀ 'ਤੇ ਪੰਜਾਬੀ ਬੋਲੀ ਦੀ ਮੁਹੱਬਤ ਵਿਚ ਮਹਿਕਦਾ ਕੌਮੀ ਪੰਜਾਬੀ ਮੁਸ਼ਾਇਰਾ ਵੀ ਕਾਨਫਰੰਸ ਦਾ ਖ਼ਾਸ ਹਿੱਸਾ ਬਣੇਗਾ। ਕਾਨਫਰੰਸ ਦੇ ਅਖੀਰ 'ਤੇ ਪਾਕਿਸਤਾਨ ਸਮੇਤ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂ.ਕੇ., ਨਿਊਜ਼ੀਲੈਂਡ ਤੇ ਯੂ.ਏ.ਈ. ਦੀਆਂ 16 ਨਾਮਵਰ ਹਸਤੀਆਂ ਨੂੰ ਐਵਾਰਡਾਂ ਨਾਲ ਨਿਵਾਜ਼ਿਆ ਜਾਵੇਗਾ।

ਪ੍ਰੈੱਸ ਕਾਨਫਰੰਸ ਵਿਚ ਬਾਬਾ ਨਜ਼ਮੀ, ਮੁਦੱਸਰ ਇਕਬਾਲ ਬੱਟ, ਜਮੀਲ ਅਹਿਮਦ ਪਾਲ, ਦੀਪ ਸਈਦਾ, ਡਾਕਟਰ ਕੰਵਲ ਖਾਲਿਦ, ਨੈਨ ਸੁੱਖ, ਰਿਆਜ਼ ਅਹਿਮਦ ਟੋਟੋ, ਅਫ਼ਜ਼ਲ ਸਾਹਿਰ, ਜ਼ੁਬੇਰ ਅਹਿਮਦ, ਮੁਹੰਮਦ ਆਸਿਮ ਚੌਧਰੀ, ਸ਼ਫ਼ਾਅਤ ਅੱਬਾਸ ਬਲੋਚ, ਮੀਆਂ ਸਰਫ਼ਰਾਜ਼ ਅਲੀ, ਆਮਿਰ ਯੂਸਫ਼, ਮਾਸਟਰ ਫ਼ਹੀਮ, ਸ਼ਹਿਜ਼ਾਦ ਜੋਈਆ, ਹਾਫ਼ਿਜ਼ ਜ਼ਵਾਰ ਵਿਰਕ, ਇਕਰਾ ਪ੍ਰੀਤ, ਨਾਸਿਰ ਅਦੀਬ, ਡਾਕਟਰ ਸ਼ੁਮਾਇਲਾ ਹੁਸੈਨ, ਰਾਣਾ ਅਬਦੁਲ ਮਜੀਦ ਖਾਂ, ਅੰਜਮ ਗਿੱਲ, ਬਾਬਰ ਜਾਲੰਧਰੀ, ਤਾਰਿਕ ਤਨਵੀਰ, ਵਹੀਦ ਅਕਰਮ, ਰਾਏ ਸਲਾਹ ਉੱਦ ਦੀਨ, ਜੀ ਏ ਨਜਮ, ਅਹਿਮਦ ਇਕਬਾਲ ਬਜ਼ਮੀ, ਅਮੀਨ ਚੌਹਾਨ, ਜ਼ਾਹਿਰ ਭੱਟੀ, ਇਕਬਾਲ ਸ਼ਾਹਿਦ, ਹੰਮਾਦ ਅਹਿਮਦ, ਰਾਣਾ ਉਮਰ ਹੁਸ਼ਿਆਰਪੁਰੀਆ, ਜ਼ੀਸ਼ਾਨ ਵੱਟੂ, ਜਾਵੇਦ ਖ਼ਾਲਿਕ, ਵਕਾਸ ਗਰੇਵਾਲ, ਹਸਨ ਭੱਟੀ, ਮਤੀਨ ਸਈਦ, ਸਈਦ ਅਖ਼ਤਰ, ਯੂਸਫ਼ ਪੰਜਾਬੀ, ਇਕਰਾਮ ਜੱਲਾ, ਅਲੀ ਬਾਬਰ ਬੱਟ, ਫ਼ੈਸਲ ਅਲੀ ਜਾਬਰ, ਜ਼ੈਨ ਬਾਜਵਾ, ਆਂਸਾ ਖ਼ਾਨਮ ਸ਼ਹਿਜ਼ਾਦੀ, ਐਮਨ ਚਾਗ਼ੀ, ਅਬਦੁਲ ਕਦੀਰ ਅਮਜਦ, ਨਿਸਾਰ ਅਹਿਮਦ, ਆਮਿਰ ਚਿਸ਼ਤੀ, ਸੈਫ਼ ਵੱਟੂ, ਗ਼ਜ਼ਾਲਾ ਨਿਜ਼ਾਮ ਉੱਦ ਦੀਨ, ਡੀਅਰ ਕਾਸ਼ੀ, ਚੌਧਰੀ ਸ਼ਾਨੀ ਜੱਟ, ਮੁਬੱਸ਼ਿਰ ਅਲੀ, ਅਹਿਸਨ ਨਿਆਜ਼ ਸਮੇਤ ਲਹੌਰ ਭਰ ਦੀਆਂ ਮੰਨੀਆਂ-ਪ੍ਰਮੰਨੀਆਂ ਅਦਬੀ ਤੇ ਸੱਭਿਆਚਾਰਕ ਹਸਤੀਆਂ ਨੇ ਵੱਡੀ ਗਿਣਤੀ ਵਿਚ ਸ਼ਰਕਤ ਕੀਤੀ ਤੇ ਕਾਨਫਰੰਸ ਨੂੰ ਹੋਰ ਸੋਹਣਾ ਬਣਾਉਣ ਲਈ ਆਪਣੀਆਂ ਕੀਮਤੀ ਸਲਾਹਵਾਂ ਪੇਸ਼ ਕੀਤੀਆਂ।

# ਸੇਵਾਮੁਕਤ ਪ੍ਰਿੰਸੀਪਲ ਡਾ. ਵਿਜੈ ਗਰਗ ਦੀ ਨਵੀਂ ਕਿਤਾਬ ਲੋਕ ਅਰਪਣ






**ਮਲੋਟ, (ਪੰਜਾਬ ਮੇਲ)-** ਜਵਾਹਰ ਨਵੋਦਿਆ ਵਿਦਿਆਲਿਆ ਵਿਚ ਦਾਖ਼ਲੇ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਸੇਵਾਮੁਕਤ ਪ੍ਰਿੰਸੀਪਲ ਅਤੇ ਸਿੱਖਿਆਵਿਦ ਡਾ. ਵਿਜੈ ਗਰਗ ਵੱਲੋਂ ਲਿਖੀ ਨਵੀਂ ਕਿਤਾਬ "ਜਵਾਹਰ ਨਵੋਦਿਆ ਵਿਦਿਆਲਿਆ ਪ੍ਰੈਕਟਿਸ ਕਿਟ" ਪਾਠਕਾਂ ਨੂੰ ਸਮਰਪਿਤ ਕੀਤੀ ਗਈ। ਇਸ ਕਿਤਾਬ ਨੂੰ ਪ੍ਰਿੰਸੀਪਲ ਚੰਦਰ ਮੋਹਨ, ਚੰਦਰ ਮਾਡਲ ਹਾਈ ਸਕੂਲ ਮਲੋਟ ਵੱਲੋਂ ਲੋਕ ਅਰਪਣ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਚੰਦਰ ਮੋਹਨ ਨੇ ਕਿਹਾ ਕਿ ਜਵਾਹਰ ਨਵੋਦਿਆ ਵਿਦਿਆਲਿਆ ਵਿਚ ਦਾਖ਼ਲਾ ਪ੍ਰੀਖਿਆ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਮੌਕਾ ਹੈ। ਇਸ ਤਰ੍ਹਾਂ ਦੀਆਂ ਅਭਿਆਸ-ਆਧਾਰਿਤ ਕਿਤਾਬਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਪੈਟਰਨ ਨੂੰ ਸਮਝਣ, ਨਿਯਮਿਤ ਅਭਿਆਸ ਕਰਨ ਅਤੇ ਆਪਣੀ ਤਿਆਰੀ ਦਾ ਮੁਲਾਂਕਣ ਕਰਨ ਵਿਚ ਸਹਾਇਤਾ ਕਰ ਸਕਦੀਆਂ ਹਨ।

ਡਾ. ਵਿਜੈ ਗਰਗ ਨੇ ਦੱਸਿਆ ਕਿ "ਜਵਾਹਰ ਨਵੋਦਿਆ ਵਿਦਿਆਲਿਆ ਪ੍ਰੈਕਟਿਸ ਕਿਟ" ਤਿਆਰ ਕਰਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਦਾਖ਼ਲਾ ਪ੍ਰੀਖਿਆ ਦੀ ਤਿਆਰੀ ਲਈ ਸੁਚੱਜੀ ਅਤੇ ਅਭਿਆਸ-ਕੇਂਦਰਿਤ ਸਮੱਗਰੀ ਉਪਲਬਧ ਕਰਵਾਉਣਾ ਹੈ। ਕਿਤਾਬ ਵਿਚ ਵਿਦਿਆਰਥੀਆਂ ਦੀ ਤਰਕਸ਼ਕਤੀ, ਗਣਿਤੀ ਯੋਗਤਾ, ਭਾਸ਼ਾਈ ਸਮਝ ਅਤੇ ਮਾਨਸਿਕ ਯੋਗਤਾ ਨੂੰ ਮਜ਼ਬੂਤ ਕਰਨ ਲਈ ਅਭਿਆਸ ਸਮੱਗਰੀ ਸ਼ਾਮਲ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਪਿੰਡਾਂ ਅਤੇ ਛੋਟੇ ਸ਼ਹਿਰਾਂ ਦੇ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਤਿਆਰੀ ਸਮੱਗਰੀ ਉਪਲਬਧ ਕਰਵਾਉਣਾ ਉਨ੍ਹਾਂ ਦੇ ਸਿੱਖਿਆ-ਸਬੰਧੀ ਯਤਨਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਕਿਤਾਬ ਵਿਦਿਆਰਥੀਆਂ ਨੂੰ ਸਵੈ-ਅਧਿਐਨ ਅਤੇ ਨਿਰੰਤਰ ਅਭਿਆਸ ਲਈ ਪ੍ਰੇਰਿਤ ਕਰਨ ਦਾ ਯਤਨ ਹੈ।

ਕਿਤਾਬ ਦੇ ਲੋਕ ਅਰਪਣ ਮੌਕੇ ਸਕੂਲ ਦੇ ਅਧਿਆਪਕਾਂ ਅਤੇ ਸਿੱਖਿਆ ਨਾਲ ਜੁੜੇ ਹੋਰ ਵਿਅਕਤੀਆਂ ਨੇ ਡਾ. ਵਿਜੈ ਗਰਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪੁਸਤਕਾਂ ਵਿਦਿਆਰਥੀਆਂ ਦੀ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰੀ ਨੂੰ ਹੋਰ ਸੁਚਾਰੂ ਬਣਾਉਣ ਵਿਚ ਲਾਹੇਵੰਦ ਸਾਬਤ ਹੋ ਸਕਦੀਆਂ ਹਨ।

# ਪੰਜਾਬ 'ਚ ਭਾਜਪਾ ਵਰਕਰਾਂ ਦਾ ਵਿਰੋਧ; ਪਾਰਟੀ ਹਾਈਕਮਾਂਡ ਨੇ ਡੈਮੇਜ ਕੰਟਰੋਲ ਦਾ ਕੰਮ ਆਪਣੇ ਹੱਥਾਂ 'ਚ ਲਿਆ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਭਾਜਪਾ ਇਕਾਈ ਦੇ ਮੁੜ ਗਠਨ ਤੋਂ ਬਾਅਦ ਤੋਂ ਪਾਰਟੀ ਵਰਕਰਾਂ ਵੱਲੋਂ ਵਿਰੋਧ ਪ੍ਰਗਟਾਉਣ ਤੋਂ ਬਾਅਦ ਰਾਸ਼ਟਰੀ ਲੀਡਰਸ਼ਿਪ ਨੇ ਡੈਮੇਜ ਕੰਟਰੋਲ ਦਾ ਕੰਮ ਆਪਣੇ ਹੱਥਾਂ ਵਿਚ ਲਿਆ ਹੈ। ਗੌਰਤਲਬ ਹੈ ਕਿ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕਹਿਣ 'ਤੇ ਸੂਬਾ ਇਕਾਈ ਦੇ 2 ਪ੍ਰਮੁੱਖ ਆਗੂਆਂ ਨੂੰ ਸ਼ਨੀਵਾਰ ਨੂੰ ਦਿੱਲੀ ਬੁਲਾ ਲਿਆ ਸੀ ਅਤੇ ਇਹ ਦੋਵੇਂ ਆਗੂ ਪਹਿਲਾਂ ਤੋਂ ਤੈਅ ਲੁਧਿਆਣਾ ਬੈਠਕ ਵਿਚਾਲੇ ਛੱਡ ਕੇ ਦਿੱਲੀ ਰਵਾਨਾ ਹੋ ਗਏ ਸਨ। ਰਾਸ਼ਟਰੀ ਪ੍ਰਧਾਨ ਨੇ ਬੈਠਕ ਵਿਚ ਸਪੱਸ਼ਟ ਕਿਹਾ ਕਿ ਤੁਸੀਂ ਇਕ ਹਫ਼ਤੇ ਤੋਂ ਚੱਲ ਰਹੇ ਵਿਰੋਧ ਅਤੇ ਅਸੰਤੋਸ਼ ਨੂੰ ਦੂਰ ਨਹੀਂ ਕਰ ਸਕੇ। ਹੁਣ ਰਾਸ਼ਟਰੀ ਲੀਡਰਸ਼ਿਪ ਖ਼ੁਦ ਮਾਮਲਾ ਸੰਭਾਲੇਗੀ। ਗੌਰਤਲਬ ਹੈ ਕਿ ਸਭ ਤੋਂ ਵੱਧ ਅਨੁਸ਼ਾਸਿਤ ਪਾਰਟੀ ਦਾ ਦਾਅਵਾ ਕਰਨ ਵਾਲੀ ਭਾਜਪਾ ਵਿਚ ਬੀਤੇ ਐਤਵਾਰ ਨੂੰ ਨਵੀਂ ਟੀਮ ਦੇ ਐਲਾਨ ਤੋਂ ਬਾਅਦ ਤੋਂ ਅਸਤੀਫ਼ੇ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਸ਼ਾਇਦ ਹੀ ਕੋਈ ਜ਼ਿਲ੍ਹਾ ਵਰਕਰਾਂ ਦੀ ਨਾਰਾਜ਼ਗੀ ਤੋਂ ਅਛੂਤਾ ਰਿਹਾ ਹੋਵੇ। ਖ਼ਾਸ ਗੱਲ ਇਹ ਹੈ ਕਿ ਅਮਿਤ ਸ਼ਾਹ ਪੰਜਾਬ ਚੋਣਾਂ ਨੂੰ ਲੈ ਕੇ ਕਾਫ਼ੀ ਗੰਭੀਰ ਹਨ।

ਨਿਤਿਨ ਨਬੀਨ ਦੇ ਨਿਵਾਸ 'ਤੇ ਤਕਰੀਬਨ 45 ਮਿੰਟ ਚੱਲੀ ਇਸ ਬੈਠਕ ਵਿਚ ਪੰਜਾਬ ਪ੍ਰਧਾਨ ਕੇਵਲ ਢਿੱਲੋਂ ਅਤੇ ਸੂਬਾ ਸੰਗਠਨ ਮੰਤਰੀ ਮੰਥਰੀ ਸ਼੍ਰੀਨਿਵਾਸੁਲੂ ਤੋਂ ਇਲਾਵਾ ਨਵੀਂ ਟੀਮ ਦੀ ਚੋਣ ਲਈ ਲਾਏ ਗਏ ਪਾਰਟੀ ਨਿਗਰਾਨ (ਆਬਜ਼ਰਵਰ) ਸਤੀਸ਼ ਪੂਨੀਆ ਵੀ ਮੌਜੂਦ ਸਨ। ਰਾਸ਼ਟਰੀ ਪ੍ਰਧਾਨ ਨੇ ਕਿਹਾ ਕਿ ਤੁਸੀਂ ਪਾਰਟੀ ਵਰਕਰਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਅਤੇ ਉਨ੍ਹਾਂ ਨੂੰ ਸੰਤੁਸ਼ਟ ਕਰਨ ਵਿਚ ਨਾਕਾਮ ਰਹੇ ਹੋ। ਸੰਗਠਨ ਵਿਚ ਆਪਸੀ ਮਤਭੇਦ ਦੂਰ ਕਰਨਾ ਹੀ ਲੀਡਰਸ਼ਿਪ ਦਾ ਕੰਮ ਹੈ। ਅਸੀਂ ਪਹਿਲੀ ਵਾਰ ਪੰਜਾਬ ਵਿਚ ਇੰਨੀ ਵੱਡੀ ਚੋਣ ਵਿਚ ਜਾ ਰਹੇ ਹਾਂ, ਇਸ ਲਈ ਆਪਣੇ ਇਕ-ਇਕ ਵਰਕਰ ਨੂੰ ਨਾਲ ਲੈ ਕੇ ਚੱਲਣਾ ਹੋਵੇਗਾ। ਪੰਜਾਬ ਵਿਚ ਵਰਕਰਾਂ ਵਿਚ ਵਧ ਰਹੀ ਨਾਰਾਜ਼ਗੀ ਨੂੰ ਦੂਰ ਕਰਨਾ ਨਿਤਿਨ ਨਬੀਨ ਲਈ ਇਸ ਲਈ ਵੀ ਜ਼ਰੂਰੀ ਸੀ, ਕਿਉਂਕਿ ਅਗਲੇ ਸਾਲ ਦੀ ਸ਼ੁਰੂਆਤ ਵਿਚ ਇੱਥੇ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

ਸੂਤਰਾਂ ਮੁਤਾਬਕ ਰਾਸ਼ਟਰੀ ਪ੍ਰਧਾਨ ਨੇ ਢਿੱਲੋਂ ਅਤੇ ਸ਼੍ਰੀਨਿਵਾਸੁਲੂ ਤੋਂ ਪੁੱਛਿਆ ਕਿ ਪੰਜਾਬ ਦੀ ਟੀਮ ਦੇ ਗਠਨ ਵਿਚ ਕੀ ਮਾਪਦੰਡ ਰੱਖਿਆ ਗਿਆ ਸੀ, ਸੂਬੇ ਦੇ ਟਕਸਾਲੀ ਆਗੂਆਂ ਵਿਚ ਇੰਨੇ ਜ਼ਿਆਦਾ ਅਸੰਤੋਸ਼ ਦੀ ਕੀ ਵਜ੍ਹਾ ਰਹੀ? ਉਨ੍ਹਾਂ ਕਿਹਾ ਕਿ 5 ਵਿਚੋਂ 3 ਜਨਰਲ ਸਕੱਤਰ ਇਕੱਲੇ ਲੁਧਿਆਣਾ ਤੋਂ ਬਣਾ ਦਿੱਤੇ ਗਏ, ਜਦਕਿ 12 ਵਿਚੋਂ 7 ਉਪ-ਪ੍ਰਧਾਨ ਦੇ ਅਹੁਦੇ ਦੂਜੀਆਂ ਪਾਰਟੀਆਂ ਤੋਂ ਆਏ ਨੇਤਾਵਾਂ ਨੂੰ ਸੌਂਪ ਦਿੱਤੇ ਗਏ। ਇਕ ਜ਼ਿਲ੍ਹੇ ਤੋਂ 10 ਅਹੁਦੇਦਾਰ ਬਣਾ ਦਿੱਤੇ, ਇਨ੍ਹਾਂ ਫ਼ੈਸਲਿਆਂ ਨਾਲ ਪੱਖਪਾਤ ਦੇ ਦੋਸ਼ਾਂ ਨੂੰ ਹਵਾ ਮਿਲੀ ਹੈ।




# ਸੁਖਬੀਰ ਸਿੰਘ ਬਾਦਲ ਵੱਲੋਂ ਯੂਥ ਵਿੰਗ ਦੇ 20 ਨਵੇਂ ਜ਼ਿਲ੍ਹਾ ਪ੍ਰਧਾਨਾਂ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਯੂਥ ਵਿੰਗ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਯੂਥ ਵਿੰਗ ਦੀ ਕੋਰ ਕਮੇਟੀ ਵਿਚ ਵਾਧਾ ਕੀਤਾ ਅਤੇ ਯੂਥ ਵਿੰਗ ਦੇ ਵੱਖ-ਵੱਖ 20 ਜ਼ਿਲ੍ਹਿਆਂ ਦੇ ਜ਼ਿਲ੍ਹਾ ਪ੍ਰਧਾਨਾਂ ਦਾ ਐਲਾਨ ਕਰ ਦਿੱਤਾ।

ਪਾਰਟੀ ਦੇ ਮੁੱਖ ਦਫਤਰ ਤੋਂ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਜਿਨ੍ਹਾਂ ਨੌਜਵਾਨ ਆਗੂਆਂ ਨੂੰ ਯੂਥ ਅਕਾਲੀ ਦਲ ਦੀ ਕੋਰ ਕਮੇਟੀ 'ਚ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਵਿਚ ਲਵਪ੍ਰੀਤ ਸਿੰਘ ਲੱਪੀ ਈਨਾਖੇੜਾ, ਹਰਮਨ ਸਿੰਘ ਖੋਟੇ, ਵਿਪਨਦੀਪ ਸਿੰਘ ਸਨੀ, ਦਵਿੰਦਰਪਾਲ ਸਿੰਘ ਸਿੱਧੂ, ਅਮਨਦੀਪ ਸਿੰਘ ਘੱਗਾ, ਹਰਵਿੰਦਰ ਸਿੰਘ ਜੋਗੀਪੁਰ, ਪ੍ਰਿੰਸ ਤੁੰਗ ਨਾਭਾ, ਅਕਾਸ਼ਦੀਪ ਸਿੰਘ ਭੱਠਲ, ਮਲਕੀਤ ਸਿੰਘ ਚੀਮਾ, ਸੁਖਬੀਰ ਸਿੰਘ ਸੋਖੀ ਅਤੇ ਸਹਿਜ ਸਿੰਘ ਮੱਕੜ ਦੇ ਨਾਂ ਸ਼ਾਮਲ ਹਨ।




ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



## ਗ੍ਰੀਨ ਕਾਰਡ ਹੋਲਡਰ ਸਾਵਧਾਨ

# ਅਮਰੀਕਾ ਤੋਂ ਲੰਮਾ ਸਮਾਂ ਬਾਹਰ ਰਹਿਣ ਵਾਲਿਆਂ ਨਾਲ ਏਅਰਪੋਰਟ ’ਤੇ ਹੋ ਸਕਦੀ ਹੈ ਸਖ਼ਤ ਪੁੱਛਗਿੱਛ




ਅਮਰੀਕਾ ਦੇ ਗ੍ਰੀਨ ਕਾਰਡ ਹੋਲਡਰਾਂ ਲਈ ਵਿਦੇਸ਼ ਯਾਤਰਾ, ਖ਼ਾਸ ਕਰਕੇ ਆਪਣੇ ਜੱਦੀ ਦੇਸ਼ ਵਿਚ ਲੰਮਾ ਸਮਾਂ ਰਹਿਣਾ, ਬਹੁਤ ਸੋਚ-ਸਮਝ ਕੇ ਕਰਨ ਵਾਲਾ ਮਾਮਲਾ ਹੈ। ਅੱਜਕੱਲ੍ਹ ਅਜਿਹੇ ਕਈ ਮਾਮਲਿਆਂ ਦੀ ਚਰਚਾ ਹੋ ਰਹੀ ਹੈ, ਜਿੱਥੇ ਗ੍ਰੀਨ ਕਾਰਡ ਹੋਲਡਰ ਲੰਬੇ ਸਮੇਂ ਬਾਅਦ ਅਮਰੀਕਾ ਵਾਪਸ ਆਉਂਦੇ ਸਮੇਂ ਏਅਰਪੋਰਟ ’ਤੇ ਵਧੇਰੇ ਪੁੱਛਗਿੱਛ ਜਾਂ ਸੈਕੰਡਰੀ ਇੰਸਪੈਕਸ਼ਨ ਦਾ ਸਾਹਮਣਾ ਕਰ ਰਹੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਗ੍ਰੀਨ ਕਾਰਡ ਸਿਰਫ਼ ਅਮਰੀਕਾ ਆਉਣ-ਜਾਣ ਦੀ ਸਹੂਲਤ ਨਹੀਂ, ਸਗੋਂ ਅਮਰੀਕਾ ਵਿਚ ਪੱਕੇ ਤੌਰ ’ਤੇ ਰਹਿਣ ਦਾ ਦਰਜਾ ਹੈ। ਇਸ ਲਈ ਜੇ ਕਿਸੇ ਵਿਅਕਤੀ ਦੀ ਅਸਲ ਜ਼ਿੰਦਗੀ ਕਿਸੇ ਹੋਰ ਦੇਸ਼ ਵਿਚ ਨਜ਼ਰ ਆਉਂਦੀ ਹੈ ਅਤੇ ਉਹ ਅਮਰੀਕਾ ਵਿਚ ਸਿਰਫ਼ ਥੋੜ੍ਹੇ ਸਮੇਂ ਲਈ ਆਉਂਦਾ ਹੈ, ਤਾਂ ਅਧਿਕਾਰੀ ਇਹ ਸਵਾਲ ਉਠਾ ਸਕਦੇ ਹਨ ਕਿ ਕੀ ਉਸ ਵਿਅਕਤੀ ਨੇ ਆਪਣੀ ਅਮਰੀਕੀ ਪੱਕੀ ਰਿਹਾਇਸ਼ ਛੱਡ ਦਿੱਤੀ ਹੈ। ਯੂ.ਐੱਸ.ਸੀ.ਆਈ.ਐੱਸ. ਵੀ ਸਪੱਸ਼ਟ ਕਰਦਾ ਹੈ ਕਿ ਇੱਕ ਸਾਲ ਤੋਂ ਘੱਟ ਦੀ ਵਿਦੇਸ਼ ਯਾਤਰਾ ਵੀ ਕੁਝ ਹਾਲਾਤਾਂ ਵਿਚ ਪੱਕੀ ਰਿਹਾਇਸ਼ ਛੱਡਣ ਦਾ ਮੁੱਦਾ ਬਣ ਸਕਦੀ ਹੈ, ਜੇ ਵਿਅਕਤੀ ਨੇ ਅਸਲ ਰਿਹਾਇਸ਼ ਕਿਸੇ ਹੋਰ ਦੇਸ਼ ਵਿਚ ਬਣਾ ਲਈ ਹੋਵੇ।

ਇਸ ਮਾਮਲੇ ਵਿਚ 180 ਦਿਨਾਂ ਦੀ ਹੱਦ ਬਹੁਤ ਮਹੱਤਵਪੂਰਨ ਹੈ। ਮੌਜੂਦਾ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਅਨੁਸਾਰ ਜੇ ਕੋਈ ਲਾਅਫੁਲ ਪਰਮਾਨੈਂਟ ਰੈਜ਼ੀਡੈਂਟ ਲਗਾਤਾਰ 180 ਦਿਨਾਂ ਤੋਂ ਵੱਧ ਅਮਰੀਕਾ ਤੋਂ ਬਾਹਰ ਰਿਹਾ ਹੈ, ਤਾਂ ਵਾਪਸੀ ਸਮੇਂ ਉਸ ਦੀ ਸਥਿਤੀ ਕਾਨੂੰਨੀ ਤੌਰ ’ਤੇ ਵੱਖਰੀ ਹੋ ਸਕਦੀ ਹੈ ਅਤੇ ਉਸ ਨੂੰ ਅਮਰੀਕਾ ਵਿਚ ਦਾਖਲੇ ਲਈ ਵਧੇਰੇ ਜਾਂਚ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੀ.ਬੀ.ਪੀ. ਦੀ ਮਈ 2026 ਵਿਚ ਅਪਡੇਟ ਕੀਤੀ ਜਾਣਕਾਰੀ ਵੀ ਕਹਿੰਦੀ ਹੈ ਕਿ ਛੇ ਮਹੀਨਿਆਂ ਤੋਂ ਵੱਧ ਪਰ ਇੱਕ ਸਾਲ ਤੋਂ ਘੱਟ ਸਮੇਂ ਤੱਕ ਬਾਹਰ ਰਹਿਣ ਵਾਲੇ ਗ੍ਰੀਨ ਕਾਰਡ ਹੋਲਡਰ ਨੂੰ ਵਾਪਸੀ ’ਤੇ ਵਾਧੂ ਸਵਾਲ ਪੁੱਛੇ ਜਾ ਸਕਦੇ ਹਨ।

ਇਸ ਦਾ ਇਹ ਮਤਲਬ ਨਹੀਂ ਕਿ 181ਵਾਂ ਦਿਨ ਲੱਗਦਿਆਂ ਹੀ ਗ੍ਰੀਨ ਕਾਰਡ ਆਪਣੇ ਆਪ ਰੱਦ ਹੋ ਜਾਂਦਾ ਹੈ। ਇਹ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ। ਅਧਿਕਾਰੀ ਯਾਤਰਾ ਦੀ ਮਿਆਦ ਦੇ ਨਾਲ-ਨਾਲ ਇਹ ਵੀ ਦੇਖ ਸਕਦੇ ਹਨ ਕਿ ਵਿਅਕਤੀ ਦਾ ਅਸਲ ਘਰ ਕਿੱਥੇ ਹੈ, ਪਰਿਵਾਰ ਕਿੱਥੇ ਰਹਿੰਦਾ ਹੈ, ਅਮਰੀਕਾ ਵਿਚ ਨੌਕਰੀ ਜਾਂ ਕਾਰੋਬਾਰ ਹੈ ਜਾਂ ਨਹੀਂ, ਘਰ ਜਾਂ ਲੀਜ਼ ਹੈ ਜਾਂ ਨਹੀਂ, ਟੈਕਸ ਕਿਸ ਤਰ੍ਹਾਂ ਭਰੇ ਗਏ ਹਨ ਅਤੇ ਅਮਰੀਕਾ ਨਾਲ ਉਸ ਦੇ ਅਸਲ ਸਬੰਧ ਕਿੰਨੇ ਮਜ਼ਬੂਤ ਹਨ। ਯੂ.ਐੱਸ.ਸੀ.ਆਈ.ਐੱਸ. ਅਨੁਸਾਰ ਮੁੱਖ ਸਵਾਲ ਵਿਅਕਤੀ ਦੀ ਅਮਰੀਕਾ ਨੂੰ ਆਪਣਾ ਸਥਾਈ ਘਰ ਬਣਾਈ ਰੱਖਣ ਦੀ ਨੀਅਤ ਨਾਲ ਜੁੜਿਆ ਹੁੰਦਾ ਹੈ।



ਇਸ ਲਈ ਇੱਕ ਹੋਰ ਗੱਲ ਤੋਂ ਵੀ ਸਾਵਧਾਨ ਰਹਿਣ ਦੀ ਲੋੜ ਹੈ। ਕੁਝ ਲੋਕ ਹਰ ਪੰਜ ਜਾਂ ਛੇ ਮਹੀਨਿਆਂ ਬਾਅਦ ਕੁਝ ਹਫ਼ਤਿਆਂ ਲਈ ਅਮਰੀਕਾ ਆ ਕੇ ਫਿਰ ਆਪਣੇ ਜੱਦੀ ਦੇਸ਼ ਵਾਪਸ ਚਲੇ ਜਾਂਦੇ ਹਨ ਅਤੇ ਸਮਝਦੇ ਹਨ ਕਿ ਇਸ ਤਰ੍ਹਾਂ ਗ੍ਰੀਨ ਕਾਰਡ ਸੁਰੱਖਿਅਤ ਰਹੇਗਾ। ਪਰ ਸਿਰਫ਼ ਕੁਝ ਦਿਨਾਂ ਲਈ ਅਮਰੀਕਾ ਆ ਜਾਣਾ ਆਪਣੇ ਆਪ ਇਹ ਸਾਬਤ ਨਹੀਂ ਕਰਦਾ ਕਿ ਅਮਰੀਕਾ ਹੀ ਤੁਹਾਡੀ ਸਥਾਈ ਰਿਹਾਇਸ਼ ਹੈ। ਜੇ ਲਗਾਤਾਰ ਯਾਤਰਾ ਦਾ ਪੈਟਰਨ ਇਹ ਦਰਸਾਉਂਦਾ ਹੈ ਕਿ ਵਿਅਕਤੀ ਅਸਲ ਵਿਚ ਵਿਦੇਸ਼ ਵਿਚ ਰਹਿੰਦਾ ਹੈ, ਤਾਂ ਉਸ ਦੀ ਪੱਕੀ ਰਿਹਾਇਸ਼ ਬਾਰੇ ਸਵਾਲ ਖੜ੍ਹੇ ਹੋ ਸਕਦੇ ਹਨ। ਯੂ.ਐੱਸ.ਸੀ.ਆਈ.ਐੱਸ. ਮੁਤਾਬਕ ਇੱਕ ਸਾਲ ਤੋਂ ਘੱਟ ਦੀ ਗੈਰਹਾਜ਼ਰੀ ਵਿਚ ਵੀ ਤਿਆਗਣ ਦਾ ਮੁੱਦਾ ਉੱਠ ਸਕਦਾ ਹੈ।

ਜੇ ਗ੍ਰੀਨ ਕਾਰਡ ਹੋਲਡਰ ਇੱਕ ਸਾਲ ਤੋਂ ਵੱਧ ਅਮਰੀਕਾ ਤੋਂ ਬਾਹਰ ਰਹਿੰਦਾ ਹੈ ਅਤੇ ਉਸ ਕੋਲ ਵੈਧ ਰੀ-ਐਂਟਰੀ ਪਰਮਿਟ ਨਹੀਂ ਹੈ, ਤਾਂ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ। ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ ਇੱਕ ਸਾਲ ਤੋਂ ਵੱਧ ਬਾਹਰ ਰਹੇ ਪਰਮਾਨੈਂਟ ਰੈਜ਼ੀਡੈਂਟ ਨੂੰ ਕੁਝ ਹਾਲਾਤਾਂ ਵਿਚ ਰਿਟਰਨਿੰਗ ਰੈਜ਼ੀਡੈਂਟ, ਅਰਥਾਤ ਐੱਸ.ਬੀ.-1 ਵੀਜ਼ਾ ਲਈ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਕੋਲ ਜਾਣ ਦੀ ਲੋੜ ਪੈ ਸਕਦੀ ਹੈ। ਇਸ ਵਿਚ ਇਹ ਦਿਖਾਉਣਾ ਪੈਂਦਾ ਹੈ ਕਿ ਵਿਅਕਤੀ ਅਮਰੀਕਾ ਵਾਪਸ ਆਉਣਾ ਚਾਹੁੰਦਾ ਸੀ ਪਰ ਉਸ ਦੇ ਕੰਟਰੋਲ ਤੋਂ ਬਾਹਰ ਦੇ ਕਾਰਨਾਂ ਕਰਕੇ ਸਮੇਂ ਸਿਰ ਨਹੀਂ ਆ ਸਕਿਆ।

ਜਿਹੜੇ ਗ੍ਰੀਨ ਕਾਰਡ ਹੋਲਡਰ ਪਹਿਲਾਂ ਤੋਂ ਜਾਣਦੇ ਹਨ ਕਿ ਉਨ੍ਹਾਂ ਨੂੰ ਲੰਬੇ ਸਮੇਂ ਲਈ ਵਿਦੇਸ਼ ਰਹਿਣਾ ਪਵੇਗਾ, ਉਨ੍ਹਾਂ ਲਈ ਫਾਰਮ ਆਈ-131 ਰਾਹੀਂ ਰੀ-ਐਂਟਰੀ ਪਰਮਿਟ ਮਹੱਤਵਪੂਰਨ ਹੋ ਸਕਦਾ ਹੈ। ਯੂ.ਐੱਸ.ਸੀ.ਆਈ.ਐੱਸ. ਮੁਤਾਬਕ ਇਹ ਅਰਜ਼ੀ ਵਿਅਕਤੀ ਨੂੰ ਅਮਰੀਕਾ ਵਿਚ ਮੌਜੂਦ ਹੋਣ ਸਮੇਂ ਕਰਨੀ ਪੈਂਦੀ ਹੈ ਅਤੇ ਆਮ ਤੌਰ ’ਤੇ ਰੀ-ਐਂਟਰੀ ਪਰਮਿਟ ਦੋ ਸਾਲ ਤੱਕ ਵੈਧ ਹੋ ਸਕਦਾ ਹੈ। ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਰੀ-ਐਂਟਰੀ ਪਰਮਿਟ ਹਰ ਹਾਲਤ ਵਿਚ ਗ੍ਰੀਨ ਕਾਰਡ ਬਚਣ ਦੀ ਪੂਰੀ ਗਾਰੰਟੀ ਨਹੀਂ ਹੈ; ਇਹ ਲੰਬੀ ਵਿਦੇਸ਼ ਯਾਤਰਾ ਦੌਰਾਨ ਵਿਅਕਤੀ ਦੀ ਅਮਰੀਕੀ ਰਿਹਾਇਸ਼ ਕਾਇਮ ਰੱਖਣ ਦੀ ਨੀਅਤ ਦੇ ਹੱਕ ਵਿਚ ਮਹੱਤਵਪੂਰਨ ਸਬੂਤ ਹੋ ਸਕਦਾ ਹੈ।

ਏਅਰਪੋਰਟ ’ਤੇ ਪੁੱਛਗਿੱਛ ਦੌਰਾਨ ਅਧਿਕਾਰੀ ਇਹ ਜਾਣਨਾ ਚਾਹ ਸਕਦੇ ਹਨ ਕਿ ਤੁਸੀਂ ਇੰਨਾ ਸਮਾਂ ਵਿਦੇਸ਼ ਕਿਉਂ ਰਹੇ, ਅਮਰੀਕਾ ਵਿਚ ਤੁਹਾਡਾ ਘਰ ਕਿੱਥੇ ਹੈ, ਤੁਸੀਂ ਕਿੱਥੇ ਕੰਮ ਕਰਦੇ ਹੋ, ਪਰਿਵਾਰ ਕਿੱਥੇ ਰਹਿੰਦਾ ਹੈ ਅਤੇ ਤੁਸੀਂ ਅਮਰੀਕਾ ਵਾਪਸ ਕਿਉਂ ਆਏ ਹੋ। ਇਸ ਲਈ ਲੰਬੇ ਸਮੇਂ ਬਾਅਦ ਵਾਪਸ ਆਉਣ ਵਾਲੇ ਵਿਅਕਤੀ ਲਈ ਆਪਣੇ ਅਮਰੀਕੀ ਸਬੰਧਾਂ ਦੇ ਢੁੱਕਵੇਂ ਦਸਤਾਵੇਜ਼—ਜਿਵੇਂ ਟੈਕਸ ਰਿਟਰਨ, ਘਰ ਜਾਂ ਲੀਜ਼ ਨਾਲ ਸਬੰਧਤ ਕਾਗਜ਼, ਨੌਕਰੀ ਜਾਂ ਕਾਰੋਬਾਰ ਦੇ ਸਬੂਤ, ਬੈਂਕਿੰਗ ਅਤੇ ਹੋਰ ਸੰਬੰਧਿਤ ਰਿਕਾਰਡ—ਰੱਖਣਾ ਲਾਭਦਾਇਕ ਹੋ ਸਕਦਾ ਹੈ।

ਇੱਥੇ ਇੱਕ ਬਹੁਤ ਅਹਿਮ ਕਾਨੂੰਨੀ ਗੱਲ ਵੀ ਸਮਝਣ ਵਾਲੀ ਹੈ। ਇਹ ਕਹਿਣਾ ਪੂਰੀ ਤਰ੍ਹਾਂ ਸਹੀ ਨਹੀਂ ਹੋਵੇਗਾ ਕਿ ਏਅਰਪੋਰਟ ਅਧਿਕਾਰੀ ਸਿਰਫ਼ ਲੰਬੀ ਗੈਰਹਾਜ਼ਰੀ ਕਾਰਨ ਤੁਰੰਤ ਕਿਸੇ ਦਾ ਗ੍ਰੀਨ ਕਾਰਡ “ਰੱਦ” ਕਰ ਦਿੰਦੇ ਹਨ। ਫਾਰਮ ਆਈ-407 ਗ੍ਰੀਨ ਕਾਰਡ ਦਰਜਾ ਆਪਣੀ ਮਰਜ਼ੀ ਨਾਲ ਛੱਡਣ ਲਈ ਹੁੰਦਾ ਹੈ। ਯੂ.ਐੱਸ.ਸੀ.ਆਈ.ਐੱਸ. ਦੇ ਮੌਜੂਦਾ ਫਾਰਮ ਵਿਚ ਸਾਫ਼ ਲਿਖਿਆ ਹੈ ਕਿ ਆਈ-407 ਜਮ੍ਹਾਂ ਕਰਵਾਉਣਾ ਸਵੈ-ਇੱਛਤ ਹੈ ਅਤੇ ਜੇ ਵਿਅਕਤੀ ਡੀ.ਐੱਚ.ਐੱਸ. ਦੇ ਇਸ ਦਾਅਵੇ ਨਾਲ ਸਹਿਮਤ ਨਹੀਂ ਕਿ ਉਸ ਨੇ ਆਪਣੀ ਪੱਕੀ ਰਿਹਾਇਸ਼ ਛੱਡ ਦਿੱਤੀ ਹੈ, ਤਾਂ ਉਹ ਇਮੀਗ੍ਰੇਸ਼ਨ ਜੱਜ ਸਾਹਮਣੇ ਸੁਣਵਾਈ ਦੀ ਮੰਗ ਕਰ ਸਕਦਾ ਹੈ। ਯੂ.ਐੱਸ.ਸੀ.ਆਈ.ਐੱਸ. ਦੀ ਨੀਤੀ ਵੀ ਕਹਿੰਦੀ ਹੈ ਕਿ ਅਜਿਹੇ ਵਿਵਾਦ ਵਿਚ ਅੰਤਿਮ ਫ਼ੈਸਲਾ ਇਮੀਗ੍ਰੇਸ਼ਨ ਜੱਜ ਕਰ ਸਕਦਾ ਹੈ।

ਇਸ ਲਈ ਜੇ ਕਿਸੇ ਗ੍ਰੀਨ ਕਾਰਡ ਹੋਲਡਰ ਨੂੰ ਏਅਰਪੋਰਟ ’ਤੇ ਆਈ-407 ਜਾਂ ਆਪਣਾ ਐੱਲ.ਪੀ.ਆਰ. ਦਰਜਾ ਛੱਡਣ ਨਾਲ ਸਬੰਧਤ ਕੋਈ ਦਸਤਾਵੇਜ਼ ਦਿੱਤਾ ਜਾਂਦਾ ਹੈ, ਤਾਂ ਬਿਨਾਂ ਉਸ ਦਾ ਅਰਥ ਸਮਝੇ ਦਸਤਖ਼ਤ ਕਰਨਾ ਗੰਭੀਰ ਨਤੀਜੇ ਪੈਦਾ ਕਰ ਸਕਦਾ ਹੈ। ਯੂ.ਐੱਸ.ਸੀ.ਆਈ.ਐੱਸ. ਖੁਦ ਆਈ-407 ਨੂੰ ਸਵੈਇੱਛਤ ਤਿਆਗ ਦਾ ਰਿਕਾਰਡ ਦੱਸਦਾ ਹੈ। ਅਜਿਹੀ ਸਥਿਤੀ ਵਿਚ ਵਿਅਕਤੀ ਨੂੰ ਆਪਣੀ ਖਾਸ ਕਾਨੂੰਨੀ ਸਥਿਤੀ ਲਈ ਯੋਗ ਇਮੀਗ੍ਰੇਸ਼ਨ ਵਕੀਲ ਦੀ ਸਲਾਹ ਲੈਣੀ ਚਾਹੀਦੀ ਹੈ।

ਇਸ ਸਾਰੀ ਜਾਣਕਾਰੀ ਦਾ ਸਿੱਧਾ ਸੰਦੇਸ਼ ਇਹ ਹੈ ਕਿ ਗ੍ਰੀਨ ਕਾਰਡ ਨੂੰ ਲੰਬੀ ਮਿਆਦ ਵਾਲਾ ਵਿਜ਼ਟਰ ਵੀਜ਼ਾ ਸਮਝਣਾ ਵੱਡੀ ਗਲਤੀ ਹੋ ਸਕਦੀ ਹੈ। ਜੇ ਕਿਸੇ ਵਿਅਕਤੀ ਨੇ ਅਮਰੀਕਾ ਨੂੰ ਆਪਣੀ ਸਥਾਈ ਰਿਹਾਇਸ਼ ਬਣਾਇਆ ਹੈ, ਤਾਂ ਉਸ ਦੀ ਯਾਤਰਾ ਅਤੇ ਜੀਵਨ ਦਾ ਪੈਟਰਨ ਵੀ ਇਸ ਗੱਲ ਨਾਲ ਮੇਲ ਖਾਣਾ ਚਾਹੀਦਾ ਹੈ। ਖ਼ਾਸ ਕਰਕੇ ਛੇ ਮਹੀਨਿਆਂ ਤੋਂ ਵੱਧ ਦੀ ਇੱਕੋ ਯਾਤਰਾ ਕਰਨ ਵਾਲੇ, ਵਾਰ-ਵਾਰ ਜ਼ਿਆਦਾਤਰ ਸਮਾਂ ਵਿਦੇਸ਼ ਬਿਤਾਉਣ ਵਾਲੇ ਅਤੇ ਇੱਕ ਸਾਲ ਜਾਂ ਉਸ ਤੋਂ ਵੱਧ ਸਮੇਂ ਲਈ ਬਾਹਰ ਰਹਿਣ ਦੀ ਯੋਜਨਾ ਬਣਾਉਣ ਵਾਲੇ ਗ੍ਰੀਨ ਕਾਰਡ ਹੋਲਡਰਾਂ ਨੂੰ ਯਾਤਰਾ ਤੋਂ ਪਹਿਲਾਂ ਆਪਣੀ ਸਥਿਤੀ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੀਦੀ ਹੈ।

ਇਸ ਮਾਮਲੇ ਵਿਚ 180 ਦਿਨਾਂ ਦੀ ਹੱਦ ਬਹੁਤ ਮਹੱਤਵਪੂਰਨ ਹੈ। ਮੌਜੂਦਾ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਅਨੁਸਾਰ ਜੇ ਕੋਈ ਲਾਅਫੁਲ ਪਰਮਾਨੈਂਟ ਰੈਜ਼ੀਡੈਂਟ ਲਗਾਤਾਰ 180 ਦਿਨਾਂ ਤੋਂ ਵੱਧ ਅਮਰੀਕਾ ਤੋਂ ਬਾਹਰ ਰਿਹਾ ਹੈ, ਤਾਂ ਵਾਪਸੀ ਸਮੇਂ ਉਸ ਦੀ ਸਥਿਤੀ ਕਾਨੂੰਨੀ ਤੌਰ ’ਤੇ ਵੱਖਰੀ ਹੋ ਸਕਦੀ ਹੈ ਅਤੇ ਉਸ ਨੂੰ ਅਮਰੀਕਾ ਵਿਚ ਦਾਖਲੇ ਲਈ ਵਧੇਰੇ ਜਾਂਚ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੀ.ਬੀ.ਪੀ. ਦੀ ਮਈ 2026 ਵਿਚ ਅਪਡੇਟ ਕੀਤੀ ਜਾਣਕਾਰੀ ਵੀ ਕਹਿੰਦੀ ਹੈ ਕਿ ਛੇ ਮਹੀਨਿਆਂ ਤੋਂ ਵੱਧ ਪਰ ਇੱਕ ਸਾਲ ਤੋਂ ਘੱਟ ਸਮੇਂ ਤੱਕ ਬਾਹਰ ਰਹਿਣ ਵਾਲੇ ਗ੍ਰੀਨ ਕਾਰਡ ਹੋਲਡਰ ਨੂੰ ਵਾਪਸੀ ’ਤੇ ਵਾਧੂ ਸਵਾਲ ਪੁੱਛੇ ਜਾ ਸਕਦੇ ਹਨ।

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



# ਪਾਇਲਟ ਦੀ ਛੋਟੀ ਜਿਹੀ ਗਲਤੀ ਵੀ ਕਈ ਲੋਕਾਂ ਦੀ ਜ਼ਿੰਦਗੀ ਨੂੰ ਪਾ ਸਕਦੀ ਹੈ ਖ਼ਤਰੇ 'ਚ



*ਹਾਲ ਹੀ ਵਿਚ ਏਅਰ ਇੰਡੀਆ ਦੀ ਇੱਕ ਉਡਾਣ ਨਾਲ ਜੁੜਿਆ ਮਾਮਲਾ ਇਸ ਗੰਭੀਰ ਸਵਾਲ ਨੂੰ ਮੁੜ ਸਾਹਮਣੇ ਲੈ ਕੇ ਆਇਆ ਹੈ। ਫੁਕੇਟ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਏਆਈ2379 ਉਡਾਣ ਦੌਰਾਨ ਜਹਾਜ਼ ਨੂੰ ਭਾਰੀ ਟਰਬਿਊਲੈਂਸ ਦਾ ਸਾਹਮਣਾ ਕਰਨਾ ਪਿਆ ਅਤੇ ਰਿਪੋਰਟਾਂ ਮੁਤਾਬਕ ਜਹਾਜ਼ ਅਚਾਨਕ ਲਗਭਗ 300 ਫੁੱਟ ਹੇਠਾਂ ਆ ਗਿਆ। ਘਟਨਾ ਤੋਂ ਬਾਅਦ ਸਬੰਧਤ ਪਾਇਲਟ ਦੇ ਡਰੱਗ ਟੈਸਟ ਨੂੰ ਲੈ ਕੇ ਵੀ ਸਵਾਲ ਉੱਠੇ ਹਨ।*

ਅੱਜ ਦੇ ਸਮੇਂ ਵਿਚ ਹਵਾਈ ਸਫ਼ਰ ਆਮ ਲੋਕਾਂ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਚੁੱਕਾ ਹੈ। ਦੁਨੀਆਂ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਜਾਣ ਲਈ ਲੋਕ ਹਵਾਈ ਜਹਾਜ਼ਾਂ ਦੀ ਵਰਤੋਂ ਕਰਦੇ ਹਨ। ਪੰਜਾਬੀ ਭਾਈਚਾਰੇ ਦੇ ਵੀ ਲੱਖਾਂ ਲੋਕ ਹਰ ਸਾਲ ਭਾਰਤ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਜਾਣ ਲਈ ਹਵਾਈ ਸਫ਼ਰ ਕਰਦੇ ਹਨ। ਕਿਸੇ ਲਈ ਇਹ ਰੋਜ਼ਗਾਰ ਨਾਲ ਜੁੜਿਆ ਸਫ਼ਰ ਹੁੰਦਾ ਹੈ, ਕਿਸੇ ਲਈ ਪੜ੍ਹਾਈ, ਕਿਸੇ ਲਈ ਕਾਰੋਬਾਰ ਅਤੇ ਕਿਸੇ ਲਈ ਆਪਣੇ ਪਰਿਵਾਰ ਨੂੰ ਮਿਲਣ ਦੀ ਯਾਤਰਾ।

ਜਦੋਂ ਕੋਈ ਵਿਅਕਤੀ ਹਵਾਈ ਜਹਾਜ਼ ਵਿਚ ਬੈਠਦਾ ਹੈ, ਤਾਂ ਉਹ ਆਪਣੀ ਜ਼ਿੰਦਗੀ ਦਾ ਭਰੋਸਾ ਪਾਇਲਟ ਅਤੇ ਪੂਰੇ ਫਲਾਈਟ ਕਰੂ ਦੇ ਹੱਥਾਂ ਵਿਚ ਦੇ ਦਿੰਦਾ ਹੈ। ਯਾਤਰੀ ਨੂੰ ਇਹ ਪਤਾ ਨਹੀਂ ਹੁੰਦਾ ਕਿ ਕਾਕਪਿਟ ਦੇ ਅੰਦਰ ਕੀ ਹੋ ਰਿਹਾ ਹੈ। ਉਹ ਸਿਰਫ਼ ਇਹ ਆਸ ਕਰਦਾ ਹੈ ਕਿ ਜਹਾਜ਼ ਉਡਾਉਣ ਵਾਲਾ ਪਾਇਲਟ ਪੂਰੀ ਤਰ੍ਹਾਂ ਤੰਦਰੁਸਤ, ਚੌਕਸ, ਮਾਨਸਿਕ ਤੌਰ 'ਤੇ ਸਥਿਰ ਅਤੇ ਆਪਣੀ ਡਿਊਟੀ ਨਿਭਾਉਣ ਦੇ ਯੋਗ ਹੈ।

ਇਸੇ ਕਰਕੇ ਪਾਇਲਟ ਦੀ ਜ਼ਿੰਮੇਵਾਰੀ ਆਮ ਨੌਕਰੀ ਨਾਲੋਂ ਕਈ ਗੁਣਾ ਵੱਡੀ ਹੈ। ਇੱਕ ਛੋਟੀ ਜਿਹੀ ਗਲਤੀ ਵੀ ਕਈ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਸਕਦੀ ਹੈ। ਇਸ ਲਈ ਜਹਾਜ਼ ਉਡਾਉਣ ਵਾਲੇ ਪਾਇਲਟਾਂ ਦੀ ਸਿਹਤ, ਮਾਨਸਿਕ ਹਾਲਤ, ਸਰੀਰਕ ਯੋਗਤਾ ਅਤੇ ਨਸ਼ੀਲੇ ਪਦਾਰਥਾਂ ਤੋਂ ਦੂਰ ਰਹਿਣਾ ਹਵਾਈ ਸੁਰੱਖਿਆ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ।

ਹਾਲ ਹੀ ਵਿਚ ਏਅਰ ਇੰਡੀਆ ਦੀ ਇੱਕ ਉਡਾਣ ਨਾਲ ਜੁੜਿਆ ਮਾਮਲਾ ਇਸ ਗੰਭੀਰ ਸਵਾਲ ਨੂੰ ਮੁੜ ਸਾਹਮਣੇ ਲੈ ਕੇ ਆਇਆ ਹੈ। ਫੁਕੇਟ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਏਆਈ2379 ਉਡਾਣ ਦੌਰਾਨ ਜਹਾਜ਼ ਨੂੰ ਭਾਰੀ ਟਰਬਿਊਲੈਂਸ ਦਾ ਸਾਹਮਣਾ ਕਰਨਾ ਪਿਆ ਅਤੇ ਰਿਪੋਰਟਾਂ ਮੁਤਾਬਕ ਜਹਾਜ਼ ਅਚਾਨਕ ਲਗਭਗ 300 ਫੁੱਟ ਹੇਠਾਂ ਆ ਗਿਆ। ਘਟਨਾ ਤੋਂ ਬਾਅਦ ਸਬੰਧਤ ਪਾਇਲਟ ਦੇ ਡਰੱਗ ਟੈਸਟ ਨੂੰ ਲੈ ਕੇ ਵੀ ਸਵਾਲ ਉੱਠੇ ਹਨ।

ਇਸ ਮਾਮਲੇ ਦੀ ਜਾਂਚ ਅਜੇ ਜਾਰੀ ਹੈ ਅਤੇ ਟੈਸਟ ਦੇ ਨਤੀਜੇ ਸਬੰਧੀ ਅਧਿਕਾਰਤ ਪੁਸ਼ਟੀ ਨੂੰ ਮਹੱਤਵ ਦੇਣਾ ਜ਼ਰੂਰੀ ਹੈ। ਕਿਸੇ ਵੀ ਵਿਅਕਤੀ ਬਾਰੇ ਅੰਤਿਮ ਨਤੀਜਾ ਜਾਂ ਦੋਸ਼ ਸਿਰਫ਼ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਕੱਢਿਆ ਜਾਣਾ ਚਾਹੀਦਾ ਹੈ। ਪਰ ਇਸ ਘਟਨਾ ਨੇ ਇੱਕ ਬਹੁਤ ਵੱਡਾ ਸਵਾਲ ਜ਼ਰੂਰ ਖੜ੍ਹਾ ਕੀਤਾ ਹੈ – ਕੀ ਜਹਾਜ਼ ਉਡਾਉਣ ਵਾਲੇ ਪਾਇਲਟਾਂ ਦੀ ਸੁਰੱਖਿਆ ਜਾਂਚ ਕਾਫ਼ੀ ਸਖ਼ਤ ਹੈ?

ਸੜਕ 'ਤੇ ਕਾਰ ਚਲਾਉਣ ਵਾਲੇ ਵਿਅਕਤੀ ਦੀ ਗਲਤੀ ਨਾਲ ਕੁਝ ਲੋਕ ਪ੍ਰਭਾਵਿਤ ਹੋ ਸਕਦੇ ਹਨ, ਪਰ ਇੱਕ ਵੱਡੇ ਯਾਤਰੀ ਜਹਾਜ਼ ਵਿਚ ਇੱਕ ਸਮੇਂ ਸੈਂਕੜੇ ਲੋਕ ਸਵਾਰ ਹੋ ਸਕਦੇ ਹਨ। ਇਸ ਲਈ ਜਹਾਜ਼ ਉਡਾਉਣ ਵਾਲੇ ਪਾਇਲਟ ਦੀ ਹਰ ਹਰਕਤ ਬਹੁਤ ਮਹੱਤਵਪੂਰਨ ਹੁੰਦੀ ਹੈ।

ਪਾਇਲਟ ਨੂੰ ਉਡਾਣ ਦੌਰਾਨ ਹਜ਼ਾਰਾਂ ਫ਼ੈਸਲੇ ਕਰਨੇ ਪੈਂਦੇ ਹਨ। ਮੌਸਮ ਬਦਲ ਸਕਦਾ ਹੈ, ਟਰਬਿਊਲੈਂਸ ਆ ਸਕਦੀ ਹੈ, ਤਕਨੀਕੀ ਸਮੱਸਿਆ ਪੈਦਾ ਹੋ ਸਕਦੀ ਹੈ ਜਾਂ ਕਿਸੇ ਹੋਰ ਕਾਰਨ ਕਰਕੇ ਜਹਾਜ਼ ਦੀ ਸਥਿਤੀ ਅਚਾਨਕ ਬਦਲ ਸਕਦੀ ਹੈ। ਅਜਿਹੇ ਸਮੇਂ ਪਾਇਲਟ ਦੀ ਚੌਕਸੀ ਅਤੇ ਫ਼ੈਸਲਾ ਲੈਣ ਦੀ ਸਮਰੱਥਾ ਬਹੁਤ ਜ਼ਰੂਰੀ ਹੁੰਦੀ ਹੈ।

ਜੇਕਰ ਪਾਇਲਟ ਕਿਸੇ ਅਜਿਹੀ ਹਾਲਤ ਵਿਚ ਹੋਵੇ, ਜਿਸ ਕਾਰਨ ਉਸ ਦੀ ਸੋਚਣ ਜਾਂ ਫ਼ੈਸਲਾ ਕਰਨ ਦੀ ਸਮਰੱਥਾ ਪ੍ਰਭਾਵਿਤ ਹੋਵੇ, ਤਾਂ ਇਹ ਸਿਰਫ਼ ਉਸ ਦੀ ਨਿੱਜੀ ਸਮੱਸਿਆ ਨਹੀਂ ਰਹਿੰਦੀ। ਇਸ ਦਾ ਸਿੱਧਾ ਅਸਰ ਜਹਾਜ਼ ਵਿਚ ਬੈਠੇ ਸਾਰੇ ਯਾਤਰੀਆਂ 'ਤੇ ਪੈ ਸਕਦਾ ਹੈ।

ਇਸੇ ਲਈ ਪਾਇਲਟਾਂ ਲਈ ਨਿਯਮ ਬਹੁਤ ਸਖ਼ਤ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਪਾਲਣਾ ਵਿਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨਹੀਂ ਹੋਣੀ ਚਾਹੀਦੀ।

ਜਦੋਂ ਕੋਈ ਪਰਿਵਾਰ ਹਵਾਈ ਜਹਾਜ਼ ਵਿਚ ਸਵਾਰ ਹੁੰਦਾ ਹੈ, ਤਾਂ ਉਸ ਵਿਚ ਛੋਟੇ ਬੱਚੇ, ਬਜ਼ੁਰਗ, ਔਰਤਾਂ ਅਤੇ ਨੌਜਵਾਨ ਸਾਰੇ ਹੋ ਸਕਦੇ ਹਨ। ਉਹ ਸਾਰੇ ਪਾਇਲਟ ਨੂੰ ਦੇਖੇ ਬਿਨਾਂ ਉਸ 'ਤੇ ਭਰੋਸਾ ਕਰਦੇ ਹਨ। ਉਹ ਇਹ ਮੰਨ ਕੇ ਜਹਾਜ਼ ਵਿਚ ਬੈਠਦੇ ਹਨ ਕਿ ਜਿਸ ਵਿਅਕਤੀ ਦੇ ਹੱਥ ਵਿਚ ਜਹਾਜ਼ ਦਾ ਕੰਟਰੋਲ ਹੈ, ਉਹ ਪੂਰੀ ਤਰ੍ਹਾਂ ਜ਼ਿੰਮੇਵਾਰ ਅਤੇ ਯੋਗ ਹੈ।

ਪੰਜਾਬੀ ਲੋਕਾਂ ਵਿਚ ਹਵਾਈ ਸਫ਼ਰ ਦੀ ਗਿਣਤੀ ਵੀ ਪਿਛਲੇ ਕਈ ਸਾਲਾਂ ਵਿਚ ਕਾਫ਼ੀ ਵਧੀ ਹੈ। ਵਿਦੇਸ਼ਾਂ 'ਚ ਵੱਸਦੇ ਪੰਜਾਬੀ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਵਾਰ-ਵਾਰ ਭਾਰਤ ਜਾਂਦੇ ਹਨ। ਪੰਜਾਬ ਤੋਂ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਲਈ ਵੱਡੀ ਗਿਣਤੀ ਵਿਚ ਲੋਕ ਹਵਾਈ ਸਫ਼ਰ ਕਰਦੇ ਹਨ।

ਇਨ੍ਹਾਂ ਵਿਚੋਂ ਕਈ ਲੋਕ ਆਪਣੇ ਛੋਟੇ ਬੱਚਿਆਂ ਨੂੰ ਨਾਲ ਲੈ ਕੇ ਸਫ਼ਰ ਕਰਦੇ ਹਨ। ਕਈ ਬਜ਼ੁਰਗ ਲੋਕ ਵੀ ਲੰਬੀਆਂ ਉਡਾਣਾਂ ਭਰਦੇ ਹਨ। ਉਨ੍ਹਾਂ ਸਾਰਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਪਾਇਲਟ ਅਤੇ ਫਲਾਈਟ ਕਰੂ ਉੱਤੇ ਹੁੰਦੀ ਹੈ।

ਇਸ ਲਈ ਯਾਤਰੀਆਂ ਨੂੰ ਇਹ ਭਰੋਸਾ ਮਿਲਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਉਡਾਉਣ ਵਾਲਾ ਪਾਇਲਟ ਹਰ ਪੱਖੋਂ ਉਡਾਣ ਲਈ ਤਿਆਰ ਹੈ।

ਹਵਾਈ ਸੁਰੱਖਿਆ ਵਿਚ ਡਰੱਗ ਟੈਸਟ ਦੀ ਆਪਣੀ ਮਹੱਤਤਾ ਹੈ। ਪਰ ਟੈਸਟ ਦੀ ਪ੍ਰਕਿਰਿਆ ਵੀ ਵਿਗਿਆਨਕ, ਪਾਰਦਰਸ਼ੀ ਅਤੇ ਨਿਰਪੱਖ ਹੋਣੀ ਚਾਹੀਦੀ ਹੈ।

ਕਈ ਵਾਰ ਸ਼ੁਰੂਆਤੀ ਸਕ੍ਰੀਨਿੰਗ ਵਿਚ ਅਜਿਹਾ ਨਤੀਜਾ ਆ ਸਕਦਾ ਹੈ, ਜਿਸ ਦੀ ਬਾਅਦ ਵਿਚ ਪੁਸ਼ਟੀ ਕਰਨੀ ਪੈਂਦੀ ਹੈ। ਕੁਝ ਦਵਾਈਆਂ ਜਾਂ ਸਪਲੀਮੈਂਟ ਵੀ ਸਕ੍ਰੀਨਿੰਗ ਦੇ ਨਤੀਜੇ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਕਿਸੇ ਸ਼ੁਰੂਆਤੀ ਟੈਸਟ ਨੂੰ ਹੀ ਅੰਤਿਮ ਸੱਚ ਮੰਨ ਲੈਣਾ ਠੀਕ ਨਹੀਂ।

ਪਰ ਇਸ ਦਾ ਦੂਜਾ ਪੱਖ ਵੀ ਉਤਨਾ ਹੀ ਮਹੱਤਵਪੂਰਨ ਹੈ। ਜੇਕਰ ਕਿਸੇ ਪਾਇਲਟ ਦਾ ਪੁਸ਼ਟੀਕਰਨ ਵਾਲਾ ਟੈਸਟ ਵਾਸਤਵ ਵਿਚ ਪਾਜ਼ੀਟਿਵ ਆਉਂਦਾ ਹੈ, ਤਾਂ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਅਜਿਹੇ ਮਾਮਲੇ ਵਿਚ ਸਿਰਫ਼ ਪਾਇਲਟ ਦੇ ਕਰੀਅਰ ਬਾਰੇ ਨਹੀਂ, ਸਗੋਂ ਸੈਂਕੜੇ ਯਾਤਰੀਆਂ ਦੀ ਸੁਰੱਖਿਆ ਬਾਰੇ ਸੋਚਣਾ ਲਾਜ਼ਮੀ ਹੈ।

ਇਸ ਲਈ ਜਾਂਚ ਨਿਰਪੱਖ ਹੋਵੇ, ਪਰ ਜੇਕਰ ਉਲੰਘਣਾ ਸਾਬਤ ਹੁੰਦੀ ਹੈ, ਤਾਂ ਕਾਰਵਾਈ ਵੀ ਸਖ਼ਤ ਹੋਣੀ ਚਾਹੀਦੀ ਹੈ।

ਇੱਥੇ ਇੱਕ ਹੋਰ ਪੱਖ ਨੂੰ ਵੀ ਸਮਝਣ ਦੀ ਲੋੜ ਹੈ। ਪਾਇਲਟ ਦੀ ਨੌਕਰੀ ਬਹੁਤ ਜ਼ਿੰਮੇਵਾਰੀ ਵਾਲੀ ਹੋਣ ਦੇ ਨਾਲ-ਨਾਲ ਬਹੁਤ ਦਬਾਅ ਵਾਲੀ ਵੀ ਹੁੰਦੀ ਹੈ। ਲੰਬੀਆਂ ਉਡਾਣਾਂ, ਬਦਲਦੇ ਸਮੇਂ, ਘੱਟ ਆਰਾਮ, ਮੌਸਮ ਦੀਆਂ ਚੁਣੌਤੀਆਂ ਅਤੇ ਲਗਾਤਾਰ ਚੌਕਸੀ ਪਾਇਲਟ ਲਈ ਥਕਾਵਟ ਦਾ ਕਾਰਨ ਬਣ ਸਕਦੇ ਹਨ।

ਇਸ ਲਈ ਸਿਰਫ਼ ਪਾਇਲਟ ਨੂੰ ਦੋਸ਼ੀ ਬਣਾਉਣ ਦੀ ਬਜਾਏ ਹਵਾਈ ਕੰਪਨੀਆਂ ਨੂੰ ਵੀ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਾਇਲਟਾਂ ਨੂੰ ਕਾਫ਼ੀ ਆਰਾਮ ਮਿਲੇ ਅਤੇ ਉਨ੍ਹਾਂ 'ਤੇ ਬੇਲੋੜਾ ਕੰਮ ਦਾ ਦਬਾਅ ਨਾ ਹੋਵੇ।

ਜੇਕਰ ਪਾਇਲਟ ਥੱਕਿਆ ਹੋਇਆ ਹੈ, ਤਾਂ ਉਸ ਦੀ ਫ਼ੈਸਲਾ ਲੈਣ ਦੀ ਸਮਰੱਥਾ ਪ੍ਰਭਾਵਿਤ ਹੋ ਸਕਦੀ ਹੈ। ਇਸ ਲਈ ਡਿਊਟੀ ਦੇ ਘੰਟਿਆਂ, ਆਰਾਮ ਅਤੇ ਸਿਹਤ ਸਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ।

ਹਵਾਈ ਸੁਰੱਖਿਆ ਦੀ ਗੱਲ ਕਰਦੇ ਸਮੇਂ ਅਕਸਰ ਸਿਰਫ਼ ਤਕਨੀਕੀ ਮਸ਼ੀਨਾਂ ਅਤੇ ਜਹਾਜ਼ ਦੀ ਜਾਂਚ ਦੀ ਗੱਲ ਹੁੰਦੀ ਹੈ। ਪਰ ਜਹਾਜ਼ ਉਡਾਉਣ ਵਾਲਾ ਮਨੁੱਖ ਵੀ ਇਸ ਸਿਸਟਮ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ।

ਪਾਇਲਟ ਦੀ ਮਾਨਸਿਕ ਸਿਹਤ, ਤਣਾਅ, ਥਕਾਵਟ ਅਤੇ ਨਿੱਜੀ ਮੁਸ਼ਕਲਾਂ ਨੂੰ ਵੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਪਾਇਲਟ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਵੇ। ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਲਈ ਅਜਿਹੀ ਪ੍ਰਣਾਲੀ ਹੋਵੇ, ਜਿੱਥੇ ਉਹ ਲੋੜ ਪੈਣ 'ਤੇ ਮਦਦ ਲੈ ਸਕਣ ਅਤੇ ਸੁਰੱਖਿਆ ਨਾਲ ਕੋਈ ਸਮਝੌਤਾ ਨਾ ਹੋਵੇ।

ਇੱਕ ਤੰਦਰੁਸਤ ਅਤੇ ਚੌਕਸ ਪਾਇਲਟ ਹੀ ਸੈਂਕੜੇ ਯਾਤਰੀਆਂ ਨੂੰ ਸੁਰੱਖਿਅਤ ਮੰਜ਼ਿਲ ਤੱਕ ਪਹੁੰਚਾ ਸਕਦਾ ਹੈ।

ਸਿਰਫ਼ ਸਰਕਾਰ ਜਾਂ ਹਵਾਬਾਜ਼ੀ ਨਿਯਮ ਬਣਾਉਣ ਵਾਲੀਆਂ ਸੰਸਥਾਵਾਂ ਹੀ ਜ਼ਿੰਮੇਵਾਰ ਨਹੀਂ ਹਨ। ਏਅਰਲਾਈਨਾਂ ਦੀ ਵੀ ਵੱਡੀ ਜ਼ਿੰਮੇਵਾਰੀ ਹੈ।

ਹਰ ਏਅਰਲਾਈਨ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਹਾਜ਼ ਉਡਾਉਣ ਤੋਂ ਪਹਿਲਾਂ ਪਾਇਲਟ ਸਰੀਰਕ ਅਤੇ ਮਾਨਸਿਕ ਤੌਰ 'ਤੇ ਯੋਗ ਹੋਵੇ। ਡਰੱਗ ਅਤੇ ਅਲਕੋਹਲ ਸਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ। ਜੇਕਰ ਕਿਸੇ ਕਰੂ ਮੈਂਬਰ ਬਾਰੇ ਕੋਈ ਸ਼ੱਕ ਪੈਦਾ ਹੁੰਦਾ ਹੈ, ਤਾਂ ਯਾਤਰੀਆਂ ਦੀ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ।

ਕਿਸੇ ਪਾਇਲਟ ਨੂੰ ਸਿਰਫ਼ ਇਸ ਲਈ ਡਿਊਟੀ 'ਤੇ ਨਹੀਂ ਭੇਜਿਆ ਜਾਣਾ ਚਾਹੀਦਾ ਕਿ ਉਡਾਣ ਰੱਦ ਨਾ ਹੋਵੇ ਜਾਂ ਕੰਪਨੀ ਨੂੰ ਵਿੱਤੀ ਨੁਕਸਾਨ ਨਾ ਹੋਵੇ। ਜੇਕਰ ਸੁਰੱਖਿਆ ਅਤੇ ਵਪਾਰਕ ਹਿੱਤਾਂ ਵਿਚ ਚੋਣ ਕਰਨੀ ਪਵੇ, ਤਾਂ ਹਮੇਸ਼ਾ ਸੁਰੱਖਿਆ ਨੂੰ ਪਹਿਲ ਮਿਲਣੀ ਚਾਹੀਦੀ ਹੈ।

ਭਾਰਤ ਵਿਚ ਹਵਾਈ ਸੁਰੱਖਿਆ ਦੀ ਨਿਗਰਾਨੀ ਵਿਚ ਡੀ.ਜੀ.ਸੀ.ਏ. ਦੀ ਮਹੱਤਵਪੂਰਨ ਭੂਮਿਕਾ ਹੈ। ਅਜਿਹੇ ਮਾਮਲਿਆਂ ਵਿਚ ਜਾਂਚ ਨਿਰਪੱਖ ਅਤੇ ਸਮੇਂ ਸਿਰ ਹੋਣੀ ਚਾਹੀਦੀ ਹੈ।

ਜੇਕਰ ਕਿਸੇ ਪਾਇਲਟ ਵੱਲੋਂ ਨਿਯਮਾਂ ਦੀ ਉਲੰਘਣਾ ਸਾਬਤ ਹੁੰਦੀ ਹੈ, ਤਾਂ ਕਾਰਵਾਈ ਕਾਨੂੰਨ ਅਤੇ ਨਿਯਮਾਂ ਅਨੁਸਾਰ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਜੇਕਰ ਕੋਈ ਪਾਇਲਟ ਬੇਕਸੂਰ ਸਾਬਤ ਹੁੰਦਾ ਹੈ, ਤਾਂ ਉਸ ਦੀ ਇੱਜ਼ਤ ਅਤੇ ਕਰੀਅਰ ਨੂੰ ਵੀ ਬੇਵਜ੍ਹਾ ਨੁਕਸਾਨ ਨਹੀਂ ਹੋਣਾ ਚਾਹੀਦਾ।

ਇਸ ਲਈ ਜਾਂਚ ਦਾ ਮਕਸਦ ਕਿਸੇ ਵਿਅਕਤੀ ਨੂੰ ਪਹਿਲਾਂ ਹੀ ਦੋਸ਼ੀ ਬਣਾਉਣਾ ਨਹੀਂ, ਸਗੋਂ ਅਸਲ ਤੱਥ ਸਾਹਮਣੇ ਲਿਆਉਣਾ ਹੋਣਾ ਚਾਹੀਦਾ ਹੈ।

ਇਹ ਵੀ ਸੱਚ ਹੈ ਕਿ ਦੁਨੀਆਂ ਭਰ ਵਿਚ ਹਜ਼ਾਰਾਂ ਪਾਇਲਟ ਹਰ ਰੋਜ਼ ਬਹੁਤ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਹਨ। ਉਹ ਮਾੜੇ ਮੌਸਮ, ਲੰਬੀਆਂ ਉਡਾਣਾਂ ਅਤੇ ਐਮਰਜੈਂਸੀ ਹਾਲਾਤਾਂ ਵਿਚ ਯਾਤਰੀਆਂ ਨੂੰ ਸੁਰੱਖਿਅਤ ਰੱਖਣ ਲਈ ਆਪਣੀ ਪੂਰੀ ਸਮਰੱਥਾ ਵਰਤਦੇ ਹਨ।

ਕਈ ਹਾਦਸਿਆਂ ਵਿਚ ਪਾਇਲਟਾਂ ਨੇ ਆਪਣੀ ਸਮਝਦਾਰੀ ਅਤੇ ਹਿੰਮਤ ਨਾਲ ਵੱਡੀਆਂ ਤਬਾਹੀਆਂ ਨੂੰ ਟਾਲਿਆ ਹੈ। ਇਸ ਲਈ ਕਿਸੇ ਇੱਕ ਘਟਨਾ ਦੇ ਆਧਾਰ 'ਤੇ ਸਾਰੇ ਪਾਇਲਟਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਵੀ ਠੀਕ ਨਹੀਂ। ਪਰ ਜਿੱਥੇ ਇੱਕ ਪਾਇਲਟ ਦੀ ਲਾਪ੍ਰਵਾਹੀ ਸੈਂਕੜੇ ਜ਼ਿੰਦਗੀਆਂ ਨੂੰ ਖ਼ਤਰੇ ਵਿਚ ਪਾ ਸਕਦੀ ਹੈ, ਉੱਥੇ ਜਵਾਬਦੇਹੀ ਵੀ ਲਾਜ਼ਮੀ ਹੈ। ਹਵਾਈ ਸਫ਼ਰ ਕਰਨ ਵਾਲੇ ਲੋਕਾਂ ਦੀ ਇੱਕੋ ਉਮੀਦ ਹੁੰਦੀ ਹੈ, ਉਹ ਸੁਰੱਖਿਅਤ ਤਰੀਕੇ ਨਾਲ ਆਪਣੀ ਮੰਜ਼ਿਲ 'ਤੇ ਪਹੁੰਚਣ। ਉਹ ਟਿਕਟ ਖਰੀਦਦੇ ਸਮੇਂ ਸਿਰਫ਼ ਸੀਟ ਨਹੀਂ ਖਰੀਦਦੇ, ਉਹ ਆਪਣੀ ਜ਼ਿੰਦਗੀ ਦਾ ਭਰੋਸਾ ਵੀ ਏਅਰਲਾਈਨ ਨੂੰ ਦਿੰਦੇ ਹਨ।

ਇਸ ਭਰੋਸੇ ਦੀ ਰੱਖਿਆ ਕਰਨਾ ਏਅਰਲਾਈਨ, ਪਾਇਲਟ, ਕਰੂ, ਏਅਰਪੋਰਟ ਅਤੇ ਸਰਕਾਰੀ ਨਿਗਰਾਨ ਸੰਸਥਾਵਾਂ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

ਜੇਕਰ ਇੱਕ ਜਹਾਜ਼ ਵਿਚ 200 ਜਾਂ 300 ਲੋਕ ਸਫ਼ਰ ਕਰ ਰਹੇ ਹਨ, ਤਾਂ ਉਨ੍ਹਾਂ ਵਿਚੋਂ ਹਰ ਇੱਕ ਦੀ ਜ਼ਿੰਦਗੀ ਕੀਮਤੀ ਹੈ। ਕਿਸੇ ਇੱਕ ਯਾਤਰੀ ਦੀ ਜ਼ਿੰਦਗੀ ਵੀ ਕਿਸੇ ਕੰਪਨੀ ਦੇ ਸਮੇਂ, ਪੈਸੇ ਜਾਂ ਕਾਰੋਬਾਰੀ ਨੁਕਸਾਨ ਤੋਂ ਵੱਧ ਮਹੱਤਵਪੂਰਨ ਹੈ।

ਪੰਜਾਬੀ ਲੋਕ ਦੁਨੀਆਂ ਦੇ ਹਰ ਕੋਨੇ ਵਿਚ ਵੱਸਦੇ ਹਨ। ਉਨ੍ਹਾਂ ਦਾ ਆਪਣੇ ਪਰਿਵਾਰਾਂ ਨਾਲ ਮਿਲਣਾ-ਜੁਲਣਾ, ਕਾਰੋਬਾਰ, ਪੜ੍ਹਾਈ ਅਤੇ ਰੋਜ਼ਗਾਰ ਅਕਸਰ ਹਵਾਈ ਸਫ਼ਰ ਨਾਲ ਜੁੜਿਆ ਹੁੰਦਾ ਹੈ।

ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਆਪਣੇ ਮਾਪਿਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਲਈ ਹਰ ਸਾਲ ਹਜ਼ਾਰਾਂ ਮੀਲ ਦਾ ਸਫ਼ਰ ਕਰਦੇ ਹਨ। ਕਈ ਵਾਰ ਪੂਰੇ ਪਰਿਵਾਰ ਇਕੱਠੇ ਜਹਾਜ਼ ਵਿਚ ਬੈਠਦੇ ਹਨ। ਅਜਿਹੇ ਸਮੇਂ ਉਨ੍ਹਾਂ ਲਈ ਇਹ ਭਰੋਸਾ ਬਹੁਤ ਜ਼ਰੂਰੀ ਹੈ ਕਿ ਕਾਕਪਿਟ ਵਿਚ ਬੈਠੇ ਪਾਇਲਟ ਅਤੇ ਬਾਕੀ ਕਰੂ ਮੈਂਬਰ ਆਪਣੀ ਡਿਊਟੀ ਪੂਰੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ।

ਇਸ ਲਈ ਪੰਜਾਬੀ ਭਾਈਚਾਰੇ ਨੂੰ ਵੀ ਹਵਾਈ ਸੁਰੱਖਿਆ ਦੇ ਮਸਲਿਆਂ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ। ਯਾਤਰੀਆਂ ਨੂੰ ਆਪਣੇ ਹੱਕਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਏਅਰਲਾਈਨਾਂ ਤੋਂ ਸੁਰੱਖਿਆ ਦੇ ਉੱਚੇ ਮਾਪਦੰਡਾਂ ਦੀ ਉਮੀਦ ਕਰਨੀ ਚਾਹੀਦੀ ਹੈ।

ਸਾਨੂੰ ਅਜਿਹੀ ਪ੍ਰਣਾਲੀ ਦੀ ਲੋੜ ਹੈ, ਜਿਸ ਵਿਚ ਪਾਇਲਟਾਂ ਦੀ ਜਾਂਚ ਨਿਯਮਤ ਅਤੇ ਸਖ਼ਤ ਹੋਵੇ, ਪਰ ਨਾਲ ਹੀ ਨਿਰਪੱਖ ਵੀ ਹੋਵੇ। ਸ਼ੁਰੂਆਤੀ ਸਕ੍ਰੀਨਿੰਗ ਅਤੇ ਪੁਸ਼ਟੀਕਰਨ ਵਾਲੇ ਟੈਸਟ ਵਿਚ ਫ਼ਰਕ ਨੂੰ ਸਮਝਿਆ ਜਾਵੇ। ਕਿਸੇ ਪਾਇਲਟ ਬਾਰੇ ਅਫ਼ਵਾਹ ਦੇ ਆਧਾਰ 'ਤੇ ਫ਼ੈਸਲਾ ਨਾ ਹੋਵੇ, ਪਰ ਜੇਕਰ ਦੋਸ਼ ਸਾਬਤ ਹੋਣ ਤਾਂ ਕਾਰਵਾਈ ਵਿਚ ਦੇਰੀ ਵੀ ਨਾ ਕੀਤੀ ਜਾਵੇ।

ਇਸ ਦੇ ਨਾਲ ਪਾਇਲਟਾਂ ਲਈ ਥਕਾਵਟ ਪ੍ਰਬੰਧਨ, ਮਾਨਸਿਕ ਸਿਹਤ ਸਹਾਇਤਾ, ਮੈਡੀਕਲ ਜਾਂਚ ਅਤੇ ਨਸ਼ੀਲੇ ਪਦਾਰਥਾਂ ਤੋਂ ਬਚਾਅ ਸਬੰਧੀ ਨਿਯਮ ਹੋਰ ਪ੍ਰਭਾਵਸ਼ਾਲੀ ਬਣਾਏ ਜਾਣੇ ਚਾਹੀਦੇ ਹਨ।

ਹਵਾਈ ਸਫ਼ਰ ਵਿਚ ਤਕਨਾਲੋਜੀ ਕਿੰਨੀ ਵੀ ਅੱਗੇ ਕਿਉਂ ਨਾ ਵਧ ਜਾਵੇ, ਪਾਇਲਟ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੇਗੀ। ਇਸ ਲਈ ਪਾਇਲਟ ਦੀ ਯੋਗਤਾ ਅਤੇ ਚੌਕਸੀ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ।

ਏਅਰ ਇੰਡੀਆ ਦੀ ਉਡਾਣ ਨਾਲ ਜੁੜਿਆ ਮਾਮਲਾ ਅਜੇ ਜਾਂਚ ਅਧੀਨ ਹੈ ਅਤੇ ਇਸ ਵਿਚ ਅੰਤਿਮ ਨਤੀਜੇ ਲਈ ਅਧਿਕਾਰਤ ਜਾਂਚ ਦੀ ਉਡੀਕ ਕਰਨੀ ਚਾਹੀਦੀ ਹੈ। ਪਰ ਇਸ ਘਟਨਾ ਨੇ ਹਵਾਈ ਸੁਰੱਖਿਆ ਬਾਰੇ ਇੱਕ ਵੱਡੀ ਚਰਚਾ ਜ਼ਰੂਰ ਸ਼ੁਰੂ ਕੀਤੀ ਹੈ।

ਪਾਇਲਟ ਦੇ ਹੱਥ ਵਿਚ ਸਿਰਫ਼ ਜਹਾਜ਼ ਦਾ ਕੰਟਰੋਲ ਨਹੀਂ ਹੁੰਦਾ, ਸਗੋਂ ਉਸ ਵਿਚ ਬੈਠੇ ਸੈਂਕੜੇ ਲੋਕਾਂ ਦੀ ਜ਼ਿੰਦਗੀ ਦਾ ਭਰੋਸਾ ਹੁੰਦਾ ਹੈ। ਇਸ ਲਈ ਪਾਇਲਟ ਦਾ ਪੂਰੀ ਤਰ੍ਹਾਂ ਚੌਕਸ, ਤੰਦਰੁਸਤ ਅਤੇ ਡਿਊਟੀ ਲਈ ਯੋਗ ਹੋਣਾ ਲਾਜ਼ਮੀ ਹੈ।

ਜਿਹੜੇ ਲੋਕ ਜਹਾਜ਼ ਵਿਚ ਬੈਠਦੇ ਹਨ, ਉਹ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਭਰੋਸਾ ਪਾਇਲਟ 'ਤੇ ਕਰਦੇ ਹਨ। ਇਸ ਭਰੋਸੇ ਨੂੰ ਕਾਇਮ ਰੱਖਣਾ ਸਿਰਫ਼ ਪਾਇਲਟ ਦੀ ਨਹੀਂ, ਸਗੋਂ ਏਅਰਲਾਈਨ ਅਤੇ ਪੂਰੇ ਹਵਾਬਾਜ਼ੀ ਸਿਸਟਮ ਦੀ ਜ਼ਿੰਮੇਵਾਰੀ ਹੈ।

ਸੁਰੱਖਿਆ ਵਿਚ ਇੱਕ ਛੋਟੀ ਜਿਹੀ ਲਾਪ੍ਰਵਾਹੀ ਵੀ ਬਹੁਤ ਵੱਡੀ ਕੀਮਤ ਵਸੂਲ ਸਕਦੀ ਹੈ। ਇਸ ਲਈ ਸਿਧਾਂਤ ਬਿਲਕੁਲ ਸਪੱਸ਼ਟ ਹੋਣਾ ਚਾਹੀਦਾ ਹੈ, ਜਹਾਜ਼ ਉਡਾਉਣ ਤੋਂ ਪਹਿਲਾਂ ਪਾਇਲਟ ਦੀ ਯੋਗਤਾ ਦੀ ਪੂਰੀ ਤਸਦੀਕ ਅਤੇ ਜਹਾਜ਼ ਵਿਚ ਬੈਠੇ ਹਰ ਯਾਤਰੀ ਦੀ ਜ਼ਿੰਦਗੀ ਨੂੰ ਸਭ ਤੋਂ ਪਹਿਲੀ ਤਰਜੀਹ।

ਕਿਉਂਕਿ ਆਖ਼ਰਕਾਰ, ਹਵਾਈ ਯਾਤਰਾ ਦਾ ਸਭ ਤੋਂ ਵੱਡਾ ਮਕਸਦ ਤੇਜ਼ੀ ਨਹੀਂ, ਸਗੋਂ ਸੁਰੱਖਿਅਤ ਮੰਜ਼ਿਲ ਤੱਕ ਪਹੁੰਚਣਾ ਹੈ।

# ਦਲਿਤ ਵੋਟ ਬੈਂਕ 'ਤੇ ਸਿਆਸੀ ਡੋਰੇ ਪਾਉਣ ਦੀ ਕੋਸ਼ਿਸ਼? 2027 ਤੋਂ ਪਹਿਲਾਂ ਨਵੇਂ ਸਮਾਜਿਕ ਸਮੀਕਰਨਾਂ ਦੀ ਤਿਆਰੀ

-ਗੁਰਭਿੰਦਰ ਗੁਰੀ
ਸੀਨੀਅਰ ਪੱਤਰਕਾਰ, ਪੰਜਾਬ
ਚੰਡੀਗੜ੍ਹ
ਪੰਜਾਬ ਮੇਲ USA



ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਭਾਵੇਂ ਅਜੇ ਦੂਰ ਹਨ, ਪਰ ਸਿਆਸੀ ਪਾਰਟੀਆਂ ਨੇ ਆਪਣੇ ਸਮਾਜਿਕ ਅਤੇ ਚੋਣ ਸਮੀਕਰਨ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਵੇਲੇ ਸਭ ਤੋਂ ਵੱਧ ਨਜ਼ਰ ਦਲਿਤ ਵੋਟ 'ਤੇ ਟਿਕੀ ਦਿਖਾਈ ਦੇ ਰਹੀ ਹੈ। ਪੰਜਾਬ ਵਿਚ ਦਲਿਤ ਭਾਈਚਾਰੇ ਦੀ ਵੱਡੀ ਆਬਾਦੀ ਹੋਣ ਕਾਰਨ ਕਈ ਵਿਧਾਨ ਸਭਾ ਹਲਕਿਆਂ ਵਿਚ ਇਸ ਵਰਗ ਦੀ ਵੋਟ ਜਿੱਤ-ਹਾਰ ਦਾ ਫੈਸਲਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸੇ ਲਈ ਭਾਜਪਾ, ਆਮ ਆਦਮੀ ਪਾਰਟੀ, ਕਾਂਗਰਸ, ਅਕਾਲੀ ਦਲ ਸਮੇਤ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਦਲਿਤ ਸਮਾਜ ਨਾਲ ਸੰਪਰਕ ਵਧਾਉਣ ਦੀਆਂ ਕੋਸ਼ਿਸ਼ਾਂ ਤੇਜ਼ ਹੋ ਰਹੀਆਂ ਹਨ। ਆਰ.ਐੱਸ.ਐੱਸ. ਦੀਆਂ ਸਮਾਜਿਕ ਸਰਗਰਮੀਆਂ 'ਤੇ ਵੀ ਸਿਆਸੀ ਨਜ਼ਰ ਬਣੀ ਹੋਈ ਹੈ।

ਵੱਡਾ ਸਵਾਲ ਇਹ ਹੈ ਕਿ ਕੀ ਇਹ ਸਿਰਫ਼ ਸਮਾਜਿਕ ਸੰਪਰਕ ਦੀ ਮੁਹਿੰਮ ਹੈ ਜਾਂ 2027 ਲਈ ਇੱਕ ਵੱਡੀ ਚੋਣ ਰਣਨੀਤੀ ਦੀ ਤਿਆਰੀ ਹੋ ਰਹੀ ਹੈ? ਪੰਜਾਬ ਦਾ ਸਮਾਜਿਕ ਢਾਂਚਾ ਦੇਸ਼ ਦੇ ਕਈ ਹੋਰ ਸੂਬਿਆਂ ਨਾਲੋਂ ਵੱਖਰਾ ਹੈ। ਦਲਿਤ ਆਬਾਦੀ ਵੱਡੀ ਹੋਣ ਦੇ ਬਾਵਜੂਦ ਇਸ ਨੂੰ ਇੱਕ ਇਕਸਾਰ ਵੋਟ ਬੈਂਕ ਨਹੀਂ ਮੰਨਿਆ ਜਾ ਸਕਦਾ। ਇਸ ਦੇ ਅੰਦਰ ਵੱਖ-ਵੱਖ ਜਾਤੀ, ਧਾਰਮਿਕ, ਖੇਤਰੀ ਅਤੇ ਸਮਾਜਿਕ ਪਛਾਣਾਂ ਹਨ ਅਤੇ ਉਨ੍ਹਾਂ ਦੀਆਂ ਸਿਆਸੀ ਤਰਜੀਹਾਂ ਵੀ ਇੱਕੋ ਜਿਹੀਆਂ ਨਹੀਂ ਹਨ। ਇਸ ਲਈ ਕਿਸੇ ਇੱਕ ਪਾਰਟੀ ਲਈ ਸਮੁੱਚੇ ਦਲਿਤ ਸਮਾਜ ਨੂੰ ਆਪਣੇ ਨਾਲ ਜੋੜ ਲੈਣਾ ਆਸਾਨ ਨਹੀਂ ਹੋਵੇਗਾ।

ਭਾਜਪਾ ਲਈ ਪੰਜਾਬ ਵਿਚ ਆਪਣਾ ਰਵਾਇਤੀ ਆਧਾਰ ਵਧਾਉਣਾ ਇੱਕ ਵੱਡਾ ਸਿਆਸੀ ਟੀਚਾ ਹੈ। ਪਾਰਟੀ ਦਾ ਪ੍ਰਭਾਵ ਲੰਮੇ ਸਮੇਂ ਤੱਕ ਮੁੱਖ ਤੌਰ 'ਤੇ ਸ਼ਹਿਰੀ ਖੇਤਰਾਂ ਅਤੇ ਕੁਝ ਖਾਸ ਵਰਗਾਂ ਤੱਕ ਸੀਮਤ ਰਿਹਾ ਹੈ। ਹੁਣ ਭਾਜਪਾ ਦਲਿਤ, ਪਛੜੇ ਅਤੇ ਹੋਰ ਸਮਾਜਿਕ ਵਰਗਾਂ ਵਿਚ ਆਪਣੀ ਪਹੁੰਚ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦੀ ਦਿਖਾਈ ਦੇ ਰਹੀ ਹੈ। ਦਲਿਤ ਮਹਾਨ ਸ਼ਖ਼ਸੀਅਤਾਂ ਨਾਲ ਜੁੜੇ ਸਮਾਗਮਾਂ, ਧਾਰਮਿਕ ਅਸਥਾਨਾਂ, ਡੇਰਿਆਂ ਅਤੇ ਸਮਾਜਿਕ ਜਥੇਬੰਦੀਆਂ ਨਾਲ ਸੰਪਰਕ ਨੂੰ ਵੀ ਇਸੇ ਸਿਆਸੀ ਪਰਿਪੇਖ ਵਿਚ ਦੇਖਿਆ ਜਾ ਰਿਹਾ ਹੈ।

ਭਾਜਪਾ ਸਾਹਮਣੇ ਅਸਲ ਚੁਣੌਤੀ ਇਹ ਹੋਵੇਗੀ ਕਿ ਕੀ ਉਹ ਪੰਜਾਬ ਦੇ ਪੁਰਾਣੇ ਸਿਆਸੀ ਸਮੀਕਰਨਾਂ ਨੂੰ ਬਦਲ ਕੇ ਦਲਿਤ, ਪਛੜੇ, ਸ਼ਹਿਰੀ ਅਤੇ ਹੋਰ ਵਰਗਾਂ ਦਾ ਕੋਈ ਨਵਾਂ ਸਮਾਜਿਕ ਗਠਜੋੜ ਤਿਆਰ ਕਰ ਸਕਦੀ ਹੈ। ਸਿਰਫ਼ ਚੋਣਾਂ ਤੋਂ ਪਹਿਲਾਂ ਕੀਤੀਆਂ ਮੁਲਾਕਾਤਾਂ ਜਾਂ ਵੱਡੇ ਸਮਾਗਮ ਕਾਫ਼ੀ ਨਹੀਂ ਹੋਣਗੇ। ਪਾਰਟੀ ਨੂੰ ਰੁਜ਼ਗਾਰ, ਸਿੱਖਿਆ, ਸਮਾਜਿਕ ਸੁਰੱਖਿਆ ਅਤੇ ਬਰਾਬਰੀ ਵਰਗੇ ਅਸਲ ਮੁੱਦਿਆਂ ਉੱਤੇ ਆਪਣੀ ਨੀਤੀ ਵੀ ਲੋਕਾਂ ਸਾਹਮਣੇ ਰੱਖਣੀ ਪਵੇਗੀ।

ਭਾਜਪਾ ਦੀ ਸਿਆਸੀ ਰਣਨੀਤੀ ਦੇ ਨਾਲ ਆਰ.ਐੱਸ.ਐੱਸ. ਦੀ ਜ਼ਮੀਨੀ ਪੱਧਰ ਦੀ ਪਹੁੰਚ ਵੀ ਚਰਚਾ ਵਿਚ ਰਹਿੰਦੀ ਹੈ। ਆਰ.ਐੱਸ.ਐੱਸ. ਆਪਣੇ ਆਪ ਨੂੰ ਸਮਾਜਿਕ ਅਤੇ ਸੱਭਿਆਚਾਰਕ ਸੰਗਠਨ ਵਜੋਂ ਪੇਸ਼ ਕਰਦੀ ਹੈ, ਜਦਕਿ ਵਿਰੋਧੀ ਧਿਰਾਂ ਇਸ ਦੀਆਂ ਸਰਗਰਮੀਆਂ ਨੂੰ ਅਕਸਰ ਭਾਜਪਾ ਦੀ ਵੱਡੀ ਸਿਆਸੀ ਰਣਨੀਤੀ ਨਾਲ ਜੋੜਦੀਆਂ ਹਨ। ਜੇਕਰ ਪੰਜਾਬ ਵਿਚ ਦਲਿਤ ਅਤੇ ਪਛੜੇ ਵਰਗਾਂ ਵਿਚ ਸੰਘ ਦੀ ਪਹੁੰਚ ਵਧਦੀ ਹੈ, ਤਾਂ ਇਸ ਦਾ ਚੋਣ ਪ੍ਰਭਾਵ ਵੀ ਚਰਚਾ ਦਾ ਵਿਸ਼ਾ ਬਣ ਸਕਦਾ ਹੈ। ਹਾਲਾਂਕਿ ਕਿਸੇ ਵੀ ਸਮਾਜਿਕ ਸੰਪਰਕ ਨੂੰ ਸਿੱਧੇ ਤੌਰ 'ਤੇ ਵੋਟਾਂ ਵਿਚ ਬਦਲਿਆ ਹੋਇਆ ਮੰਨ ਲੈਣਾ ਸਹੀ ਨਹੀਂ ਹੋਵੇਗਾ। ਅੰਤਿਮ ਫੈਸਲਾ ਵੋਟਰ ਆਪਣੇ ਤਜ਼ਰਬੇ ਅਤੇ ਤਰਜੀਹਾਂ ਦੇ ਆਧਾਰ 'ਤੇ ਕਰਦਾ ਹੈ।



**ਜੇਕਰ ਸਿਆਸੀ ਪਾਰਟੀਆਂ ਸਿਰਫ਼ ਚੋਣਾਂ ਤੋਂ ਪਹਿਲਾਂ ਦਲਿਤ ਸਮਾਜ ਨੂੰ ਯਾਦ ਕਰਦੀਆਂ ਹਨ ਅਤੇ ਸੱਤਾ ਮਿਲਣ ਤੋਂ ਬਾਅਦ ਉਸ ਦੇ ਮੁੱਦੇ ਪਿੱਛੇ ਰਹਿ ਜਾਂਦੇ ਹਨ, ਤਾਂ ਅਜਿਹੀ ਸਿਆਸਤ ਉੱਤੇ ਸਵਾਲ ਉੱਠਣੇ ਸੁਭਾਵਿਕ ਹਨ। ਅੱਜ ਦਾ ਵੋਟਰ ਸਿਰਫ਼ ਸਨਮਾਨ ਸਮਾਗਮਾਂ, ਵੱਡੇ ਬਿਆਨਾਂ ਜਾਂ ਪ੍ਰਤੀਕਾਤਮਕ ਕਦਮਾਂ ਨਾਲ ਸੰਤੁਸ਼ਟ ਨਹੀਂ ਹੋਣਾ ਚਾਹੁੰਦਾ। ਉਹ ਆਪਣੇ ਜੀਵਨ ਵਿਚ ਅਸਲ ਬਦਲਾਅ ਦੇਖਣਾ ਚਾਹੁੰਦਾ ਹੈ। ਪੰਜਾਬ ਦੇ ਦਲਿਤ ਸਮਾਜ ਦੇ ਕਈ ਹਿੱਸਿਆਂ ਦੀਆਂ ਆਪਣੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਹਨ। ਵੱਖ-ਵੱਖ ਡੇਰੇ ਅਤੇ ਧਾਰਮਿਕ ਅਸਥਾਨ ਆਪਣੇ ਖੇਤਰਾਂ ਵਿਚ ਪ੍ਰਭਾਵ ਰੱਖਦੇ ਹਨ। ਸਿਆਸੀ ਪਾਰਟੀਆਂ ਦਾ ਇਨ੍ਹਾਂ ਸੰਸਥਾਵਾਂ ਨਾਲ ਸੰਪਰਕ ਕੋਈ ਨਵੀਂ ਗੱਲ ਨਹੀਂ, ਪਰ ਚੋਣਾਂ ਨੇੜੇ ਆਉਣ ਨਾਲ ਅਜਿਹੀਆਂ ਮੁਲਾਕਾਤਾਂ ਦਾ ਸਿਆਸੀ ਅਰਥ ਵੀ ਕੱਢਿਆ ਜਾਂਦਾ ਹੈ। ਪਾਰਟੀਆਂ ਲਈ ਚੁਣੌਤੀ ਇਹ ਹੈ ਕਿ ਧਾਰਮਿਕ ਅਤੇ ਸਮਾਜਿਕ ਪ੍ਰਤੀਕਾਂ ਦਾ ਸਨਮਾਨ ਸਿਰਫ਼ ਵੋਟ ਲੈਣ ਦਾ ਸਾਧਨ ਨਾ ਬਣੇ, ਸਗੋਂ ਇਸ ਨਾਲ ਸਮਾਜ ਦੀਆਂ ਅਸਲ ਸਮੱਸਿਆਵਾਂ ਦੇ ਹੱਲ ਲਈ ਠੋਸ ਨੀਤੀਆਂ ਵੀ ਜੁੜੀਆਂ ਹੋਣ।**

ਪੰਜਾਬ ਵਿਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਲਈ ਵੀ ਦਲਿਤ ਸਮਾਜ ਬੇਹੱਦ ਮਹੱਤਵਪੂਰਨ ਹੈ। 2022 ਦੀ ਵੱਡੀ ਜਿੱਤ ਤੋਂ ਬਾਅਦ 'ਆਪ' ਸਾਹਮਣੇ 2027 ਵਿਚ ਸੱਤਾ ਬਰਕਰਾਰ ਰੱਖਣ ਦੀ ਚੁਣੌਤੀ ਹੋਵੇਗੀ। ਉਸ ਸਮੇਂ ਪਾਰਟੀ ਨੂੰ ਸਿਰਫ਼ ਨਵੇਂ ਵਾਅਦੇ ਕਰਨ ਦੀ ਬਜਾਏ ਆਪਣੇ ਪੰਜ ਸਾਲਾਂ ਦੀ ਕਾਰਗੁਜ਼ਾਰੀ ਦਾ ਹਿਸਾਬ ਵੀ ਦੇਣਾ ਪਵੇਗਾ। ਦਲਿਤ ਸਮਾਜ ਇਹ ਦੇਖੇਗਾ ਕਿ ਰੁਜ਼ਗਾਰ, ਸਿੱਖਿਆ, ਵਿਦਿਆਰਥੀ ਸਕਾਲਰਸ਼ਿਪ, ਸਰਕਾਰੀ ਨੌਕਰੀਆਂ, ਸਮਾਜਿਕ ਸੁਰੱਖਿਆ ਅਤੇ ਪਿੰਡਾਂ ਦੇ ਵਿਕਾਸ ਨਾਲ ਜੁੜੇ ਮਸਲਿਆਂ ਉੱਤੇ ਕੀ ਹਕੀਕਤੀ ਤਬਦੀਲੀ ਆਈ।

ਵਿਰੋਧੀ ਪਾਰਟੀਆਂ 'ਆਪ' ਦੀ ਕਾਰਗੁਜ਼ਾਰੀ ਉੱਤੇ ਸਵਾਲ ਚੁੱਕਣਗੀਆਂ, ਜਦਕਿ ਸੱਤਾਧਾਰੀ ਪਾਰਟੀ ਆਪਣੀਆਂ ਲੋਕ-ਭਲਾਈ ਯੋਜਨਾਵਾਂ ਅਤੇ ਸਰਕਾਰੀ ਕੰਮਾਂ ਨੂੰ ਪ੍ਰਾਪਤੀਆਂ ਵਜੋਂ ਪੇਸ਼ ਕਰੇਗੀ। ਇਸ ਲਈ 2027 ਵਿਚ ਦਲਿਤ ਵੋਟਰਾਂ ਸਾਹਮਣੇ ਸਿਰਫ਼ ਵਾਅਦਿਆਂ ਦਾ ਨਹੀਂ, ਸਗੋਂ ਦਾਅਵਿਆਂ ਅਤੇ ਹਕੀਕਤੀ ਕਾਰਗੁਜ਼ਾਰੀ ਦਾ ਮੁਕਾਬਲਾ ਹੋਵੇਗਾ।

ਦਲਿਤ ਸਿਆਸਤ ਦੀ ਚਰਚਾ ਕਰਦਿਆਂ ਇੱਕ ਬੁਨਿਆਦੀ ਸਵਾਲ ਉੱਠਦਾ ਹੈ, ਕੀ ਦਲਿਤ ਸਮਾਜ ਨੂੰ ਸਿਰਫ਼ ਇੱਕ 'ਵੋਟ ਬੈਂਕ' ਵਜੋਂ ਦੇਖਣਾ ਠੀਕ ਹੈ? ਇਹ ਪੰਜਾਬ ਦੇ ਲੋਕਤੰਤਰ ਦਾ ਬਰਾਬਰ ਦਾ ਹਿੱਸਾ ਹੈ ਅਤੇ ਇਸ ਦੀਆਂ ਆਪਣੀਆਂ ਸਮਾਜਿਕ, ਆਰਥਿਕ ਅਤੇ ਸਿਆਸੀ ਮੰਗਾਂ ਹਨ। ਰੁਜ਼ਗਾਰ, ਸਿੱਖਿਆ, ਸਕਾਲਰਸ਼ਿਪ, ਜ਼ਮੀਨ, ਮਜ਼ਦੂਰ ਹੱਕ, ਸਰਕਾਰੀ ਨੌਕਰੀਆਂ ਵਿਚ ਮੌਕੇ, ਸਮਾਜਿਕ ਸੁਰੱਖਿਆ, ਬੁਨਿਆਦੀ ਸਹੂਲਤਾਂ ਅਤੇ ਸਮਾਜਿਕ ਬਰਾਬਰੀ ਅਜੇ ਵੀ ਵੱਡੇ ਮੁੱਦੇ ਹਨ।

ਜੇਕਰ ਸਿਆਸੀ ਪਾਰਟੀਆਂ ਸਿਰਫ਼ ਚੋਣਾਂ ਤੋਂ ਪਹਿਲਾਂ ਦਲਿਤ ਸਮਾਜ ਨੂੰ ਯਾਦ ਕਰਦੀਆਂ ਹਨ ਅਤੇ ਸੱਤਾ ਮਿਲਣ ਤੋਂ ਬਾਅਦ ਉਸ ਦੇ ਮੁੱਦੇ ਪਿੱਛੇ ਰਹਿ ਜਾਂਦੇ ਹਨ, ਤਾਂ ਅਜਿਹੀ ਸਿਆਸਤ ਉੱਤੇ ਸਵਾਲ ਉੱਠਣੇ ਸੁਭਾਵਿਕ ਹਨ। ਅੱਜ ਦਾ ਵੋਟਰ ਸਿਰਫ਼ ਸਨਮਾਨ ਸਮਾਗਮਾਂ, ਵੱਡੇ ਬਿਆਨਾਂ ਜਾਂ ਪ੍ਰਤੀਕਾਤਮਕ ਕਦਮਾਂ ਨਾਲ ਸੰਤੁਸ਼ਟ ਨਹੀਂ ਹੋਣਾ ਚਾਹੁੰਦਾ। ਉਹ ਆਪਣੇ ਜੀਵਨ ਵਿਚ ਅਸਲ ਬਦਲਾਅ ਦੇਖਣਾ ਚਾਹੁੰਦਾ ਹੈ।

ਪੰਜਾਬ ਦੇ ਦਲਿਤ ਸਮਾਜ ਦੇ ਕਈ ਹਿੱਸਿਆਂ ਦੀਆਂ ਆਪਣੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਹਨ। ਵੱਖ-ਵੱਖ ਡੇਰੇ ਅਤੇ ਧਾਰਮਿਕ ਅਸਥਾਨ ਆਪਣੇ ਖੇਤਰਾਂ ਵਿਚ ਪ੍ਰਭਾਵ ਰੱਖਦੇ ਹਨ। ਸਿਆਸੀ ਪਾਰਟੀਆਂ ਦਾ ਇਨ੍ਹਾਂ ਸੰਸਥਾਵਾਂ ਨਾਲ ਸੰਪਰਕ ਕੋਈ ਨਵੀਂ ਗੱਲ ਨਹੀਂ, ਪਰ ਚੋਣਾਂ ਨੇੜੇ ਆਉਣ ਨਾਲ ਅਜਿਹੀਆਂ ਮੁਲਾਕਾਤਾਂ ਦਾ ਸਿਆਸੀ ਅਰਥ ਵੀ ਕੱਢਿਆ ਜਾਂਦਾ ਹੈ। ਪਾਰਟੀਆਂ ਲਈ ਚੁਣੌਤੀ ਇਹ ਹੈ ਕਿ ਧਾਰਮਿਕ ਅਤੇ ਸਮਾਜਿਕ ਪ੍ਰਤੀਕਾਂ ਦਾ ਸਨਮਾਨ ਸਿਰਫ਼ ਵੋਟ ਲੈਣ ਦਾ ਸਾਧਨ ਨਾ ਬਣੇ, ਸਗੋਂ ਇਸ ਨਾਲ ਸਮਾਜ ਦੀਆਂ ਅਸਲ ਸਮੱਸਿਆਵਾਂ ਦੇ ਹੱਲ ਲਈ ਠੋਸ ਨੀਤੀਆਂ ਵੀ ਜੁੜੀਆਂ ਹੋਣ।

ਇੱਕ ਹੋਰ ਅਹਿਮ ਤਬਦੀਲੀ ਦਲਿਤ ਸਮਾਜ ਵਿਚੋਂ ਆਪਣੀ ਸੁਤੰਤਰ ਸਿਆਸੀ ਆਵਾਜ਼ ਉਠਾਉਣ ਵਾਲੇ ਨੌਜਵਾਨਾਂ, ਆਗੂਆਂ ਅਤੇ ਸਮਾਜਿਕ ਕਾਰਕੁਨਾਂ ਦਾ ਉਭਾਰ ਹੈ। ਹੁਣ ਇਹ ਸਵਾਲ ਵੀ ਪੁੱਛਿਆ ਜਾ ਰਿਹਾ ਹੈ ਕਿ ਦਲਿਤ ਸਮਾਜ ਦੀ ਨੁਮਾਇੰਦਗੀ ਹਮੇਸ਼ਾ ਰਵਾਇਤੀ ਪਾਰਟੀਆਂ ਦੇ ਆਗੂਆਂ ਰਾਹੀਂ ਹੀ ਕਿਉਂ ਹੋਵੇ? ਕੀ ਸਮਾਜ ਵਿਚੋਂ ਆਪਣਾ ਮਜ਼ਬੂਤ ਅਤੇ ਸੁਤੰਤਰ ਸਿਆਸੀ ਨੇਤ੍ਰਿਤਵ ਸਾਹਮਣੇ ਆ ਸਕਦਾ ਹੈ? ਜੇਕਰ ਅਜਿਹਾ ਕੋਈ ਨੇਤ੍ਰਿਤਵ ਵੱਡੇ ਪੱਧਰ 'ਤੇ ਭਰੋਸਾ ਬਣਾਉਣ ਵਿਚ ਕਾਮਯਾਬ ਹੁੰਦਾ ਹੈ, ਤਾਂ ਪੰਜਾਬ ਦੇ ਸਿਆਸੀ ਸਮੀਕਰਨਾਂ ਵਿਚ ਮਹੱਤਵਪੂਰਨ ਬਦਲਾਅ ਆ ਸਕਦਾ ਹੈ।

ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਲਈ ਵੀ ਦਲਿਤ ਵੋਟਰਾਂ ਦਾ ਭਰੋਸਾ ਹਾਸਲ ਕਰਨਾ ਵੱਡੀ ਚੁਣੌਤੀ ਹੈ। ਪੰਜਾਬ ਦੀ ਸਿਆਸਤ ਵਿਚ ਲੰਮੇ ਸਮੇਂ ਤੱਕ ਪ੍ਰਭਾਵਸ਼ਾਲੀ ਰਹੀਆਂ ਇਨ੍ਹਾਂ ਪਾਰਟੀਆਂ ਨੂੰ ਹੁਣ ਪੁਰਾਣੇ ਸਮਾਜਿਕ ਗਠਜੋੜਾਂ ਦੇ ਆਸਰੇ ਰਹਿਣ ਦੀ ਬਜਾਏ ਨਵੀਂ ਪੀੜ੍ਹੀ ਨਾਲ ਸਿੱਧਾ ਸੰਵਾਦ ਕਰਨਾ ਪਵੇਗਾ। ਖਾਸ ਕਰਕੇ ਨੌਜਵਾਨ ਵੋਟਰ ਸਿੱਖਿਆ, ਰੁਜ਼ਗਾਰ, ਨਸ਼ਿਆਂ ਤੋਂ ਮੁਕਤੀ, ਕਾਨੂੰਨ-ਵਿਵਸਥਾ, ਵਿਦੇਸ਼ ਜਾਣ ਦੇ ਮੌਕੇ ਅਤੇ ਆਰਥਿਕ ਖੁਦਮੁਖਤਿਆਰੀ ਵਰਗੇ ਮੁੱਦਿਆਂ ਨੂੰ ਵਧੇਰੇ ਅਹਿਮੀਅਤ ਦੇ ਰਿਹਾ ਹੈ।

ਸੋਸ਼ਲ ਮੀਡੀਆ ਨੇ ਵੀ ਸਿਆਸਤ ਕਰਨ ਅਤੇ ਵੋਟਰਾਂ ਦੀ ਸੋਚ ਬਣਨ ਦਾ ਢੰਗ ਬਦਲ ਦਿੱਤਾ ਹੈ। ਅੱਜ ਦਾ ਨੌਜਵਾਨ ਸਿਰਫ਼ ਰੈਲੀ ਜਾਂ ਸਿਆਸੀ ਭਾਸ਼ਣ ਨਹੀਂ ਸੁਣਦਾ। ਉਹ ਸਰਕਾਰਾਂ ਦੇ ਪੁਰਾਣੇ ਵਾਅਦੇ, ਆਗੂਆਂ ਦੇ ਬਿਆਨ ਅਤੇ ਮੌਜੂਦਾ ਕਾਰਗੁਜ਼ਾਰੀ ਦੀ ਤੁਲਨਾ ਆਪਣੇ ਫੋਨ ਉੱਤੇ ਕਰ ਸਕਦਾ ਹੈ। ਇਸ ਕਰਕੇ ਸਿਆਸੀ ਪਾਰਟੀਆਂ ਲਈ ਹੁਣ ਸਿਰਫ਼ ਵੱਡੀਆਂ ਰੈਲੀਆਂ ਕਰਨਾ ਕਾਫ਼ੀ ਨਹੀਂ। ਉਨ੍ਹਾਂ ਨੂੰ ਨੌਜਵਾਨਾਂ ਦੇ ਸਵਾਲਾਂ ਦੇ ਜਵਾਬ ਵੀ ਦੇਣੇ ਪੈਣਗੇ।

ਨੌਜਵਾਨ ਵੋਟਰ ਪੁੱਛ ਸਕਦਾ ਹੈ ਕਿ ਸਰਕਾਰੀ ਨੌਕਰੀਆਂ ਕਿੰਨੀਆਂ ਮਿਲੀਆਂ, ਸਿੱਖਿਆ ਦੇ ਮੌਕੇ ਕਿੰਨੇ ਵਧੇ, ਸਕਾਲਰਸ਼ਿਪਾਂ ਦਾ ਕੀ ਬਣਿਆ, ਨਸ਼ਿਆਂ ਉੱਤੇ ਕਿੰਨਾ ਕਾਬੂ ਪਿਆ ਅਤੇ ਮਜ਼ਦੂਰ ਤੇ ਗਰੀਬ ਪਰਿਵਾਰਾਂ ਦੀ ਆਰਥਿਕ ਹਾਲਤ ਵਿਚ ਕਿੰਨਾ ਸੁਧਾਰ ਆਇਆ। ਇਹ ਸਵਾਲ 2027 ਵਿਚ ਸਿਰਫ਼ ਦਲਿਤ ਸਿਆਸਤ ਹੀ ਨਹੀਂ, ਸਗੋਂ ਪੰਜਾਬ ਦੀ ਪੂਰੀ ਚੋਣੀ ਚਰਚਾ ਦਾ ਹਿੱਸਾ ਬਣ ਸਕਦੇ ਹਨ।

ਜੇਕਰ 2027 ਦੀ ਵਿਧਾਨ ਸਭਾ ਚੋਣ ਵਿਚ ਮੁਕਾਬਲਾ ਬਹੁ-ਕੋਣੀ ਬਣਦਾ ਹੈ, ਤਾਂ ਦਲਿਤ ਵੋਟ ਕਈ ਹਲਕਿਆਂ ਵਿਚ 'ਕਿੰਗਮੇਕਰ' ਦੀ ਭੂਮਿਕਾ ਨਿਭਾ ਸਕਦੀ ਹੈ। ਜਿੱਥੇ ਜਿੱਤ-ਹਾਰ ਦਾ ਫਰਕ ਕੁਝ ਹਜ਼ਾਰ ਵੋਟਾਂ ਦਾ ਹੋਵੇ, ਉੱਥੇ ਕਿਸੇ ਵੱਡੇ ਸਮਾਜਿਕ ਵਰਗ ਦਾ ਝੁਕਾਅ ਨਤੀਜੇ ਬਦਲ ਸਕਦਾ ਹੈ। ਇਸੇ ਲਈ ਭਾਜਪਾ, 'ਆਪ', ਕਾਂਗਰਸ, ਅਕਾਲੀ ਦਲ ਅਤੇ ਹੋਰ ਸਿਆਸੀ ਧਿਰਾਂ ਦਲਿਤ ਸਮਾਜ ਵਿਚ ਆਪਣੀ ਪਹੁੰਚ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

ਪਰ ਕਿਸੇ ਵੀ ਪਾਰਟੀ ਲਈ ਦਲਿਤ ਵੋਟਰਾਂ ਨੂੰ ਸਿਰਫ਼ ਅੰਕੜਿਆਂ ਜਾਂ 'ਵੋਟ ਬੈਂਕ' ਦੇ ਰੂਪ ਵਿਚ ਦੇਖਣਾ ਵੱਡੀ ਭੁੱਲ ਹੋ ਸਕਦੀ ਹੈ। ਅੱਜ ਦਾ ਵੋਟਰ ਪਹਿਲਾਂ ਨਾਲੋਂ ਵੱਧ ਜਾਣਕਾਰੀ ਰੱਖਦਾ ਹੈ ਅਤੇ ਸਿੱਧਾ ਸਵਾਲ ਕਰਦਾ ਹੈ—"ਸਾਡੇ ਲਈ ਕੀਤਾ ਕੀ ਹੈ?"

2027 ਦੀ ਚੋਣ ਵਿਚ ਸ਼ਾਇਦ ਸਭ ਤੋਂ ਵੱਡਾ ਸਵਾਲ ਇਹ ਨਹੀਂ ਹੋਵੇਗਾ ਕਿ ਕਿਹੜੀ ਪਾਰਟੀ ਦਲਿਤ ਵੋਟ ਉੱਤੇ ਸਭ ਤੋਂ ਵੱਧ ਡੋਰੇ ਪਾਉਂਦੀ ਹੈ। ਅਸਲ ਪ੍ਰੀਖਿਆ ਇਹ ਹੋਵੇਗੀ ਕਿ ਦਲਿਤ ਸਮਾਜ ਦੇ ਹੱਕਾਂ, ਸਨਮਾਨ, ਰੁਜ਼ਗਾਰ, ਸਿੱਖਿਆ, ਆਰਥਿਕ ਤਰੱਕੀ ਅਤੇ ਸਮਾਜਿਕ ਬਰਾਬਰੀ ਲਈ ਹਕੀਕਤ ਵਿਚ ਕੌਣ ਖੜ੍ਹਾ ਹੁੰਦਾ ਹੈ। ਇਸ ਸਵਾਲ ਦਾ ਜਵਾਬ ਹੀ 2027 ਵਿਚ ਦਲਿਤ ਵੋਟਰ ਦੀ ਭੂਮਿਕਾ ਅਤੇ ਪੰਜਾਬ ਦੀ ਅਗਲੀ ਸਿਆਸੀ ਤਸਵੀਰ ਤੈਅ ਕਰਨ ਵਿਚ ਮਹੱਤਵਪੂਰਨ ਹੋ ਸਕਦਾ ਹੈ।

# ਲੋਕਤੰਤਰ ਦੀ ਬਿਹਤਰੀ ਲਈ ਬਦਲਾਅ ਜ਼ਰੂਰੀ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਸੰਸਦ ਵਿਚ ਬਿਨਾਂ ਕਿਸੇ ਬਹਿਸ ਜਾਂ ਵਿਰੋਧੀ ਧਿਰ ਦੀ ਸੁਣਵਾਈ ਦੇ ਮਹੱਤਵਪੂਰਨ ਕਾਨੂੰਨ ਧੱਕੇ ਨਾਲ ਪਾਸ ਕਰਵਾਏ ਜਾਂਦੇ ਹਨ ਅਤੇ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨਾ ਆਮ ਗੱਲ ਬਣਾ ਦਿੱਤੀ ਗਈ ਹੈ। ਅਦਾਲਤਾਂ ਅਤੇ ਨਿਆਂਪਾਲਿਕਾ 'ਤੇ ਵੀ ਅਪ੍ਰਤੱਖ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਪ੍ਰੈੱਸ ਦੀ ਆਜ਼ਾਦੀ ਦਾ ਗਲਾ ਘੋਟ ਕੇ 'ਗੋਦੀ ਮੀਡੀਆ' ਨੂੰ ਝੂਠ ਅਤੇ ਨਫ਼ਰਤ ਫੈਲਾਉਣ ਦੀ ਖੁੱਲ੍ਹ ਦਿੱਤੀ ਗਈ ਹੈ। ਪ੍ਰਭੂਸੱਤਾ ਸੰਪੰਨ ਸੰਸਥਾਵਾਂ ਦੀ ਨਿਰਪੱਖਤਾ ਨੂੰ ਭੰਗ ਕਰਕੇ ਸ਼ਾਸਕ ਦਾ ਅਕਸ ਇੱਕ 'ਅਜੇਤੂ ਡਿਕਟੇਟਰ' ਵਰਗਾ ਬਣਾਇਆ ਗਿਆ ਹੈ।**

ਲੋਕਤੰਤਰ ਅਸਲ ਮਾਇਨਿਆਂ ਵਿਚ ਸਿਰਫ਼ ਪੰਜ ਸਾਲਾਂ ਬਾਅਦ ਵੋਟ ਪਾਉਣ ਜਾਂ ਸਰਕਾਰਾਂ ਬਦਲਣ ਦਾ ਨਾਂ ਨਹੀਂ ਹੈ, ਸਗੋਂ ਇਹ ਨਾਗਰਿਕਾਂ ਦੀ ਆਜ਼ਾਦੀ, ਸਮਾਨਤਾ, ਇਨਸਾਫ਼ ਅਤੇ ਸ਼ਾਸਨ ਕੋਲੋਂ ਨਿਡਰ ਹੋ ਕੇ ਸਵਾਲ ਪੁੱਛਣ ਦੇ ਅਧਿਕਾਰ ਦਾ ਜਿਉਂਦਾ-ਜਾਗਦਾ ਢਾਂਚਾ ਹੈ।

ਇੱਕ ਤੰਦਰੁਸਤ ਲੋਕਤੰਤਰ ਉਹ ਹੁੰਦਾ ਹੈ, ਜਿੱਥੇ ਸਮਾਜ ਦੇ ਅਖ਼ੀਰਲੇ ਕੰਢੇ 'ਤੇ ਖੜ੍ਹੇ ਵਿਅਕਤੀ ਦੀ ਆਵਾਜ਼ ਵੀ ਦੇਸ਼ ਦੇ ਸਭ ਤੋਂ ਸ਼ਕਤੀਸ਼ਾਲੀ ਹਾਕਮ ਦੇ ਕੰਨਾਂ ਤੱਕ ਪਹੁੰਚੇ ਅਤੇ ਉਸ ਆਵਾਜ਼ ਦੀ ਸੁਣਵਾਈ ਹੋਵੇ। ਅੱਜ ਭਾਰਤ ਦੇਸ਼ ਵਿਚ ਲੋਕਤੰਤਰ ਦੀਆਂ ਜੜ੍ਹਾਂ ਇੰਨੀਆਂ ਕਮਜ਼ੋਰ ਹੁੰਦੀਆਂ ਜਾ ਰਹੀਆਂ ਹਨ ਕਿ ਲੋਕ ਅਤੇ ਰਾਜਨੇਤਾ ਦੋਵੇਂ ਹੀ ਲੋਕਤੰਤਰ ਦੀ ਸੀਮਾ ਨੂੰ ਸਿਰਫ਼ ਚੋਣਾਂ ਜਿੱਤਣ ਅਤੇ ਹਾਰਨ ਦੇ ਅੰਕੜਿਆਂ ਤੱਕ ਹੀ ਸੀਮਤ ਮੰਨ ਬੈਠੇ ਹਨ। ਨੇਤਾ ਲੋਕ ਵੋਟ ਬੈਂਕ ਬਣਾਉਣ ਲਈ ਧਰਮ, ਜਾਤ, ਇਲਾਕਾਪ੍ਰਸਤੀ ਅਤੇ ਝੂਠੇ ਵਾਅਦਿਆਂ ਸਮੇਤ ਹਰ ਸੰਭਵ ਹਥਿਆਰ ਦੀ ਵਰਤੋਂ ਕਰਦੇ ਹਨ।

ਸਵਾਲ ਉੱਠਦਾ ਹੈ ਕਿ ਕੀ ਇਹੋ ਅਸਲ ਲੋਕਤੰਤਰ ਹੈ? ਕੀ ਅਜਿਹਾ ਲੋਕਤੰਤਰ ਦੇਸ਼ ਦੀ ਆਜ਼ਾਦੀ ਅਤੇ ਸੰਵਿਧਾਨ ਲਈ ਖ਼ਤਰਨਾਕ ਨਹੀਂ ਹੈ? ਕੀ ਭਾਰਤੀ ਨਾਗਰਿਕ ਲੋਕਤੰਤਰ ਦੀ ਅਸਲੀ ਅਹਿਮੀਅਤ ਨੂੰ ਸਮਝ ਰਹੇ ਹਨ? ਦੇਸ਼ ਵਿਚ ਲੋਕਤੰਤਰੀ ਢਾਂਚਾ ਅੱਜ ਗੰਭੀਰ ਖ਼ਤਰੇ ਵਿਚ ਹੈ, ਇਸ ਵਿਚ ਕੋਈ ਦੂਜੀ ਰਾਇ ਨਹੀਂ ਹੈ।

ਨਰਿੰਦਰ ਮੋਦੀ ਦੇ ਸ਼ਾਸਨ ਕਾਲ ਵਿਚ ਦੇਸ਼ ਅੰਦਰ ਅਜਿਹਾ ਖੌਫ਼ਨਾਕ ਮਾਹੌਲ ਸਿਰਜ ਦਿੱਤਾ ਗਿਆ ਹੈ ਕਿ ਵੱਡੇ-ਵੱਡੇ ਪ੍ਰਸਿੱਧ ਪੱਤਰਕਾਰ, ਸੰਪਾਦਕ ਅਤੇ ਟੀ.ਵੀ. ਐਂਕਰ ਵੀ ਦੱਬੀ ਜ਼ੁਬਾਨ ਵਿਚ ਹੀ ਗੱਲ ਕਰਦੇ ਹਨ ਜਾਂ ਡਰ-ਡਰ ਕੇ ਲਿਖਦੇ ਹਨ। ਸੱਤਾਧਾਰੀ ਧਿਰ ਵੱਲੋਂ ਇੱਕ ਅਜਿਹਾ ਅੰਧ-ਭਗਤੀ ਦਾ ਮਾਹੌਲ ਤਿਆਰ ਕੀਤਾ ਗਿਆ ਹੈ, ਜਿੱਥੇ ਕੁੱਝ ਲੋਕ ਨਰਿੰਦਰ ਮੋਦੀ ਨੂੰ ਇਨਸਾਨ ਨਹੀਂ, ਸਗੋਂ ਭਗਵਾਨ ਦਾ ਦਰਜਾ ਦੇਣ ਲੱਗੇ ਹਨ। ਉਹ ਇਹ ਪ੍ਰਚਾਰਦੇ ਹਨ ਕਿ ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੀਆਂ ਨੀਤੀਆਂ ਖ਼ਿਲਾਫ਼ ਕੁੱਝ ਵੀ ਬੋਲਣਾ ਦੇਸ਼-ਧ੍ਰੋਹ ਹੈ ਜਾਂ ਭਗਵਾਨ ਦਾ ਅਪਮਾਨ ਹੈ। ਲੋਕਤੰਤਰ ਵਿਚ ਆਲੋਚਨਾ ਨੂੰ ਸ਼ਾਸਨ ਦਾ ਸੁਧਾਰਕ ਮੰਨਿਆ ਜਾਂਦਾ ਹੈ, ਪਰ ਇੱਥੇ ਆਲੋਚਨਾ ਨੂੰ ਕੀ ਗੁਨਾਹ ਨਹੀਂ ਬਣਾ ਦਿੱਤਾ ਗਿਆ ਹੈ?

ਲੋਕਤੰਤਰ ਦੇ ਨਾਂ 'ਤੇ ਮੋਦੀ ਸਰਕਾਰ ਵੱਲੋਂ ਦੇਸ਼ ਦੀਆਂ ਖ਼ੁਦਮੁਖ਼ਤਾਰ ਅਤੇ ਸੰਵਿਧਾਨਕ ਸੰਸਥਾਵਾਂ ਦਾ ਜਿਸ ਬੇਰਹਿਮੀ ਨਾਲ ਘਾਣ ਕੀਤਾ ਗਿਆ ਹੈ। ਚੋਣ ਕਮਿਸ਼ਨ, ਜਿਸ ਦਾ ਕੰਮ ਨਿਰਪੱਖ ਅਤੇ ਆਜ਼ਾਦਾਨਾ ਚੋਣਾਂ ਕਰਵਾਉਣਾ ਸੀ, ਉਸ ਦੀ ਸੁਤੰਤਰਤਾ 'ਤੇ ਗੰਭੀਰ ਸਵਾਲ ਖੜ੍ਹੇ ਹੋਏ ਹਨ। ਕੇਂਦਰੀ ਤਫ਼ਤੀਸ਼ੀ ਏਜੰਸੀਆਂ ਜਿਵੇਂ ਈ.ਡੀ., ਸੀ.ਬੀ.ਆਈ. ਅਤੇ ਇਨਕਮ ਟੈਕਸ ਵਿਭਾਗ ਨੂੰ ਵਿਰੋਧੀ ਧਿਰਾਂ ਦੇ ਨੇਤਾਵਾਂ ਦੀਆਂ ਆਵਾਜ਼ਾਂ ਦੱਬਣ ਅਤੇ ਉਨ੍ਹਾਂ ਨੂੰ ਡਰਾਉਣ ਅਤੇ ਪਾਰਟੀਆਂ ਤੋੜਨ ਲਈ ਕੀ ਹਥਿਆਰ ਵਜੋਂ ਵਰਤਿਆ ਜਾ ਰਿਹਾ?

ਸੰਸਦ ਵਿਚ ਬਿਨਾਂ ਕਿਸੇ ਬਹਿਸ ਜਾਂ ਵਿਰੋਧੀ ਧਿਰ ਦੀ ਸੁਣਵਾਈ ਦੇ ਮਹੱਤਵਪੂਰਨ ਕਾਨੂੰਨ ਧੱਕੇ ਨਾਲ ਪਾਸ ਕਰਵਾਏ ਜਾਂਦੇ ਹਨ ਅਤੇ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨਾ ਆਮ ਗੱਲ ਬਣਾ ਦਿੱਤੀ ਗਈ ਹੈ। ਅਦਾਲਤਾਂ ਅਤੇ ਨਿਆਂਪਾਲਿਕਾ 'ਤੇ ਵੀ ਅਪ੍ਰਤੱਖ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ।

ਪ੍ਰੈੱਸ ਦੀ ਆਜ਼ਾਦੀ ਦਾ ਗਲਾ ਘੋਟ ਕੇ 'ਗੋਦੀ ਮੀਡੀਆ' ਨੂੰ ਝੂਠ ਅਤੇ ਨਫ਼ਰਤ ਫੈਲਾਉਣ ਦੀ ਖੁੱਲ੍ਹ ਦਿੱਤੀ ਗਈ ਹੈ। ਪ੍ਰਭੂਸੱਤਾ ਸੰਪੰਨ ਸੰਸਥਾਵਾਂ ਦੀ ਨਿਰਪੱਖਤਾ ਨੂੰ ਭੰਗ ਕਰਕੇ ਸ਼ਾਸਕ ਦਾ ਅਕਸ ਇੱਕ 'ਅਜੇਤੂ ਡਿਕਟੇਟਰ' ਵਰਗਾ ਬਣਾਇਆ ਗਿਆ ਹੈ।

ਭਾਰਤ ਵਿਚ ਲੋਕਤੰਤਰ ਦੀ ਬੁਨਿਆਦ ਰੱਖਣ ਅਤੇ ਲੋਕਾਂ ਨੂੰ ਸੰਗਠਿਤ ਕਰਨ ਵਿਚ ਕਾਂਗਰਸ ਪਾਰਟੀ ਦਾ ਇਤਿਹਾਸਕ ਰੋਲ ਰਿਹਾ ਹੈ। ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਲੋਕਾਂ, ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਨੂੰ ਇੱਕ ਛਤਰੀ ਹੇਠ ਇਕੱਠਾ ਕੀਤਾ। ਆਜ਼ਾਦੀ ਤੋਂ ਬਾਅਦ ਜਵਾਹਰ ਲਾਲ ਨਹਿਰੂ ਅਤੇ ਹੋਰ ਮੋਹਰੀ ਆਗੂਆਂ ਨੇ ਨੌਜਵਾਨਾਂ ਨੂੰ ਦੇਸ਼ ਨਿਰਮਾਣ ਵਿਚ ਜੋੜਨ ਲਈ ਅਕਾਦਮਿਕ, ਵਿਗਿਆਨਕ ਅਤੇ ਸਮਾਜਿਕ ਮੰਚ ਪ੍ਰਦਾਨ ਕੀਤੇ। ਚੋਣਾਂ ਰਾਹੀਂ ਸਰਕਾਰਾਂ ਬਣਾ ਕੇ ਕਾਂਗਰਸ ਨੇ ਭਾਰਤੀ ਲੋਕਤੰਤਰ ਦੇ ਮਜ਼ਬੂਤ ਸਤੰਭ ਖੜ੍ਹੇ ਕੀਤੇ- ਜਿਵੇਂ ਸੰਵਿਧਾਨਕ ਸ਼ਾਸਨ, ਧਰਮ-ਨਿਰਪੱਖਤਾ, ਸਮਾਜਿਕ ਰਾਖਵਾਂਕਰਨ, ਭਾਸ਼ਾ ਆਧਾਰਿਤ ਸੂਬਿਆਂ ਦੀ ਰਚਨਾ, ਸੁਤੰਤਰ ਕੇਂਦਰੀ ਬੈਂਕ ਅਤੇ ਭੂਮੀ ਸੁਧਾਰ।

ਗਲਤੀਆਂ ਕਾਂਗਰਸੀ ਨੇਤਾਵਾਂ ਤੋਂ ਵੀ ਹੋਈਆਂ। 1975 ਵਿਚ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਲੋਕਤੰਤਰ 'ਤੇ ਇੱਕ ਵੱਡਾ ਦਾਗ ਸੀ। ਪਰ ਉਸ ਵੇਲੇ ਵੀ ਜੈਪ੍ਰਕਾਸ਼ ਨਾਰਾਇਣ ਦੀ ਅਗਵਾਈ ਹੇਠ ਦੇਸ਼ ਦਾ ਨੌਜਵਾਨ ਸੰਗਠਿਤ ਹੋਇਆ, ਵਿਸ਼ਾਲ ਜਨ-ਅੰਦੋਲਨ ਛਿੜਿਆ, ਕੇਂਦਰ ਸਰਕਾਰ ਬਦਲੀ ਅਤੇ ਲੋਕਤੰਤਰ ਦੀ ਮੁੜ ਬਹਾਲੀ ਲਈ ਸੰਵਿਧਾਨਕ ਸੁਰੱਖਿਆ ਢਾਂਚਾ ਲਾਗੂ ਕੀਤਾ ਗਿਆ। ਇਹ ਸਭ ਬਦਲਾਅ ਰਾਜਨੀਤਿਕ ਧਿਰਾਂ ਦੀਆਂ ਕੋਸ਼ਿਸ਼ਾਂ, ਨੌਜਵਾਨਾਂ ਦੀ ਜਾਗਰੂਕਤਾ ਅਤੇ ਸੰਵਿਧਾਨਕ ਸੰਘਰਸ਼ਾਂ ਰਾਹੀਂ ਹੀ ਸੰਭਵ ਹੋਏ ਸਨ।

ਅੱਜ ਦੇ ਦੌਰ ਵਿਚ ਰਵਾਇਤੀ ਰਾਜਨੀਤਿਕ ਪਾਰਟੀਆਂ ਸੱਤਾਧਾਰੀ ਧਿਰ ਦੀਆਂ ਧੱਕੇਸ਼ਾਹੀਆਂ ਅੱਗੇ ਬੇਵੱਸ ਨਜ਼ਰ ਆ ਰਹੀਆਂ ਸਨ। ਪਿਛਲੇ ਦਿਨੀਂ ਜੰਤਰ-ਮੰਤਰ 'ਤੇ ਜਾਗਰੂਕ ਨੌਜਵਾਨਾਂ ਨੇ ਇਕੱਠੇ ਹੋ ਕੇ ਲੋਕਤੰਤਰ ਦਾ ਅਸਲੀ ਮਤਲਬ ਪੂਰੇ ਦੇਸ਼ ਨੂੰ ਸਮਝਾ ਦਿੱਤਾ। ਉਨ੍ਹਾਂ ਸਾਬਤ ਕਰ ਦਿੱਤਾ ਕਿ ਜੇਕਰ ਲੋਕ ਇੱਕਜੁੱਟ ਹੋ ਜਾਣ ਤਾਂ ਹੰਕਾਰੀ ਸੱਤਾ ਨੂੰ ਹਿਲਾਇਆ ਜਾ ਸਕਦਾ ਹੈ ਅਤੇ ਸ਼ਾਸਕ ਨੂੰ ਗੋਡਿਆਂ ਭਾਰ ਕੀਤਾ ਜਾ ਸਕਦਾ ਹੈ। ਆਪ-ਮੁਹਾਰੀਆਂ ਤਾਕਤਾਂ ਹਾਸਲ ਕਰੀ ਬੈਠੇ ਡਿਕਟੇਟਰ ਸੋਚ ਵਾਲੇ ਸ਼ਾਸਕ ਨੂੰ, ਜੋ ਵਿਰੋਧੀਆਂ ਨੂੰ ਬੌਣੇ ਸਮਝਦਾ ਹੈ, ਸਬਕ ਸਿਖਾਇਆ ਜਾ ਸਕਦਾ ਹੈ। ਨੌਜਵਾਨਾਂ ਨੇ ਪੇਪਰ ਲੀਕੇਜ ਵਰਗੇ ਗੰਭੀਰ ਮੁੱਦਿਆਂ 'ਤੇ ਡਟ ਕੇ ਪ੍ਰਦਰਸ਼ਨ ਕੀਤਾ, ਮੰਤਰੀਆਂ ਦੇ ਅਸਤੀਫ਼ੇ ਦੀ ਮੰਗ ਕੀਤੀ ਅਤੇ ਸਰਕਾਰੀ ਤਸ਼ੱਦਦ ਸਹਿ ਕੇ ਵੀ ਸ਼ਾਂਤਮਈ ਸੰਘਰਸ਼ ਜਿੱਤਿਆ। ਇਸ ਅੰਦੋਲਨ ਨੇ ਮੋਦੀ ਦੇ ਵਿਰੋਧੀਆਂ ਦੇ ਮਨਾਂ ਵਿਚੋਂ ਡਰ ਦਾ ਮਾਹੌਲ ਖ਼ਤਮ ਕਰ ਦਿੱਤਾ।

ਇੱਕ ਵੱਡੀ ਮਿਸਾਲ ਤਾਮਿਲਨਾਡੂ ਦੀਆਂ ਵਿਧਾਨ ਸਭਾ ਚੋਣਾਂ ਵਿਚ ਦੇਖਣ ਨੂੰ ਮਿਲੀ, ਜਿੱਥੇ ਨਵੀਂ ਸਥਾਪਤ ਤਮਿਲਗਾ ਵੈਟਰੀ ਕੜਗਮ (ਟੀ.ਵੀ.ਕੇ.) ਵਰਗੀ ਪਾਰਟੀ ਨੇ ਇਤਿਹਾਸ ਰਚ ਦਿੱਤਾ। ਇਸ ਪਾਰਟੀ ਕੋਲ ਨਾ ਕੋਈ ਦਹਾਕਿਆਂ ਪੁਰਾਣਾ ਸੰਗਠਨ ਸੀ, ਨਾ ਵੱਡਾ ਕਾਡਰ, ਨਾ ਮੈਂਬਰਸ਼ਿਪ ਦੀਆਂ ਲੰਬੀਆਂ ਕਤਾਰਾਂ, ਪਰ ਫਿਰ ਵੀ ਲੋਕਾਂ ਦੇ ਵਿਸ਼ਵਾਸ ਨਾਲ ਇਸ ਨੇ ਲਗਭਗ 35 ਫ਼ੀਸਦੀ (34.92%) ਵੋਟਾਂ ਹਾਸਲ ਕਰਕੇ ਰਾਜਨੀਤਿਕ ਸਮੀਕਰਨ ਬਦਲ ਦਿੱਤੇ। ਕੀ ਇਹ ਘਟਨਾਕ੍ਰਮ ਇਹ ਨਹੀਂ ਦਰਸਾਉਂਦਾ ਕਿ ਲੋਕਤੰਤਰ ਵਿਚ ਸ਼ਕਤੀ ਦਾ ਅਸਲ ਸਰੋਤ ਜਨਤਾ ਹੈ, ਕੋਈ ਖ਼ਾਸ ਰਾਜਨੀਤਿਕ ਘਰਾਣਾ ਜਾਂ ਪਾਰਟੀ ਢਾਂਚਾ ਨਹੀਂ?

ਅੱਜ ਦੇ ਨੌਜਵਾਨਾਂ ਨੇ ਆਪਣੇ ਸੰਘਰਸ਼ ਲਈ ਸੋਸ਼ਲ ਮੀਡੀਆ-ਜਿਵੇਂ ਇੰਸਟਾਗ੍ਰਾਮ, ਯੂਟਿਊਬ ਅਤੇ ਐਕਸ (ਟਵਿੱਟਰ)-ਨੂੰ ਇੱਕ ਸ਼ਕਤੀਸ਼ਾਲੀ ਹਥਿਆਰ ਬਣਾਇਆ ਹੈ। ਜਿੱਥੇ ਗੋਦੀ ਮੀਡੀਆ ਲੋਕਾਂ ਦੀਆਂ ਸਮੱਸਿਆਵਾਂ ਦਿਖਾਉਣ ਤੋਂ ਇਨਕਾਰੀ ਹੈ, ਉੱਥੇ ਨੌਜਵਾਨਾਂ ਨੇ ਆਪਣੀ ਆਵਾਜ਼ ਹਰ ਘਰ ਤੱਕ ਪਹੁੰਚਾਈ। ਉਨ੍ਹਾਂ ਨੇ ਜਾਤ, ਧਰਮ, ਲਿੰਗ, ਵਿਰਾਸਤ ਅਤੇ ਧਨ-ਦੌਲਤ ਦੇ ਭੇਦਭਾਵ ਨੂੰ ਨਜ਼ਰਅੰਦਾਜ਼ ਕਰਕੇ ਇੱਕ ਅਜਿਹਾ ਸਾਂਝਾ ਮੰਚ ਤਿਆਰ ਕੀਤਾ ਜਿਸ ਦੀ ਆਵਾਜ਼ ਲੋਕਾਂ ਦੇ ਦਿਲਾਂ ਤੱਕ ਪਹੁੰਚੀ।

ਹਾਲਾਂਕਿ, ਸੱਤਾਧਾਰੀ ਧਿਰ ਅਤੇ ਮੋਦੀ ਭਗਤ ਅਜਿਹੇ ਲੋਕਤੰਤਰੀ ਪ੍ਰਦਰਸ਼ਨਾਂ ਨੂੰ 'ਅਲੋਕਤੰਤਰਕ' ਜਾਂ ਦੇਸ਼ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਆਖਦੇ ਹਨ। ਉਹ ਦਾਅਵਾ ਕਰਦੇ ਹਨ ਕਿ ਭਾਰਤ ਵਿਚ ਇੰਨੀ ਆਜ਼ਾਦੀ ਹੈ ਕਿ ਪ੍ਰਧਾਨ ਮੰਤਰੀ ਖ਼ਿਲਾਫ਼ ਬੋਲਣ 'ਤੇ ਵੀ ਕੋਈ ਕਾਰਵਾਈ ਨਹੀਂ ਹੁੰਦੀ, ਅਤੇ ਪੁੱਛਦੇ ਹਨ ਕਿ ਕੀ ਅਜਿਹੀ ਆਜ਼ਾਦੀ ਚੀਨ, ਰੂਸ ਜਾਂ ਉੱਤਰੀ ਕੋਰੀਆ ਵਿਚ ਮਿਲ ਸਕਦੀ ਹੈ? ਸਵਾਲ ਹੈ ਕਿ ਕੀ ਭਾਰਤ ਦੀ ਤੁਲਨਾ ਤਾਨਾਸ਼ਾਹੀ ਦੇਸ਼ਾਂ ਨਾਲ ਕਰਨਾ ਭਾਰਤੀ ਸੰਵਿਧਾਨ ਦਾ ਅਪਮਾਨ ਨਹੀਂ ਹੈ? ਭਾਰਤ ਇੱਕ ਲੋਕਤੰਤਰੀ ਗਣਰਾਜ ਹੈ, ਜਿਸ ਦੀ ਤੁਲਨਾ ਤਾਨਾਸ਼ਾਹੀਆਂ ਨਾਲ ਨਹੀਂ ਕੀਤੀ ਜਾ ਸਕਦੀ।

ਇਹ ਅਟੱਲ ਸੱਚਾਈ ਹੈ ਕਿ ਜਦੋਂ ਨਾਗਰਿਕ ਬਦਲਾਅ ਲਿਆਉਣ ਦਾ ਮਨ ਬਣਾ ਲੈਂਦੇ ਹਨ, ਤਾਂ ਕੋਈ ਵੀ ਤਾਨਾਸ਼ਾਹੀ ਤਾਕਤ ਉਨ੍ਹਾਂ ਨੂੰ ਰੋਕ ਨਹੀਂ ਸਕਦੀ। ਜਿਹੜੇ ਲੋਕ ਇੱਕ-ਦੂਜੇ ਨੂੰ ਪਹਿਲਾਂ ਜਾਣਦੇ ਵੀ ਨਹੀਂ ਸਨ, ਜਿਨ੍ਹਾਂ ਦਾ ਆਪਸ ਵਿਚ ਕੋਈ ਨਿੱਜੀ ਸਬੰਧ ਨਹੀਂ ਸੀ, ਜੇਕਰ ਉਨ੍ਹਾਂ ਦੀ ਸੋਚ ਦੇਸ਼ ਨੂੰ ਬਚਾਉਣ ਲਈ ਇੱਕ ਹੋ ਜਾਵੇ, ਤਾਂ ਉਹ ਚੋਣਾਂ ਰਾਹੀਂ ਅਤੇ ਸ਼ਾਂਤਮਈ ਸੰਘਰਸ਼ਾਂ ਰਾਹੀਂ ਵੱਡੀਆਂ-ਵੱਡੀਆਂ ਸੱਤਾਵਾਂ ਨੂੰ ਬਦਲ ਸਕਦੇ ਹਨ।

ਜਦੋਂ ਅਦਾਲਤਾਂ ਸਮੇਂ ਸਿਰ ਇਨਸਾਫ਼ ਨਾ ਕਰ ਸਕਣ, ਜਦੋਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੇ ਦੁੱਖ-ਦਰਦ ਤੋਂ ਦੂਰ ਹੋ ਕੇ ਸੱਤਾ ਦੇ ਨਸ਼ੇ ਵਿਚ ਗੂੜ੍ਹੀ ਨੀਂਦ ਸੌਂ ਜਾਣ, ਉਦੋਂ ਕੀ ਸੜਕਾਂ 'ਤੇ ਉੱਤਰ ਕੇ ਕੀਤਾ ਗਿਆ ਜਨ-ਸੰਘਰਸ਼ ਹੀ ਲੋਕਤੰਤਰ ਨੂੰ ਬਚਾਉਣ ਦਾ ਅਸਲ ਅਤੇ ਸੰਵਿਧਾਨਕ ਰਾਹ ਨਹੀਂ ਹੁੰਦਾ?

ਦੇਸ਼ ਵਿਚ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਯੂਨੀਵਰਸਿਟੀਆਂ ਅਤੇ ਉੱਚ ਸਿੱਖਿਆ ਸੰਸਥਾਵਾਂ ਵਿਚੋਂ ਅੰਧ-ਵਿਸ਼ਵਾਸ, ਫ਼ਿਰਕੇਦਾਰੀ ਅਤੇ ਮੱਧਵਰਗੀ ਜਮੂਦ (ਅੰਧ-ਸਵੀਕਾਰਤਾ) ਨੂੰ ਖ਼ਤਮ ਕਰਨਾ ਪਵੇਗਾ। ਵਿਦਿਆਰਥੀਆਂ ਨੂੰ ਮੁਕਤ ਸੋਚ ਦਾ ਮਾਹੌਲ ਦੇਣਾ ਹੋਵੇਗਾ। ਇਸ ਦੇ ਨਾਲ ਹੀ, ਗੈਰ-ਕਾਨੂੰਨੀ 'ਨੈਤਿਕ ਪੁਲਿਸਿੰਗ' ਕਰਨ ਵਾਲੇ ਅਨਸਰਾਂ, ਪੁਲਿਸ ਦੀ ਧੱਕੇਸ਼ਾਹੀ ਅਤੇ ਬਜਰੰਗ ਦਲ ਵਰਗੀਆਂ ਕੱਟੜਪੰਥੀ ਸੰਸਥਾਵਾਂ ਦੀ ਗੈਰ-ਸੰਵਿਧਾਨਕ ਗੁੰਡਾਗਰਦੀ ਨਾਲ ਕਾਨੂੰਨੀ ਅਤੇ ਲੋਕਤੰਤਰੀ ਢੰਗ ਨਾਲ ਨਜਿੱਠਣਾ ਪਵੇਗਾ।

ਲੋਕਤੰਤਰ ਦੀ ਲੜਾਈ ਸਿਰਫ਼ ਵੱਡੇ ਰਾਜਨੀਤਿਕ ਮੰਚਾਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਸਥਾਨਕ ਪੱਧਰ 'ਤੇ ਸਰਕਾਰੀ ਹਸਪਤਾਲਾਂ, ਰਾਸ਼ਨ ਦੀਆਂ ਦੁਕਾਨਾਂ, ਸਰਕਾਰੀ ਦਫ਼ਤਰਾਂ ਵਿਚ ਫੈਲੇ ਦਮਨਕਾਰੀ ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰਨਾ ਅਤੇ ਦੇਸ਼ ਦੇ ਲੱਖਾਂ ਪੜ੍ਹੇ-ਲਿਖੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੁਹੱਈਆ ਸਾਧਨ ਬਣਾਉਣਾ ਹੀ ਲੋਕਤੰਤਰ ਦਾ ਅਸਲ ਮੁੱਦਾ ਹੈ।

ਲੋਕਤੰਤਰ ਦੀ ਬਿਹਤਰੀ ਲਈ ਹਰ ਨਾਗਰਿਕ ਦਾ ਜਾਗਰੂਕ ਹੋਣਾ, ਸਵਾਲ ਪੁੱਛਣਾ ਅਤੇ ਬਦਲਾਅ ਲਈ ਡਟਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ



ਡਾ. ਚਰਨਜੀਤ ਸਿੰਘ ਗੁਮਟਾਲਾ
001-937-573-9812 (ਅਮਰੀਕਾ),
ਵਟਸਐਪ : 91-94175-33060,
gumtalacs@gmail.com
ਪੰਜਾਬ ਮੇਲ USA



ਸੱਤਵੀਂ ਪਾਤਸ਼ਾਹੀ ਸ੍ਰੀ ਹਰਿਰਾਇ ਸਾਹਿਬ ਜੀ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਮਾਤਾ ਜੀ ਦਾ ਨਾਂ ਮਾਤਾ ਨਿਹਾਲ ਕੌਰ ਸੀ। ਆਪ ਜੀ ਨੇ ਪੰਜਾਬ ਦੇ ਮੌਜੂਦਾ ਜ਼ਿਲ੍ਹਾ ਰੋਪੜ ਵਿਚ 19 ਮਾਘ ਸੰਮਤ 1686 (16 ਜਨਵਰੀ 1630) ਨੂੰ ਕੀਰਤਪੁਰ ਵਿਖੇ ਅਵਤਾਰ ਧਾਰਿਆ। 1640 ਵਿਚ, ਆਪ ਜੀ ਸ਼ਾਦੀ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਵਿਚ ਸਥਿਤ ਅਨੂਪ ਸ਼ਹਿਰ ਦੇ ਭਾਈ ਦਯਾ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਈ। ਇਹ ਬਹੁਤ ਨੇਕ ਅਤੇ ਸ਼ਰਧਾ ਸੁਭਾਅ ਦੇ ਵਿਅਕਤੀ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨਾਂ ਸ੍ਰੀ ਹਰਿਰਾਇ ਆਪ ਰੱਖਿਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਸਿੱਖ ਧਰਮ ਵਿਸ਼ਵ ਕੋਸ਼ ਵਿਚ ਵੱਖ-ਵੱਖ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਆਪ ਜੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ ਬਾਰੇ ਜੋ ਰੌਸ਼ਨੀ ਪਾਈ ਗਈ ਹੈ, ਉਸ ਅਨੁਸਾਰ ਪੁਰਾਤਨ ਲਿਖਤਾਂ ਵਿਚ ਲਿਖਿਆ ਮਿਲਦਾ ਹੈ ਕਿ ਇੱਕ ਵਾਰੀ ਆਪ ਜੀ ਘੋੜ ਸਵਾਰੀ ਉਪਰੰਤ ਵਾਪਸ ਘਰ ਪਰਤ ਰਹੇ ਸਨ। ਇਨ੍ਹਾਂ ਨੇ ਦੂਰੋਂ ਦੇਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਗ਼ ਵਿਚ ਬੈਠੇ ਹਨ। ਇਹ ਤੁਰੰਤ ਘੋੜੇ ਤੋਂ ਉਤਰੇ ਅਤੇ ਜਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਇਸ ਕਾਹਲ ਵਿਚ ਇਨ੍ਹਾਂ ਦਾ ਚੋਲਾ ਝਾੜੀ ਵਿਚ ਫਸ ਗਿਆ ਅਤੇ ਇਸ ਤਰ੍ਹਾਂ ਟਾਹਣੀ ਨਾਲੋਂ ਕੁਝ ਫੁੱਲ ਟੁੱਟ ਗਏ। ਇਸ ਨਾਲ ਹਰਿਰਾਇ ਜੀ ਦੇ ਦਿਲ ਨੂੰ ਦੁੱਖ ਹੋਇਆ। ਇਹ ਉਸੇ ਜਗ੍ਹਾਂ 'ਤੇ ਬੈਠ ਗਏ ਅਤੇ ਉੱਚੀ-ਉੱਚੀ ਰੋਣ ਲੱਗ ਪਏ। ਸ੍ਰੀ ਗੁਰੂ ਹਰਿਗੋਬਿੰਦ ਜੀ ਆਏ ਅਤੇ ਇਨ੍ਹਾਂ ਨੂੰ ਧੀਰਜ ਦਿੱਤਾ। ਗੁਰੂ ਜੀ ਨੇ ਇਨ੍ਹਾਂ ਨੂੰ ਸਲਾਹ ਦਿੱਤੀ, "ਕੱਪੜੇ ਜਿਵੇਂ ਚਾਹੋ ਪਾਉ ਪਰੰਤੂ ਤੁਰਨ ਵੇਲੇ ਧਿਆਨ ਰੱਖੋ। ਪ੍ਰਮਾਤਮਾ ਦੇ ਸੇਵਕਾਂ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਉਹ ਸਾਰਿਆਂ ਨੂੰ ਪਿਆਰ ਕਰਨ"। ਇਸ ਤਰ੍ਹਾਂ ਗੁਰੂ ਜੀ ਦੇ ਸ਼ਬਦਾਂ ਵਿਚ ਡੂੰਘੇ ਅਰਥ ਸਨ। ਮਨੁੱਖ ਨੂੰ ਇਸ ਸੰਸਾਰ ਵਿਚ ਰਹਿਣਾ ਚਾਹੀਦਾ ਹੈ ਪਰ ਨਾਲ ਹੀ ਨਾਲ ਆਪਣੇ ਆਪ 'ਤੇ ਪੂਰਾ ਕੰਟਰੋਲ ਰੱਖਣਾ ਚਾਹੀਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਜਾਣ ਲਿਆ ਸੀ ਕਿ ਸ੍ਰੀ ਹਰਿਰਾਇ ਗੁਰੂ ਜੋਤ ਦੀ ਪ੍ਰਾਪਤੀ ਲਈ ਸਭ ਤੋਂ ਵੱਧ ਯੋਗ ਵਿਅਕਤੀ ਹਨ। ਗੁਰੂ ਜੀ ਨੇ ਇਨ੍ਹਾਂ ਨੂੰ ਆਪਣਾ ਵਾਰਸ ਨਿਯੁਕਤ ਕਰ ਦਿੱਤਾ ਅਤੇ 3 ਮਾਰਚ 1644 ਨੂੰ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਾ ਦਿੱਤਾ।

ਸ੍ਰੀ ਗੁਰੂ ਹਰਿਰਾਇ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੁਆਰਾ ਆਰੰਭ ਕੀਤਾ। ਠਾਠ-ਬਾਠ ਵਾਲਾ ਜੀਵਨ ਜਿਊਣਾ ਜਾਰੀ ਰੱਖਿਆ। ਇਨ੍ਹਾਂ ਕੋਲ 2200 ਹਥਿਆਰਬੰਦ ਸਿੱਖ ਸਨ ਪ੍ਰੰਤੂ ਸਰਕਾਰ ਨਾਲ ਇਨ੍ਹਾਂ ਦੀ ਕੋਈ ਟੱਕਰ ਨਹੀਂ ਹੋਈ। ਇਨ੍ਹਾਂ ਨੇ ਤਿੰਨ ਪ੍ਰਚਾਰ ਮਿਸ਼ਨ ਜਿਨ੍ਹਾਂ ਨੂੰ 'ਬਖ਼ਸ਼ਿਸ਼ਾਂ' ਕਿਹਾ ਜਾਂਦਾ ਸੀ, ਸ੍ਰੀ ਗੁਰੂ ਨਾਨਕ ਦੇਵ ਦੀ ਬਾਣੀ ਦਾ ਪ੍ਰਚਾਰ ਕਰਨ ਲਈ ਸਥਾਪਿਤ ਕਰ ਦਿੱਤੇ। ਪਹਿਲਾ ਭਗਵਾਨ ਗਿਰ ਦਾ ਸੀ, ਜਿਸ ਦਾ ਨਾਂ ਬਦਲ ਕੇ ਭਗਤ ਭਗਵਾਨ ਰੱਖਿਆ ਗਿਆ ਸੀ। ਦੂਸਰਾ ਸੰਗਤੀਆ ਸੀ, ਜਿਸ ਦਾ ਨਾਂ ਬਦਲ ਕੇ ਭਾਈ ਫੇਰੂ ਰੱਖਿਆ ਗਿਆ ਅਤੇ ਜਿਸ ਨੇ ਰਾਜਸਥਾਨ ਅਤੇ ਦੱਖਣੀ ਪੰਜਾਬ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਹਰਿਰਾਇ ਜੀ ਨੇ ਭਾਈ ਗੋਂਦਾ ਨੂੰ ਕਾਬੁਲ ਭੇਜਿਆ, ਭਾਈ ਨੱਥਾ ਨੂੰ ਢਾਕੇ ਅਤੇ ਭਾਈ ਜੋਧ ਨੂੰ ਮੁਲਤਾਨ ਪ੍ਰਚਾਰ ਲਈ ਭੇਜਿਆ। ਅਜੋਕੇ ਬਾਗੜੀਆਂ ਅਤੇ ਕੈਥਲ ਪਰਿਵਾਰਾਂ ਦੇ ਪੂਰਵਜ਼ਾਂ ਨੇ ਮਾਲਵੇ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਸ੍ਰੀ ਗੁਰੂ ਹਰਿਰਾਇ ਆਪ ਵੀ ਇਸ ਇਲਾਕੇ ਵਿਚ ਬਹੁਤ ਘੁੰਮੇ ਫਿਰੇ ਅਤੇ ਇਨ੍ਹਾਂ ਦੇ ਪ੍ਰਚਾਰ ਨਾਲ ਬਹੁਤ ਲੋਕ ਸਿੱਖ ਬਣ ਗਏ। ਇੱਕ ਗ਼ਰੀਬ ਲੜਕੇ ਫੂਲ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲੋਂ ਮਿਲੇ ਅਸ਼ੀਰਵਾਦ ਨੂੰ ਆਪ ਜੀ ਨੇ ਮੁੜ ਦੁਹਰਾਇਆ ਅਤੇ ਪਿੱਛੋਂ ਜਾ ਕੇ ਇਹ ਪਟਿਆਲਾ, ਨਾਭਾ ਅਤੇ ਜੀਂਦ ਦਾ ਬਾਨੀ ਬਣਿਆ। ਅਜੋਕੇ ਸਮੇਂ ਤੱਕ ਪੰਜਾਬ ਵਿਚ ਇਨ੍ਹਾਂ ਪਰਿਵਾਰਾਂ ਨੇ ਆਪਣੇ ਇਲਾਕਿਆਂ ਵਿਚ ਰਾਜ ਕੀਤਾ ਹੈ।

> ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਜਾਣ ਲਿਆ ਸੀ ਕਿ ਸ੍ਰੀ ਹਰਿਰਾਇ ਗੁਰੂ ਜੋਤ ਦੀ ਪ੍ਰਾਪਤੀ ਲਈ ਸਭ ਤੋਂ ਵੱਧ ਯੋਗ ਵਿਅਕਤੀ ਹਨ। ਗੁਰੂ ਜੀ ਨੇ ਇਨ੍ਹਾਂ ਨੂੰ ਆਪਣਾ ਵਾਰਸ ਨਿਯੁਕਤ ਕਰ ਦਿੱਤਾ ਅਤੇ 3 ਮਾਰਚ 1644 ਨੂੰ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਾ ਦਿੱਤਾ।

ਕੀਰਤਪੁਰ ਗੁਰੂ ਹਰਿਰਾਇ ਜੀ ਦਾ ਪੱਕਾ ਟਿਕਾਣਾ ਸੀ। ਇੱਥੇ ਹੀ ਸਿੱਖ ਅਤੇ ਯਾਤਰੂ ਅਸ਼ੀਰਵਾਦ ਅਤੇ ਉਪਦੇਸ਼ ਲੈਣ ਲਈ ਆਉਂਦੇ ਸਨ। ਗੁਰੂ ਜੀ ਨੇ ਆਪਣਾ ਨਿੱਤਕਰਮ ਆਪਣੇ ਪੂਰਵਜ਼ਾਂ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ। ਲੰਗਰ ਦੀ ਸੰਸਥਾ ਹੋਰ ਵਧੀ ਫੁੱਲੀ। ਸਵੇਰ ਵੇਲੇ ਆਪ ਜੀ ਸੰਗਤ ਵਿਚ ਬੈਠਦੇ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦੇ ਸਨ। ਇਨ੍ਹਾਂ ਨੇ ਆਪ ਕੋਈ ਬਾਣੀ ਨਹੀਂ ਰਚੀ ਪ੍ਰੰਤੂ ਆਪਣੇ ਪ੍ਰਵਚਨਾਂ ਵਿਚ ਆਪ ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਵਿਚੋਂ ਉਦਾਹਰਨਾਂ ਦਿੰਦੇ ਸਨ। ਆਪ ਅਕਸਰ ਭਾਈ ਗੁਰਦਾਸ ਦੀਆਂ ਵਾਰਾਂ (XXVI-II.15) ਵਿੱਚੋਂ ਹੇਠ ਲਿਖੀ ਪਉੜੀ ਦੁਹਰਾਉਂਦੇ ਹੁੰਦੇ ਸਨ :-

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ॥
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ॥
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ॥
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ॥
ਸਾਧ ਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ॥
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ॥
ਆਸਾ ਵਿਚਿ ਨਿਰਾਸੁ ਵਲਾਏ॥5॥

ਗੁਰੂ ਹਰਿਰਾਇ ਗੋਇੰਦਵਾਲ ਵਿਖੇ ਹੀ ਸਨ, ਜਦੋਂ ਦਾਰਾ ਸ਼ੁਕੋਹ ਜੋ ਮੁਗ਼ਲ ਰਾਜ ਗੱਦੀ ਦਾ ਵਾਰਸ ਸੀ ਆਪਣੇ ਭਰਾ ਔਰੰਗਜ਼ੇਬ ਤੋਂ 29 ਮਈ 1658 ਨੂੰ ਸਾਮੂਗੜ ਦੀ ਲੜਾਈ ਵਿਚ ਹਾਰ ਖਾ ਕੇ ਫ਼ੌਜ ਦੇ ਅੱਗੇ ਭੱਜਦਾ ਹੋਇਆ ਪੰਜਾਬ ਵਿਚ ਦਾਖ਼ਲ ਹੋ ਗਿਆ ਸੀ। ਗੋਇੰਦਵਾਲ ਵਿਖੇ ਜਿੱਥੇ ਇਹ ਜੂਨ 1658 ਦੇ ਪਿਛਲੇ ਹਫ਼ਤੇ ਪੁਹੰਚਿਆ ਸੀ। ਇਹ ਗੁਰੂ ਹਰਿਰਾਇ ਜੀ ਦੇ ਦਰਸ਼ਨਾਂ ਲਈ ਆਇਆ ਅਤੇ ਇਨ੍ਹਾਂ ਤੋਂ ਬਖ਼ਸ਼ਿਸ਼ ਲਈ ਬੇਨਤੀ ਕੀਤੀ। ਇਹ ਸ਼ਹਿਜ਼ਾਦਾ ਖੁੱਲ੍ਹੇ ਧਾਰਮਿਕ ਸੁਭਾਅ ਦਾ ਸੀ ਅਤੇ ਕੁਦਰਤੀ ਤੌਰ 'ਤੇ ਸਾਧਾਂ-ਸੰਤਾਂ ਦੀ ਸੰਗਤ ਕਰਕੇ ਪ੍ਰਸੰਨ ਹੁੰਦਾ ਸੀ। ਇਹ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਮੁਸਲਮਾਨ ਸੂਫ਼ੀ ਮੀਆਂ ਮੀਰ ਦਾ ਪ੍ਰਸ਼ੰਸਕ ਸੀ, ਜਿਸ ਦਾ ਸਿੱਖ ਗੁਰੂਆਂ ਨਾਲ ਮੇਲ-ਜੋਲ ਸੀ। ਸਿੱਖ ਪ੍ਰੰਪਰਾ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਕਿਵੇਂ ਇੱਕ ਵਾਰੀ ਦਾਰਾ ਸ਼ੁਕੋਹ ਇੱਕ ਨਾਮੁਰਾਦ ਬਿਮਾਰੀ ਤੋਂ ਗੁਰੂ ਹਰਿਰਾਇ ਦੁਆਰਾ ਭੇਜੀਆਂ ਗਈਆਂ ਜੜੀਆਂ ਬੂਟੀਆਂ ਨਾਲ ਤਿਆਰ ਕੀਤੀ ਦਵਾਈ ਨਾਲ ਤੰਦਰੁਸਤ ਹੋ ਗਿਆ ਸੀ। ਇਸ ਲਈ ਇਸ ਨੇ ਆਪਣੇ ਇਸ ਦੁੱਖ ਦੀ ਘੜੀ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ। ਸਰੂਪ ਦਾਸ ਭੱਲਾ ਦੇ ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਹਰਿਰਾਇ ਜੀ ਨੇ ਔਰੰਗਜ਼ੇਬ ਦੀ ਫ਼ੌਜ ਨੂੰ ਲੇਟ ਕਰਨ ਲਈ ਆਪਣੀ ਫ਼ੌਜ ਪੱਤਣ 'ਤੇ ਲਗਾ ਦਿੱਤੀ, ਜੋ ਦਾਰਾ ਦਾ ਤੇਜ਼ੀ ਨਾਲ ਪਿੱਛਾ ਕਰ ਰਹੀ ਸੀ।

ਗੁਰੂ ਹਰਿਰਾਇ ਜੀ ਨੇ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੀ ਫੇਰੀ ਲਗਾਈ, ਜਿੱਥੇ ਇਨ੍ਹਾਂ ਦੇ ਪੂਰਬਲੇ ਗੁਰੂਆਂ ਦੁਆਰਾ ਪ੍ਰਚਾਰ ਕਰਨ 'ਤੇ ਸਿੱਖ ਧਰਮ ਪੱਕੇ ਪੈਰੀਂ ਹੋ ਗਿਆ ਸੀ। ਆਪ ਜੀ ਦੂਰ ਕਸ਼ਮੀਰ ਤੱਕ ਚੱਲੇ ਗਏ। 1660 ਦੀ ਵਿਸਾਖੀ ਇਨ੍ਹਾਂ ਹਕੀਕਤ ਰਾਇ ਸ਼ਹੀਦ ਦੇ ਦਾਦੇ ਨੰਦ ਲਾਲ ਪੁਰੀ ਦੇ ਘਰ ਸਿਆਲਕੋਟ ਮਨਾਈ। ਯਾਤਰਾ, ਕੁਝ ਸਿੱਖਾਂ ਜਿਵੇਂ ਇੱਕ ਲੁਬਾਣਾ ਵਪਾਰੀ ਮੱਖਣ ਸ਼ਾਹ ਅਤੇ ਆੜ੍ਹੂ ਰਾਮ ਦੇ ਸਾਥ ਵਿਚ ਜਾਰੀ ਰਹੀ। ਆੜ੍ਹੂ ਰਾਮ ਦਾ ਪੁੱਤਰ ਕ੍ਰਿਪਾ ਰਾਮ ਦੱਤ ਬਾਅਦ ਵਿਚ ਕਸ਼ਮੀਰੀ ਪੰਡਤਾਂ ਨੂੰ ਨਾਲ ਲੈ ਕੇ ਸ਼ਾਹੀ ਦਮਨ ਵਿਰੁੱਧ ਗੁਰੂ ਤੇਗ਼ ਬਹਾਦਰ ਜੀ ਕੋਲ ਆਇਆ ਸੀ। ਗੁਰੂ ਹਰਿਰਾਇ ਜੀ 19 ਮਈ 1660 ਨੂੰ ਮਾਰਤੰਡ ਹੋ ਕੇ ਸ੍ਰੀਨਗਰ ਪਹੁੰਚੇ ਅਤੇ ਮੋਟਾ ਟਾਂਡਾ ਵੀ ਗਏ। ਮੱਖਣ ਸ਼ਾਹ ਇਸੇ ਪਿੰਡ ਦਾ ਰਹਿਣ ਵਾਲਾ ਸੀ। ਵਾਪਸ ਆਉਂਦੇ ਹੋਏ ਆਪ ਅਖਨੂਰ ਅਤੇ ਜੰਮੂ ਠਹਿਰੇ। ਜੰਮੂ ਵਿਖੇ ਸਥਾਨਿਕ ਮਸੰਦ ਭਾਈ ਕਾਹਨਾ ਸੰਗਤ ਲੈ ਕੇ ਹਾਜ਼ਰ ਹੋਇਆ।

ਗੁਰੂ ਹਰਿਰਾਇ ਜੀ ਨਾਲ ਦਾਰਾ ਸ਼ੁਕੋਹ ਦੀ ਮਿਲਣੀ ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਗ਼ਲਤ ਢੰਗ ਨਾਲ ਦੱਸਿਆ ਗਿਆ। ਕਾਫ਼ੀ ਮਸਾਲੇ ਲਗਾ ਕੇ ਕਹਾਣੀਆਂ ਉਸ ਤੱਕ ਪਹੁੰਚਾਈਆਂ ਗਈਆਂ। ਉਸਦੇ ਅਫ਼ਸਰਾਂ ਅਤੇ ਦਰਬਾਰੀਆਂ ਨੇ ਉਸ ਨੂੰ ਦੱਸਿਆ ਕਿ ਗੁਰੂ ਹਰਿਰਾਇ ਇੱਕ ਬਾਗ਼ੀ ਹੈ ਅਤੇ ਇਨ੍ਹਾਂ ਨੇ ਭਗੌੜੇ ਸ਼ਹਿਜ਼ਾਦੇ ਦਾਰਾ ਦੀ ਵੀ ਮਦਦ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ (ਗੁਰੂ) ਗ੍ਰੰਥ ਸਾਹਿਬ ਵਿਚ ਇਸਲਾਮ ਵਿਰੁੱਧ ਬਾਣੀ ਲਿਖੀ ਹੋਈ ਹੈ। ਬਾਦਸ਼ਾਹ ਨੇ ਆਂਬੇਰ ਦੇ ਰਾਜਾ ਜੈ ਸਿੰਘ ਨੂੰ ਗੁਰੂ ਹਰਿਰਾਇ ਜੀ ਨੂੰ ਦਿੱਲੀ ਲਿਆਉਣ ਲਈ ਕਿਹਾ। ਰਾਜੇ ਦਾ ਦੂਤ ਹਰੀ ਚੰਦ 1661 ਨੂੰ ਵਿਸਾਖੀ ਵਾਲੇ ਦਿਨ ਕੀਰਤਪੁਰ ਪਹੁੰਚਿਆ ਅਤੇ ਉਸ ਨੇ ਸ਼ਾਹੀ ਸੰਮਨ ਦੇ ਦਿੱਤੇ। ਗੁਰੂ ਹਰਿਰਾਇ ਜੀ ਨੇ ਸੰਮਨ ਲੈ ਲਏ ਅਤੇ ਕਵੀ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਉਨ੍ਹਾਂ ਨੇ ਕਿਹਾ, "ਮੈਂ ਕਿਸੇ ਖਿੱਤੇ 'ਤੇ ਰਾਜ ਨਹੀਂ ਕਰਦਾ, ਨਾ ਹੀ ਬਾਦਸ਼ਾਹ ਦਾ ਕੋਈ ਟੈਕਸ ਮੇਰੇ ਵੱਲ ਬਣਦਾ ਹੈ ਅਤੇ ਨਾ ਹੀ ਮੈਂ ਉਸ ਤੋਂ ਕੁਝ ਲੈਣਾ ਹੈ। ਸਾਡੇ ਵਿਚ ਗੁਰੂ ਅਤੇ ਸਿੱਖ ਵਾਲਾ ਵੀ ਕੋਈ ਰਿਸ਼ਤਾ ਨਹੀਂ ਹੈ। ਫਿਰ ਇਸ ਮਿਲਣੀ ਦਾ ਕੀ ਲਾਭ ਹੋਵੇਗਾ"। ਇਸ ਲਈ ਗੁਰੂ ਜੀ ਨੇ ਆਪਣੀ ਥਾਂ 'ਤੇ ਆਪਣੇ ਵੱਡੇ ਲੜਕੇ ਰਾਮਰਾਇ ਨੂੰ ਭੇਜ ਦਿੱਤਾ ਅਤੇ ਇਸ ਦੀ ਮਦਦ ਲਈ ਦੀਵਾਨ ਦਰਗਾਹ ਮੱਲ ਨਾਲ ਭੇਜਿਆ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਨੂੰ ਅਸ਼ੀਰਵਾਦ ਦਿੱਤਾ। ਜਦੋਂ ਉਹ ਗੱਡੀ ਵਿਚ ਬੈਠ ਗਿਆ ਤਾਂ ਉਸ ਨੂੰ ਹੇਠ ਲਿਖੀ ਨਸੀਹਤ ਦਿੱਤੀ : "ਬਿਨਾਂ ਕਿਸੇ ਡਰ ਭੈਅ ਦੇ ਬਾਦਸ਼ਾਹ ਵੱਲੋਂ ਪੁੱਛੇ ਪ੍ਰਸ਼ਨਾਂ ਦਾ ਸਾਫ਼ ਅਤੇ ਸਪੱਸ਼ਟ ਉੱਤਰ ਦੇਣਾ। ਕਿਸੇ ਕਿਸਮ ਦੀ ਕੋਈ ਹਿਚਕਿਚਾਹਟ ਨਹੀਂ ਦਿਖਾਉਣੀ। ਰਸਤੇ ਵਿਚ ਜਿੱਥੇ ਵੀ ਰੁਕੋ ਗ੍ਰੰਥ ਦਾ ਮਨ ਲਾ ਕੇ ਪਾਠ ਕਰੋ। ਜਿੱਥੇ ਵੀ ਤੁਸੀਂ ਹੋਵੋਗੇ, ਗੁਰੂ ਤੁਹਾਡੀ ਰੱਖਿਆ ਕਰੇਗਾ"। ਭਾਈ ਬਹਿਲੋ ਦੇ ਪਰਿਵਾਰ ਦੇ ਗੁਰਦਾਸ ਨੂੰ (ਗੁਰੂ) ਗ੍ਰੰਥ ਦੀ ਬੀੜ ਰਾਮਰਾਇ ਦੇ ਨਾਲ ਲੈ ਜਾਣ ਦਾ ਆਦੇਸ਼ ਦਿੱਤਾ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਰਾਮਰਾਇ ਨੇ ਜਾਣ ਬੁੱਝ ਕੇ (ਗੁਰੂ ਗ੍ਰੰਥ ਸਾਹਿਬ ਤੋਂ ਤੁਕਾਂ ਦਾ ਗਲਤ ਪਾਠ ਕੀਤਾ। ਇਨ੍ਹਾਂ ਨਾਲ ਗਏ ਹੋਏ ਸਿੱਖਾਂ ਨੇ ਇਹ ਗੱਲ ਸ੍ਰੀ ਗੁਰੂ ਹਰਿਰਾਇ ਜੀ ਨੂੰ ਆ ਕੇ ਦੱਸੀ, ਜਿਨ੍ਹਾਂ ਨੇ ਰਾਮਰਾਇ ਨੂੰ ਫਿਟਕਾਰ ਦਿੱਤਾ ਕਿਉਂਕਿ ਇਸ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਿੱਤੀ ਸੀ। ਗੁਰੂ ਵੱਲੋਂ ਰਾਮਰਾਇ ਨੂੰ ਮੱਥੇ ਨਾ ਲੱਗਣ ਦਾ ਹੁਕਮ ਦੇਣ ਕਰਕੇ ਉਹ ਦੇਹਰਾਦੂਨ ਚੱਲਾ ਗਿਆ। ਗੁਰੂ ਹਰਿਰਾਇ ਜੀ ਨੇ ਆਪਣੇ ਛੋਟੇ ਸਪੁੱਤਰ ਹਰਿਕ੍ਰਿਸ਼ਨ ਨੂੰ ਆਪਣਾ ਉੱਤਰਾਧਿਕਾਰੀ ਚੁਣ ਲਿਆ ਅਤੇ 6 ਅਕਤੂਬਰ 1661 ਨੂੰ ਕੀਤਰਪੁਰ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਗੁਰਗੱਦੀ ਸੌਂਪ ਦਿੱਤੀ।

# ਮੋਰਚਾ ਗੁਰੂ ਕਾ ਬਾਗ






ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA


ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਹੇ ਹਨ, ਜਿਸ ਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰੇ ਕਰਦੇ, ਮਨੁੱਖੀ ਕਦਰਾਂ-ਕੀਮਤਾਂ, ਹੱਕ-ਸੱਚ, ਨਿਆਂ, ਸਵੈ-ਮਾਣ, ਸਵੈ ਰੱਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫੌਜੀ ਖਾਲਸਾ ਤਿਆਰ ਹੋਇਆ। ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖਾਲਸਾ ਰਾਜ ਸਥਾਪਿਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਹ ਲਾਉਣ ਦੀ ਸਾਜ਼ਿਸ਼ ਰਚਾ ਲਈ, ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਨ੍ਹਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅੱਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ-ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਨ੍ਹਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲ੍ਹਿਆ।

ਇਨ੍ਹਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁੱਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ 'ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਨ੍ਹਾਂ ਗੁਰਧਾਮਾਂ ਦੇ ਨਾਉਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰ ਦਾਸ ਦਾ ਕਬਜ਼ਾ ਸੀ, ਜੋ ਇਕ ਦੁਰਾਚਾਰੀ ਅਤੇ ਅੱਯਾਸ਼ ਸੀ। ਉਸ ਨੂੰ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ, 1921 ਈ. ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 08 ਅਗਸਤ, 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਲਈ ਭੇਜਿਆ ਜਾਣ ਲੱਗਾ। ਇਸ ਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫ਼ਤਾਰੀਆਂ ਦੀ ਗਿਣਤੀ ਵੱਧਦੀ ਗਈ, ਤਾਂ ਪੁਲਿਸ ਦੀ ਸਖ਼ਤੀ ਵੀ ਵੱਧਦੀ ਗਈ। ਫਿਰ 31 ਅਗਸਤ, 1922 ਨੂੰ 200 ਅਕਾਲੀਆਂ ਦਾ ਜੱਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜੱਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜੱਥਾ, ਫਿਰ 100 ਦਾ ਜੱਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾਂ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਨ੍ਹਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ 'ਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਨ੍ਹਾਂ 'ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਡਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਂਸਲਾ ਕਰਕੇ ਫਿਰ ਉੱਠਦੇ, ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ 'ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕੇ ਬਾਗ ਪਹੁੰਚਣ ਲੱਗੇ, ਜਿਨ੍ਹਾਂ ਵਿਚ ਮਦਨ ਮੋਹਨ ਮਾਲਵੀਆ, ਸੀ.ਐੱਫ. ਐਂਡਰਿਊਜ਼, ਜੋਗਿੰਦਰ ਸਿੰਘ,

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਲਈ ਭੇਜਿਆ ਜਾਣ ਲੱਗਾ। ਇਸ ਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫ਼ਤਾਰੀਆਂ ਦੀ ਗਿਣਤੀ ਵੱਧਦੀ ਗਈ, ਤਾਂ ਪੁਲਿਸ ਦੀ ਸਖ਼ਤੀ ਵੀ ਵੱਧਦੀ ਗਈ। ਫਿਰ 31 ਅਗਸਤ, 1922 ਨੂੰ 200 ਅਕਾਲੀਆਂ ਦਾ ਜੱਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ।

ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸੱਯਦ ਅਤਾਉਲਾ ਸ਼ਾਹ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜ਼ਮਲ ਖਾਂ, ਸਵਾਮੀ ਸ਼ਰਧਾਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਿਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ.ਐੱਫ. ਐਂਡਰਿਊਜ਼, ਜਿਸ ਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸ ਨੇ ਅਖ਼ਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ, ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ A.L. VERGAS ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। SIR EDWARD MALLAGAM ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖਲ ਨਾਲ ਸਿੰਘਾਂ 'ਤੇ ਡਾਂਗਾਂ ਵਰਨੀਆਂ ਤਾਂ ਬੰਦ ਹੋ ਗਈਆ। ਪਰ ਗ੍ਰਿਫ਼ਤਾਰੀਆਂ ਦਾ ਦੌਰ 17 ਨਵੰਬਰ, 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ LORD READING ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜ਼ਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ, 1922 ਨੂੰ ਸਿੰਘ ਰਿਹਾਅ ਹੋ ਗਏ ਤੇ ਮੋਰਚਾ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਨ੍ਹਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ 'ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ 'ਤੇ ਇਨਕਲਾਬੀ ਉਤਸ਼ਾਹ ਆਇਆ, ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁਲਿਤ ਕੀਤਾ। ਉਸ ਸਮੇਂ ਦੇ ਸਿੱਖ-ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਣਾ ਮਿਲਦੀ ਹੈ। ਇਹ ਇਕ ਗੌਰਵਮਈ ਸਫਲ ਇਤਿਹਾਸਕ ਮੋਰਚਾ ਹੋ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਅਮਰੀਕੀਆਂ ਦੇ ਰੰਗ ਨਿਆਰੇ : ਨਾ ਲਾਰੇ ਤੇ ਨਾ ਖਿਲਾਰੇ




**ਅਮਰੀਕਾ ਵਿਚ ਵਰਕ ਕਲਚਰ ਹੈ, ਲੋਕ ਕੰਮ ਕਰਨ ਵਿਚ ਯਕੀਨ ਰੱਖਦੇ ਹਨ। ਲਗਪਗ ਹਰ ਪਰਿਵਾਰ ਦੇ ਸਾਰੇ ਮੈਂਬਰ ਕੰਮ ਕਰਦੇ ਹਨ। ਬਜ਼ੁਰਗ ਵੀ ਅੱਸੀ ਨੱਬੇ ਸਾਲ ਦੀ ਉਮਰ ਤੱਕ ਕੰਮ ਕਰਦੇ ਰਹਿੰਦੇ ਹਨ। ਵਿਹਲਾ ਕੋਈ ਨਹੀਂ ਰਹਿੰਦਾ। ਬਜ਼ੁਰਗ ਵਾਲੰਟੀਅਰ ਸਰਵਿਸ ਵੀ ਕਰਨ ਲੱਗ ਜਾਂਦੇ ਹਨ। ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਕਸਰਤ ਬਹੁਤ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਆਪਣਾ ਹਰ ਕੰਮ ਆਪ ਹੀ ਕਰਨਾ ਹੁੰਦਾ ਹੈ। ਪੈਦਲ ਤੁਰਦੇ-ਫਿਰਦੇ ਲੋਕ ਘੱਟ ਹੀ ਮਿਲਦੇ ਹਨ, ਪ੍ਰੰਤੂ ਸੜਕਾਂ ਦੇ ਫੁੱਟ ਪਾਥਾਂ 'ਤੇ ਕਸਰਤ ਕਰਨ ਲਈ ਦੌੜਦੇ ਜ਼ਰੂਰ ਮਿਲਣਗੇ।**

ਅਮਰੀਕਾ ਸੰਸਾਰ ਦਾ ਸਭ ਤੋਂ ਜ਼ਿਆਦਾ ਵਿਕਸਤ ਅਤੇ ਖ਼ੁਸ਼ਹਾਲ ਦੇਸ਼ ਗਿਣਿਆਂ ਜਾਂਦਾ ਹੈ। ਇਸ ਦੇਸ਼ ਵਿਚ ਸੰਸਾਰ ਦੇ ਕੋਨੇ-ਕੋਨੇ ਤੋਂ ਲੋਕ ਆ ਕੇ ਵਸੇ ਹੋਏ ਹਨ। ਇਸ ਲਈ ਇਥੋਂ ਦੇ ਨਾਗਰਿਕਾਂ ਦੀ ਜ਼ਿੰਦਗੀ ਦੇ ਵੱਖੋ-ਵੱਖਰੇ ਤੇ ਨਿਆਰੇ ਰੰਗ ਵੇਖਣ ਨੂੰ ਮਿਲਦੇ ਹਨ। ਸੰਸਾਰ ਦੀ ਕੋਈ ਅਜਿਹੀ ਕੌਮ/ਦੇਸ਼ ਨਹੀਂ ਹੈ, ਜਿਸਦੇ ਨਾਗਰਿਕ ਅਮਰੀਕਾ ਵਿਚ ਨਾ ਮਿਲਦੇ ਹੋਣ, ਪ੍ਰੰਤੂ ਅਨੁਸ਼ਾਸ਼ਨ ਕਮਾਲ ਦਾ ਹੈ। ਛੇਤੀ ਕੀਤਿਆਂ ਕੋਈ ਨਾਗਰਿਕ ਇਥੋਂ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਦੀ ਹਿੰਮਤ ਹੀ ਨਹੀਂ ਕਰਦਾ। ਮੈਂ ਅਤੇ ਮੇਰੀ ਪਤਨੀ ਲਗਪਗ ਪਿਛਲੇ ਵੀਹ ਸਾਲਾਂ ਤੋਂ ਅਮਰੀਕਾ ਜਾ ਰਹੇ ਹਾਂ। ਇਸ ਲਈ ਮੈਂ ਆਪਣੇ ਤਜ਼ਰਬੇ ਦੇ ਆਧਾਰ 'ਤੇ ਦੱਸਣਾ ਚਾਹੁੰਦਾ ਹਾਂ ਕਿ ਇਥੋਂ ਦੇ ਸਥਾਨਕ ਪ੍ਰਸ਼ਾਸ਼ਨ ਵਿਚ ਸਿਆਸੀ ਲੋਕਾਂ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ ਹੈ, ਜਿਸ ਕਰਕੇ ਕੋਈ ਵੀ ਵਿਅਕਤੀ ਕੋਤਾਹੀ ਕਰਕੇ ਸਿਫਾਰਸ਼ ਕਰਵਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਜੇ ਕੋਈ ਕੋਸ਼ਿਸ਼ ਕਰਦਾ ਹੈ, ਤਾਂ ਉਸਨੂੰ ਦੁਗਣੀ ਸਜ਼ਾ ਦਿੱਤੀ ਜਾਂਦੀ ਹੈ। ਇਥੋਂ ਦੇ ਛੋਟੇ ਤੋਂ ਛੋਟੇ ਅਧਿਕਾਰੀ ਵੀ ਵੱਡੇ ਸਿਆਸਤਦਾਨਾਂ ਅਤੇ ਵੱਡੇ ਅਧਿਕਾਰੀਆਂ ਦੀ ਗ਼ਲਤੀ ਵਿਰੁੱਧ ਕਾਨੂੰਨੀ ਕਾਰਵਾਈ ਕਰ ਦਿੰਦੇ ਹਨ। ਸਿਪਾਹੀ ਵੀ ਮੰਤਰੀ ਦਾ ਚਲਾਣ ਕਰ ਸਕਦਾ ਹੈ। ਇਮਾਨਦਾਰੀ ਬਰਕਰਾਰ ਹੈ। ਜੇਕਰ ਕਿਸੇ ਵਿਅਕਤੀ ਨੇ ਕੋਈ ਗ਼ਲਤ ਕੰਮ ਕੀਤਾ ਹੈ, ਤਾਂ ਪੁਲਿਸ ਕਥਿਤ ਦੋਸ਼ੀ ਨੂੰ ਪਕੜਕੇ ਹੱਥਕੜੀ ਉਸ ਵਿਅਕਤੀ ਦੇ ਹੱਥ ਪਿੱਛੇ ਕਰਕੇ ਬੰਨ੍ਹਦੀ ਹੈ। ਜੇਕਰ ਕਥਿਤ ਦੋਸ਼ੀ ਭੱਜਣ ਦੀ ਕੋਸਿਸ਼ ਕਰੇਗਾ, ਤਾਂ ਉਹ ਗੋਲੀ ਮਾਰ ਦਿੰਦੇ ਹਨ। ਲੋਕ ਇਤਨੇ ਆਪੋ ਆਪਣੇ ਕੰਮਾਂ ਵਿਚ ਰੁੱਝੇ ਹੁੰਦੇ ਹਨ ਕਿ ਕੋਈ ਵੀ ਕਿਸੇ ਦੇ ਘਰ ਪਹਿਲਾਂ ਟੈਲੀਫੋਨ 'ਤੇ ਇਜ਼ਾਜ਼ਤ ਲੈਣ ਤੋਂ ਬਿਨਾ ਜਾਂਦੇ ਹੀ ਨਹੀਂ। ਘਰਾਂ ਦੇ ਆਲੇ-ਦੁਆਲੇ ਆਮ ਤੌਰ 'ਤੇ ਚਾਰਦੀਵਾਰੀ ਲੱਕੜ ਦੇ ਫੱਟਿਆਂ ਦੀ ਹੀ ਕੀਤੀ ਹੁੰਦੀ ਹੈ। ਇੱਟਾਂ ਵਾਲੀ ਚਾਰਦੀਵਾਰੀ ਨਹੀਂ ਹੁੰਦੀ। ਘਰ ਦੇ ਲਾਅਨ ਦਾ ਘਾਹ ਕੱਟਕੇ ਰੱਖਣਾ ਪੈਂਦਾ ਹੈ, ਭਾਵ ਸਾਫ-ਸੁਥਰਾ ਰੱਖਣਾ ਪੈਂਦਾ ਹੈ। ਘਰ ਦੇ ਆਲੇ-ਦੁਆਲੇ ਜਾਂ ਲਾਅਨ ਵਿਚ ਮਿੱਟੀ ਵਿਖਾਈ ਨਹੀਂ ਦੇਣੀ ਚਾਹੀਦੀ। ਇਸ ਕਰਕੇ ਮਿੱਟੀ ਘੱਟਾ ਉਡਦਾ ਹੀ ਨਹੀਂ। ਕੋਈ ਵੀ ਵਿਅਕਤੀ ਕਿਸੇ ਦੇ ਘਰ ਦੇ ਨਾਲ ਲੱਗਦੇ ਖਾਲ੍ਹੀ ਥਾਂ ਵਿਚ ਪੁੱਛੇ ਤੋਂ ਬਿਨਾ ਦਾਖ਼ਲ ਨਹੀਂ ਹੋ ਸਕਦਾ। ਅਮਰੀਕਾ ਵਿਚ ਜੇਕਰ ਕੋਈ ਬਿਨਾਂ ਪੁੱਛੇ ਵੜੇਗਾ, ਤਾਂ ਉਸਦੇ ਗੋਲੀ ਮਾਰੀ ਜਾ ਸਕਦੀ ਹੈ। ਇਸਨੂੰ ਜੁਰਮ ਨਹੀਂ ਸਮਝਿਆ ਜਾਵੇਗਾ। ਕਿਤੇ ਵੀ ਕੋਈ ਮਰਦ ਜਾਂ ਔਰਤ ਸਾਹਮਣੇ ਮਿਲ ਜਾਵੇ, ਤਾਂ ਉਹ ਹਾਏ ਹੈਲੋ ਕਰਕੇ ਮੁਸਕਰਾਹਟ ਦਿੰਦਾ ਹੈ, ਪ੍ਰੰਤੂ ਖੜ੍ਹਕੇ ਗੱਲ ਨਹੀਂ ਕਰੇਗਾ। ਇਥੇ ਲੜਕੇ ਅਤੇ ਲੜਕੀ ਦੀ ਦੋਸਤੀ ਵਰਜਿਤ ਨਹੀਂ, ਸਗੋਂ ਜੇਕਰ ਕਿਸੇ ਲੜਕੇ ਤੇ ਲੜਕੀ ਦਾ ਕੋਈ ਦੋਸਤ ਨਾ ਹੋਵੇ, ਤਾਂ ਉਨ੍ਹਾਂ ਵਿਚ ਕੋਈ ਨੁਕਸ ਸਮਝਿਆ ਜਾਂਦਾ ਹੈ। ਲਗਪਗ ਹਰ ਲੜਕੇ ਅਤੇ ਲੜਕੀ ਦੀ ਕਰਮਵਾਰ ਗਰਲ ਅਤੇ ਬੁਆਏ ਫਰੈਂਡ ਹੁੰਦਾ ਹੈ, ਜਿਸਨੂੰ ਸਮਾਜ ਚੰਗਾ ਸਮਝਦਾ ਹੈ। ਇਥੋਂ ਤੱਕ ਕਿ ਵਿਆਹੇ ਜੋੜਿਆਂ ਦੇ ਫਰੈਂਡ ਹੁੰਦੇ ਹਨ ਤੇ ਉਨ੍ਹਾਂ ਨਾਲ ਸੈਰ ਸਪਾਟੇ 'ਤੇ ਜਾਂਦੇ ਰਹਿੰਦੇ ਹਨ। ਇਥੇ ਵਿਆਹ ਵੀ ਆਪਸੀ ਦੋਸਤੀ ਰਾਹੀਂ ਹੀ ਹੁੰਦੇ ਹਨ। ਵਿਚੋਲੇ ਨਹੀਂ ਹੁੰਦੇ। ਵਿਆਹ ਦੀ ਸੰਸਥਾ ਨਾ ਵਰਗੀ ਹੀ ਹੈ। ਇਹ ਗੋਰੇ ਲੋਕ ਮਿੰਟਾਂ-ਸਕਿੰਟਾਂ ਵਿਚ ਹੀ ਤਲਾਕ ਲੈ ਲੈਂਦੇ ਹਨ। ਇਥੇ ਗੋਰੇ ਆਦਮੀ ਤੀਵੀਂ ਦੀ ਲੜਾਈ ਘੱਟ ਹੀ ਹੁੰਦੀ ਹੈ, ਲੜਨ ਦੀ ਥਾਂ ਵੱਖ ਹੀ ਹੋ ਜਾਂਦੇ ਹਨ, ਪ੍ਰੰਤੂ ਜੇ ਕੋਈ ਮਸਲਾ ਹੋਵੇ, ਤਾਂ ਆਦਮੀ ਨੂੰ ਪਹਿਲੀ ਸੱਟੇ ਘਰ ਛੱਡਣਾ ਪੈਂਦਾ ਹੈ। ਸਾਰੇ ਕਾਨੂੰਨ ਔਰਤ ਦੀ ਤਰਫਦਾਰੀ ਕਰਦੇ ਹਨ। ਵੈਸੇ ਅੱਜਕੱਲ੍ਹ ਗੋਰੇ ਗੋਰੀਆਂ ਵਿਆਹ ਵਿਚ ਰੁਚੀ ਨਹੀਂ ਰੱਖਦੇ, ਲਿਵ ਇਨ ਰਿਲੇਸ਼ਨ ਵਿਚ ਰਹਿਣ ਨੂੰ ਪਹਿਲ ਦਿੰਦੇ ਹਨ। ਆਮ ਤੌਰ 'ਤੇ ਗੋਰਿਆਂ ਵਿਚ ਵਿਆਹ ਸਾਧਾਰਨ ਹੁੰਦੇ ਹਨ। ਕਚਹਿਰੀ ਜਾ ਕੇ ਮੈਰਿਜ ਰਜਿਸਟਰ ਕਰਵਾ ਲੈਂਦੇ ਹਨ। ਫਿਰ ਜਦੋਂ ਪਾਰਟੀ ਕਰਨੀ ਹੈ, ਤਾਂ ਪਾਰਟੀ ਦਾ ਖਰਚਾ ਲੜਕੇ ਤੇ ਲੜਕੀ ਨੇ ਹੀ ਕਰਨਾ ਹੁੰਦਾ ਹੈ। ਮਾਪਿਆਂ ਨੇ ਤਾਂ ਜੇਕਰ ਕੋਈ ਤੋਹਫਾ ਦੇਣਾ, ਦੇ ਦਿੰਦੇ ਹਨ। ਪਾਰਟੀਆਂ ਵੀ ਉਹ ਪਾਰਕਾਂ ਵਿਚ ਸਾਧਾਰਨ ਢੰਗ ਨਾਲ ਹੀ ਕਰ ਲੈਂਦੇ ਹਨ। ਕਈ ਵਾਰ ਦਰਿਆਵਾਂ ਦੇ ਕੰਢਿਆਂ 'ਤੇ ਪਾਰਟੀਆਂ ਕਰ ਲੈਂਦੇ ਹਨ। ਸ਼ਗਨ ਦੇਣ ਦੀ ਪ੍ਰਥਾ ਵੀ ਤੋਹਫੇ ਦੇ ਤੌਰ 'ਤੇ ਹੀ ਹੁੰਦੀ ਹੈ। ਆਮ ਤੌਰ 'ਤੇ ਦਸ ਡਾਲਰ ਹੀ ਸ਼ਗਨ ਦਿੰਦੇ ਹਨ, ਪ੍ਰੰਤੂ ਕਈ ਬਹੁਤੇ ਨਜ਼ਦੀਕੀ ਵੱਧ ਤੋਂ ਵੱਧ ਪੰਜਾਹ ਡਾਲਰ ਦੇ ਦਿੰਦੇ ਹਨ। ਅਮੀਰ ਗੋਰੇ ਹੋਟਲਾਂ ਵਿਚ ਪਾਰਟੀਆਂ ਕਰਦੇ ਹਨ। ਗੋਰੇ ਮਰਦਾਂ ਅਤੇ ਔਰਤਾਂ ਵਿਚ ਨੈਤਿਕਤਾ ਬਾਕਮਾਲ ਹੈ। ਉਨ੍ਹਾਂ ਦਾ ਪਹਿਰਾਵਾ ਉਥੋਂ ਦੀ ਪ੍ਰੰਪਰਾ ਹੈ। ਇਸਨੂੰ ਨੰਗੇਜ਼ ਨਹੀਂ ਸਮਝਿਆ ਜਾਂਦਾ। ਅਮਰੀਕਾ ਵਿਚ ਲਗਪਗ ਹਰ ਘਰ ਵਿਚ ਪਾਲਤੂ ਕੁੱਤੇ-ਬਿੱਲੀਆਂ ਰੱਖੇ ਹੁੰਦੇ ਹਨ, ਕਿਉਂਕਿ ਇਹ ਲੋਕ ਕੁੱਤੇ, ਬਿੱਲੀਆਂ ਨਾਲ ਹੀ ਆਪਣਾ ਦਿਲ ਪ੍ਰਚਾਉਂਦੇ ਹਨ। ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰ ਸਮਝਦੇ ਹਨ। ਕੁੱਤੇ, ਬਿੱਲੀਆਂ ਨੂੰ ਵੀ ਘਰ ਵਿਚ ਇਕੱਲੇ ਨਹੀਂ ਛੱਡ ਸਕਦੇ। ਇਥੇ ਲੋਕਾਂ ਵਿਚ ਆਪਸੀ ਰਿਲੇਸ਼ਨ ਬਹੁਤ ਘੱਟ ਹੁੰਦੇ ਹਨ।

ਅਮਰੀਕਾ ਵਿਚ ਵਰਕ ਕਲਚਰ ਹੈ, ਲੋਕ ਕੰਮ ਕਰਨ ਵਿਚ ਯਕੀਨ ਰੱਖਦੇ ਹਨ। ਲਗਪਗ ਹਰ ਪਰਿਵਾਰ ਦੇ ਸਾਰੇ ਮੈਂਬਰ ਕੰਮ ਕਰਦੇ ਹਨ। ਬਜ਼ੁਰਗ ਵੀ ਅੱਸੀ ਨੱਬੇ ਸਾਲ ਦੀ ਉਮਰ ਤੱਕ ਕੰਮ ਕਰਦੇ ਰਹਿੰਦੇ ਹਨ। ਵਿਹਲਾ ਕੋਈ ਨਹੀਂ ਰਹਿੰਦਾ। ਬਜ਼ੁਰਗ ਵਾਲੰਟੀਅਰ ਸਰਵਿਸ ਵੀ ਕਰਨ ਲੱਗ ਜਾਂਦੇ ਹਨ। ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਕਸਰਤ ਬਹੁਤ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਆਪਣਾ ਹਰ ਕੰਮ ਆਪ ਹੀ ਕਰਨਾ ਹੁੰਦਾ ਹੈ। ਪੈਦਲ ਤੁਰਦੇ-ਫਿਰਦੇ ਲੋਕ ਘੱਟ ਹੀ ਮਿਲਦੇ ਹਨ, ਪ੍ਰੰਤੂ ਸੜਕਾਂ ਦੇ ਫੁੱਟ ਪਾਥਾਂ 'ਤੇ ਕਸਰਤ ਕਰਨ ਲਈ ਦੌੜਦੇ ਜ਼ਰੂਰ ਮਿਲਣਗੇ। ਕਸਰਤ ਕਰਨ ਲਈ ਜਿੰਮ ਜਾਂਦੇ ਤੇ ਸਾਈਕਲਾਂ ਦੀ ਵਰਤੋਂ ਵੀ ਕਰਦੇ ਹਨ। ਘਰਾਂ ਦੀ ਸਾਫ਼-ਸਫ਼ਾਈ ਆਪ ਹੀ ਕਰਦੇ ਹਨ। ਘਰਾਂ ਵਿਚ ਕੋਈ ਨੌਕਰ ਨਹੀਂ ਰੱਖਿਆ ਹੁੰਦਾ, ਕਿਉਂਕਿ ਨੌਕਰ ਰੱਖਣਾ ਬਹੁਤ ਮਹਿੰਗਾ ਪੈਂਦਾ ਹੈ। ਨਿੱਕੀ ਮੋਟੀ ਮੁਰੰਮਤ ਵੀ ਆਪ ਹੀ ਕਰਦੇ ਹਨ। ਇੰਜੀਨੀਅਰ, ਡਾਕਟਰ ਅਤੇ ਹੋਰ ਮਹੱਤਵਪੂਰਨ ਅਹੁਦਿਆਂ ਵਾਲੇ ਵੀ ਸਾਰਾ ਕੰਮ ਆਪ ਹੀ ਕਰਦੇ ਹਨ। ਉਹ ਆਪ ਹੀ ਆਪਣੀ ਚਾਹ ਪਾਣੀ ਅਤੇ ਰੋਟੀ ਵੀ ਆਪ ਹੀ ਬਣਾਉਂਦੇ ਹਨ। ਬੱਚਿਆਂ ਦਾ ਅਮਰੀਕਾ ਵਿਚ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ, ਤੇਰਾਂ ਸਾਲ ਦੀ ਉਮਰ ਤੱਕ ਉਨ੍ਹਾਂ ਨੂੰ ਸਕੂਲ ਮਾਪੇ ਛੱਡਕੇ ਅਤੇ ਲੈ ਕੇ ਆਉਂਦੇ ਹਨ। ਘਰ ਵਿਚ ਵੀ ਇਕੱਲਿਆਂ ਨੂੰ ਨਹੀਂ ਛੱਡਿਆ ਜਾਂਦਾ। ਵੈਸੇ ਹਰ ਰਾਜ ਦਾ ਆਪਣਾ ਕਾਨੂੰਨ ਹੈ। ਬੱਚਿਆਂ ਨੂੰ ਆਪਣਾ ਹਰ ਕੰਮ ਕਰਨ ਦੀ ਆਦਤ ਪਾ ਦਿੱਤੀ ਜਾਂਦੀ ਹੈ, ਤਾਂ ਜੋ ਵੱਡੇ ਹੋ ਕੇ ਆਪਣਾ ਕੰਮ ਆਪ ਕਰਨ, ਅਰਥਾਤ ਆਤਮ ਨਿਰਭਰ ਬਣ ਜਾਣ। ਇੱਕ ਹੋਰ ਗੱਲ ਹੈ ਕਿ ਭਾਵੇਂ ਕਹੀ ਜਾਣ ਕਿ ਮਹਿੰਗਾਈ ਹੋ ਗਈ ਹੈ, ਪ੍ਰੰਤੂ ਇੱਕ ਡਾਲਰ ਦੀ ਬਰੈਡ ਲੈਣ ਲਈ ਫਟਾਫਟ ਕਾਰ ਵਿਚ ਚਲੇ ਜਾਂਦੇ ਹਨ।

ਬੱਚਿਆਂ ਨੂੰ ਮਾਪੇ ਘੂਰ ਵੀ ਨਹੀਂ ਸਕਦੇ, ਜੇਕਰ ਮਾਪੇ ਬੱਚੇ ਨੂੰ ਘੂਰਦੇ ਜਾਂ ਥੱਪੜ ਵਗੈਰਾ ਮਾਰਦੇ ਹਨ, ਤਾਂ ਬੱਚੇ ਪੁਲਿਸ ਨੂੰ ਬੁਲਾ ਲੈਂਦੇ ਹਨ। ਪੁਲਿਸ ਬੱਚੇ ਦੀ ਮਦਦ ਕਰਦੀ ਹੈ। ਕਈ ਵਾਰ ਮਾਪਿਆਂ ਨੂੰ ਪੁਲਿਸ ਫੜ੍ਹਕੇ ਲੈ ਜਾਂਦੀ ਹੈ। ਜਦੋਂ ਬੱਚੇ ਬਾਲਗ ਹੋ ਜਾਂਦੇ ਹਨ, ਭਾਵੇਂ ਲੜਕੇ ਤੇ ਲੜਕੀ ਹੋਵੇ, ਉਹ ਅਕਸਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਆਪ ਕਮਾਓ ਤੇ ਖਾਓ। ਫਿਰ ਉਹ ਮਾਪਿਆਂ ਤੋਂ ਵੱਖਰੇ ਰਹਿਣ ਲੱਗ ਜਾਂਦੇ ਹਨ। ਬਜ਼ੁਰਗ ਵੱਖਰੇ ਘਰਾਂ ਵਿਚ ਇਕੱਲਿਆਂ ਹੀ ਰਹਿੰਦੇ ਹਨ। ਹਫ਼ਤੇ, ਦੋ ਹਫ਼ਤੇ ਬਾਅਦ ਬੱਚੇ ਆ ਕੇ ਮਾਪਿਆਂ ਨੂੰ ਮਿਲ ਜਾਂਦੇ ਹਨ। ਪਿਤਾ, ਮਾਤਾ ਦਿਵਸ 'ਤੇ ਤੋਹਫੇ ਦੇ ਜਾਂਦੇ ਹਨ। ਬਿਮਾਰ ਮਾਪਿਆਂ ਨੂੰ ਸਰਕਾਰੀ ਪ੍ਰਬੰਧਾਂ ਹੇਠ ਚੱਲ ਰਹੇ ਆਸ਼ਰਮਾਂ ਵਿਚ ਛੱਡ ਦਿੱਤਾ ਜਾਂਦਾ ਹੈ। ਉਥੇ ਵੀ ਦਿਨ ਤਿਓਹਾਰ 'ਤੇ ਤੋਹਫੇ ਦੇਣ ਲਈ ਜਾਂਦੇ ਹਨ।

ਮੇਰਾ ਇਹ ਲੇਖ ਲਿਖਣ ਦਾ ਮੰਤਵ ਹੈ ਕਿ ਪੰਜਾਬੀ ਅਮਰੀਕਨਾਂ ਦੀਆਂ ਕੁਝ ਕੁ ਪ੍ਰੰਪਰਾਵਾਂ ਤੇ ਆਦਤਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕਰਨ ਜਿਹੜੀਆਂ ਪੰਜਾਬੀ ਸੱਭਿਆਚਾਰ ਨਾਲ ਮੇਲ ਖਾਂਦੀਆਂ ਹੋਣ। ਖਾਸ ਤੌਰ 'ਤੇ ਇਮਾਨਦਾਰੀ, ਨੈਤਿਕਤਾ, ਵਰਕ ਕਲਚਰ, ਸਤਿਕਾਰ ਤੇ ਪਿਆਰ ਆਦਿ। ਘੱਟੋ-ਘੱਟ ਇੱਕ ਦੂਜੇ ਦੇ ਮੁਕਾਬਲੇ ਵੱਡੇ ਘਰ ਤੇ ਕਾਰਾਂ ਖਰੀਦਣਾ ਬੰਦ ਕਰ ਦੇਣ ਅਤੇ ਨਫ਼ਰਤ ਦਾ ਤਿਆਗ ਕਰ ਦੇਣ, ਤਾਂ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗਲੋਬਲ ਵਿਕਾਸ ਲਈ ਜ਼ਰੂਰੀ ਹੈ "ਨੌਜਵਾਨਾਂ ਦੀ ਸ਼ਮੂਲੀਅਤ"




**ਅਨਿਲ ਧੀਰ**
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲUSA




12 ਅਗਸਤ, 2010 ਨੂੰ ਪਹਿਲੀ ਵਾਰ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਯੁਵਕ ਦਿਵਸ ਐਲਾਨ ਕੀਤਾ ਸੀ। ਇਸ ਦਾ ਮੁੱਖ ਉਦੇਸ਼ ਆਰਥਿਕ ਵਿਕਾਸ ਦੇ ਨਾਲ ਸ਼ਾਂਤੀ, ਕਾਨੂੰਨੀ ਮੁੱਦੇ ਅਤੇ ਮੌਜੂਦਾ ਤੇ ਆਉਣ ਵਾਲੀਆਂ ਚੁਣੌਤੀਆਂ ਦਾ ਮੁਕਾਬਲਾ ਅਤੇ ਮੁਸ਼ਕਲਾਂ ਪ੍ਰਤੀ ਵਿਸ਼ਵ ਜਾਗਰੁਕਤਾ ਪੈਦਾ ਕਰਨਾ ਹੈ।

ਅੰਤਰਰਾਸ਼ਟਰੀ ਯੁਵਕ ਦਿਵਸ ਦੁਨੀਆਂ ਭਰ ਵਿਚ ਵੱਖ-ਵੱਖ ਤਰੀਕੇ ਨਾਲ ਚੁਣੌਤੀਆਂ ਦੇ ਮੁਕਾਬਲੇ ਲਈ ਜਾਗਰੂਕਤਾ ਸਮਾਗਮ, ਕਾਨਫਰੰਸਾਂ, ਪ੍ਰਦਰਸ਼ਨੀ, ਸਵੈਸੇਵੀ ਪ੍ਰਾਜੈਕਟ, ਅੰਤਰਰਾਸ਼ਟਰੀ ਖੇਡਾਂ ਦੁਆਰਾ ਕੀਤਾ ਜਾ ਰਿਹਾ ਹੈ। ਜਵਾਨੀ ਜ਼ਿੰਦਗੀ ਦਾ ਸਮਾਂ ਨਹੀਂ, ਮਨ ਦੀ ਹਾਲਤ ਹੈ। ਹਰ ਖੇਤਰ ਵਿਚ ਕਾਮਯਾਬੀ ਲਈ ਨੌਜਵਾਨਾਂ ਨੂੰ ਆਪਣੇ ਅੰਦਰ ਉਮੀਦ ਅਤੇ ਆਤਮ-ਵਿਸ਼ਵਾਸ ਨੂੰ ਕਾਇਮ ਰੱਖਣਾ ਹੈ। ਨੌਜਵਾਨਾਂ ਨੂੰ ਆਪਣੀ ਤੇ ਸਮਾਜ ਦੀ ਸਿਹਤ ਬਾਰੇ ਸਹੀ ਫੈਸਲੇ ਲੈਣ ਦੇ ਨਾਲ ਜ਼ਿੰਮੇਵਾਰੀ ਲੈਣ ਦੀ ਲੋੜ ਹੈ।

ਯੁਵਕ ਦਿਵਸ ਸਵੋਤੋ ਵਿਦਰੋਹ ਦੀ ਯਾਦ ਵੀ ਦਿਵਾਉਂਦਾ ਹੈ, ਜੋਕਿ 16 ਜੂਨ 1976 ਨੂੰ ਹੋਇਆ ਸੀ, ਜਿਥੇ ਹਜ਼ਾਰਾਂ ਵਿਦਿਆਰਥੀਆਂ ਨੂੰ ਨਸਲਵਾਦੀ ਹਕੂਮਤ ਨੇ ਘੇਰ ਲਿਆ ਸੀ। ਯੁਵਕ ਦਿਵਸ 'ਤੇ, ਦੱਖਣੀ ਅਫਰੀਕਾ ਦੇ ਲੋਕ ਇਨ੍ਹਾਂ ਵਿਦਿਅਰਥੀਆਂ ਦੀ ਜ਼ਿੰਦਗੀ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ ਅਤੇ ਦੱਖਣੀ ਅਫਰੀਕਾ ਨੂੰ ਨਸਲੀ ਵਿਤਕਰੇ ਤੋਂ ਮੁਕਤ ਕਰਨ ਵਿਚ ਨੌਜਵਾਨਾਂ ਦੀ ਭੂਮਿਕਾ ਨੂੰ ਪਛਾਣਦੇ ਹਨ।

*ਯੁਵਕ ਦਿਵਸ ਸਵੋਤੋ ਵਿਦਰੋਹ ਦੀ ਯਾਦ ਵੀ ਦਿਵਾਉਂਦਾ ਹੈ, ਜੋਕਿ 16 ਜੂਨ 1976 ਨੂੰ ਹੋਇਆ ਸੀ, ਜਿਥੇ ਹਜ਼ਾਰਾਂ ਵਿਦਿਆਰਥੀਆਂ ਨੂੰ ਨਸਲਵਾਦੀ ਹਕੂਮਤ ਨੇ ਘੇਰ ਲਿਆ ਸੀ। ਯੁਵਕ ਦਿਵਸ 'ਤੇ, ਦੱਖਣੀ ਅਫਰੀਕਾ ਦੇ ਲੋਕ ਇਨ੍ਹਾਂ ਵਿਦਿਅਰਥੀਆਂ ਦੀ ਜ਼ਿੰਦਗੀ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ ਅਤੇ ਦੱਖਣੀ ਅਫਰੀਕਾ ਨੂੰ ਨਸਲੀ ਵਿਤਕਰੇ ਤੋਂ ਮੁਕਤ ਕਰਨ ਵਿਚ ਨੌਜਵਾਨਾਂ ਦੀ ਭੂਮਿਕਾ ਨੂੰ ਪਛਾਣਦੇ ਹਨ।*

## ਅੱਜ ਦੁਨੀਆਂ ਭਰ ਵਿਚ ਯੁਵਾ ਵਰਗ ਦੇ ਸਾਹਮਣੇ ਗੰਭੀਰ ਚੁਣੌਤੀਆਂ ਹਨ:-

- **ਵੱਧ ਰਹੀ ਨਸ਼ੇ ਤੇ ਨਸ਼ੀਲੀ ਦਵਾਈਆਂ ਦੀ ਵਰਤੋਂ** - ਅੱਜ ਹਾਈ ਸਕੂਲ ਦੇ 25% ਵਿਦਿਆਰਥੀ ਡਰਗਸ ਅਤੇ 42% ਅਲਕੋਹਲ ਦਾ ਇਸਤੇਮਾਲ ਕਰ ਰਹੇ ਹਨ।
- **ਘਰ, ਸਕੂਲ-ਕਾਲਜਾਂ ਵਿਚ ਵੱਧ ਰਹੀਆਂ ਹਿੰਸਾ-** ਕ੍ਰਾਈਮ ਦੀਆਂ ਵਾਰਦਾਤਾਂ ਨੇ ਨੌਜਵਾਨਾਂ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਬਿਮਾਰ ਕਰ ਦਿੱਤਾ ਹੈ। ਇਸ ਕਰਕੇ ਸਮਾਜ ਵਿਚ ਗੋਲੀਬਾਰੀ, ਛੁਰੇਬਾਜ਼ੀ, ਲੜਾਈ ਅਤੇ ਆਤਮ ਹੱਤਿਆ ਦੇ ਅੰਕੜਿਆਂ ਵਿਚ ਵਾਧਾ ਹੋਇਆ ਹੈ।
- ਲਗਾਤਾਰ ਸਟ੍ਰੈਸ ਰਹਿਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ। ਮਾੜਾ ਸਟ੍ਰੈਸ ਹਰ ਪਲਾਨਿੰਗ ਫੇਲ ਕਰ ਦਿੰਦਾ ਹੈ।
- ਬਦਲ ਰਹੀ ਗੰਦੀ ਰਾਜਨੀਤੀ ਕਾਰਨ ਰਾਜਨੀਤਿਕ ਅਤੇ ਸਮਾਜਿਕ ਮੁੱਦਿਆਂ ਨੂੰ ਸਮਝਣਾ ਅਤੇ ਸਹੀ ਫੈਸਲਾ ਲੈਣਾ ਯੁਵਾ ਵਰਗ ਲਈ ਮੁਸ਼ਕਲ ਹੋ ਰਿਹਾ ਹੈ। ਆਪਣੇ ਲਾਭ ਲਈ ਰਾਜਨੀਤਿਕ ਪਾਰਟੀਆਂ ਨੌਜਵਾਨਾਂ ਦਾ ਇਸਤੇਮਾਲ ਕਰ ਰਹੀਆਂ ਹਨ। ਬੇਰੋਜ਼ਗਾਰੀ ਅਤੇ ਭੰਬਲਭੂਸੇ ਦੇ ਮਾਹੌਲ ਵਿਚ ਅੱਜ ਦਾ ਨੌਜਵਾਨ ਆਪਣਾ ਰਸਤਾ ਲੱਭਣ ਲਈ ਭਟਕ ਰਿਹਾ ਹੈ।
- ਅੱਜ ਦੇ ਸਮਾਜ ਵਿਚ ਹਰ ਖੁਸ਼ੀ ਤੇ ਮਸਲੇ ਨੂੰ ਦੇਖਣ ਦਾ ਨਜ਼ਰੀਆ ਬਦਲ ਗਿਆ ਹੈ। ਕਾਮਯਾਬੀ ਦਾ ਕੰਪੀਟੀਸ਼ਨ ਸਿਰਫ ਪੈਸਾ-ਪੈਸਾ ਹੀ ਰਹਿ ਗਿਆ ਹੈ। ਹੋਰ-ਹੋਰ ਦੀ ਪ੍ਰਾਪਤੀ ਦੀ ਹੌੜ ਯੁਵਾ ਵਰਗ ਨੂੰ ਨਕਾਰਾਤਮਕ ਸੋਚ ਵੱਲ ਲੈ ਕੇ ਜਾ ਰਹੀ ਹੈ।
- ਅੱਜ ਦੇ ਸਮਾਜ ਵਿਚ ਸ਼ਿਫਟਿੰਗ ਆਰਥਿਕਤਾ ਖੁੱਲ੍ਹੇ ਬਾਜ਼ਾਰਾਂ ਅਤੇ ਵਿਸ਼ਵੀਕਰਨ ਦਾ ਮਾਹੌਲ ਵੀ ਬੇਰੋਜ਼ਗਾਰੀ ਦੇ ਨਾਲ ਯੁਵਾ ਵਰਗ ਦੀ ਜ਼ਿੰਦਗੀ ਮੁਸ਼ਕਲਾਂ ਭਰੀ ਤੇ ਗੁੰਝਲਦਾਰ ਬਣਾ ਰਿਹਾ ਹੈ।
- 24 ਘੰਟੇ ਸੋਸ਼ਲ ਮੀਡੀਆ ਫੇਸਬੁੱਕ, ਇੰਸਟਾਗ੍ਰਾਮ ਅਤੇ ਟਵਿੱਟਰ 'ਤੇ ਰਹਿਣ ਨਾਲ ਮੁਸ਼ਕਲਾਂ ਯਾਨੀ ਨੌਜਵਾਨਾਂ ਨੂੰ ਸਾਈਬਰ ਧੱਕੇਸ਼ਾਹੀ, ਸਲੋਟ-ਸ਼ਰਮ ਕਰਨ ਅਤੇ ਹੋਰ ਬਹੁਤ ਕੁੱਝ ਕਰਨ ਲਈ ਬੇਨਕਾਬ ਕਰ ਸਕਦਾ ਹੈ। ਗੈਰ-ਸਿਹਤਮੰਦ ਫੋਟੋ ਅਤੇ ਜ਼ਿਨਸੀ ਸਮੱਗਰੀ ਹਮੇਸ਼ਾ ਆਨਲਾਈਨ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਤੇਜ਼ੀ ਨਾਲ ਬੀਮਾਰ ਕਰ ਰਹੀ ਹੈ।
- ਆਪਣੇ ਬੱਚਿਆਂ ਨੂੰ ਉਮਰ ਮੁਤਾਬਿਕ ਸਮੇਂ-ਸਮੇਂ 'ਤੇ ਸਰੀਰਕ ਤੇ ਮਾਨਸਿਕ ਤੌਰ 'ਤੇ ਗਾਈਡ ਕਰਨਾ ਮਾਂ-ਬਾਪ ਦੀ ਜ਼ਿੰਮੇਵਾਰੀ ਹੈ। ਬੱਚਿਆਂ ਨਾਲ ਆਪਣੇ ਤਜ਼ਰਬੇ ਸ਼ੇਅਰ ਕਰੋ। ਮੌਕੇ ਦੀ ਖਿੜਕੀ ਬੰਦ ਹੋਣ ਤੋਂ ਪਹਿਲਾਂ ਇੱਕ ਮਜ਼ਬੂਤ ਨੀਂਹ ਰੱਖਣਾ ਮਹੱਤਵਪੂਰਨ ਹੁੰਦਾ ਹੈ।

**ਨੋਟ :** ਇਸ ਦਿਨ ਦੇਸ਼ ਦੇ ਨੌਜਵਾਨਾਂ ਨੂੰ ਸਾਂਝੀ ਸਹੁੰ ਲੈਣੀ ਚਾਹੀਦੀ ਹੈ ਕਿ ਅੱਜ ਅਤੇ ਭਵਿੱਖ ਵਿਚ ਕਾਮਯਾਬੀ ਲਈ ਦੂਜਿਆਂ ਦੇ ਚੰਗੇ-ਮਾੜੇ ਤਜ਼ਰਬੇ ਤੋਂ ਸਿੱਖਿਆ ਜਾਵੇ। ਯੁਵਾ ਵਰਗ ਨੂੰ ਨਸ਼ੀਲੇ ਪਦਾਰਥਾਂ ਤੇ ਕ੍ਰਾਈਮ ਦੀ ਦੁਨੀਆਂ ਤੋਂ ਹਮੇਸ਼ਾ ਲਈ ਦੂਰ ਰਹਿ ਕੇ ਸਮਾਜ ਅਤੇ ਦੇਸ਼ ਦੀ ਤਰੱਕੀ ਵਿਚ ਆਪਣੀ ਸਕਾਰਾਤਮਕ ਸੋਚ ਨਾਲ ਜ਼ਿੰਮੇਦਾਰੀ ਨਿਭਾਉਣੀ ਚਾਹੀਦੀ ਹੈ।

# ਗਲਾਸ ਗੁਆਚ ਗਿਆ

ਪਰਮ ਰੰਧਾਵਾ ਬੈਠਾ ਸੀ ਘਰ ਵਿਚ, ਸ਼ਾਮ ਦਾ ਸੋਹਣਾ ਵੇਲਾ ਸੀ,
ਪੈਗ ਬਣਾਉਣ ਲੱਗਾ ਹੱਸ ਕੇ, ਰੋਜ਼ ਵਾਂਗੂੰ ਆਪਣਾ ਮੇਲਾ ਸੀ।

ਉਮਰ ਹੋਈ ਸੱਤਰ ਦੇ ਨੇੜੇ, ਯਾਦ ਵੀ ਥੋੜ੍ਹੀ ਢਿੱਲੀ ਹੋਈ,
ਨਾ ਬੰਦੇ ਭੁੱਲੇ, ਨਾ ਰਿਸ਼ਤੇ ਭੁੱਲੇ, ਪਰ ਅੱਜ ਗਲਾਸ ਦੀ ਵਾਰੀ ਹੋਈ।

ਸ਼ਾਮ ਢਲੀ ਤਾਂ ਰੋਜ਼ ਵਾਂਗੂੰ, ਦੋ ਪੈਗਾਂ ਦਾ ਵੇਲਾ ਆਇਆ,
ਪਰਮ ਨੇ ਪੈਗ ਬਣਾਇਆ ਪਿਆਰ ਦੇ ਨਾਲ, ਪਤਾ ਨਹੀਂ ਕਿੱਥੇ ਰੱਖ ਆਇਆ।

ਨਾ ਪਰਮ ਕੋਈ ਸ਼ਰਾਬੀ ਬੰਦਾ, ਨਾ ਪੀ ਕੇ ਰੌਲਾ ਪਾਉਂਦਾ ਏ,
ਰੋਟੀ ਤੋਂ ਪਹਿਲਾਂ ਦੋ ਪੈਗ ਲਾ ਕੇ, ਬੱਸ ਆਪਣਾ ਮਨ ਪਰਚਾਉਂਦਾ ਏ।

ਪੈਗ ਬਣਾਇਆ, ਗਲਾਸ ਸਜਾਇਆ, ਬਰਫ਼ ਵੀ ਪਾਈ ਚਾਰ,
ਮਿੰਟ ਕੁ ਪਿੱਛੋਂ ਵੇਖਿਆ ਤਾਂ ਜੀ, ਗਲਾਸ ਹੀ ਹੋ ਗਿਆ ਫ਼ਰਾਰ!

ਮੇਜ਼ ਦੇ ਥੱਲੇ, ਸੋਫੇ ਪਿੱਛੇ, ਰਸੋਈ ਵਿਚ ਵੀ ਝਾਤੀ ਮਾਰੀ,
ਬਾਥਰੂਮ ਤੱਕ ਵੇਖ ਆਇਆ ਪਰਮ, ਕਿਤੇ ਨਾ ਮਿਲੀ ਚੀਜ਼ ਪਿਆਰੀ।

ਦਿਲ ਵਿਚ ਆਇਆ, "ਉਮਰ ਦਾ ਅਸਰ ਹੁਣ ਸੱਚੀ ਸ਼ੁਰੂ ਹੋ ਗਿਆ?"
ਫੇਰ ਆਪੇ ਆਖਿਆ, "ਐਨਾ ਵੀ ਕੀ, ਹਾਲੇ ਤਾਂ ਸਭ ਕੁਝ ਯਾਦ ਪਿਆ!"

ਬਚਪਨ ਯਾਦ, ਜਵਾਨੀ ਯਾਦ, ਯਾਰਾਂ ਦੇ ਵੀ ਨਾਂ ਨੇ ਯਾਦ,
ਫੇਰ ਮੇਰਾ ਤਾਜ਼ਾ ਬਣਿਆ ਪੈਗ ਹੀ ਕਿਉਂ ਹੋ ਗਿਆ ਬਰਬਾਦ?

ਘੜੀ ਵੇਖੀ, ਜੇਬਾਂ ਵੇਖੀਆਂ, ਫਰਿੱਜ ਵੀ ਖੋਲ੍ਹ ਕੇ ਤੱਕਿਆ,
ਇੱਕ ਗਲਾਸ ਦੇ ਪਿੱਛੇ ਪਰਮ ਨੇ, ਪੂਰਾ ਘਰ ਹੀ ਛਾਣ ਕੇ ਰੱਖਿਆ।

ਇੱਕ ਘੰਟਾ ਜਦ ਲੱਭਦਾ ਲੱਭਦਾ, ਹੌਂਸਲਾ ਉਸਦਾ ਟੁੱਟਣ ਲੱਗਾ,
ਪੈਗ ਨਾਲੋਂ ਵੱਧ ਹੁਣ ਉਸਨੂੰ, ਆਪਣੀ ਯਾਦ ਦਾ ਫਿਕਰ ਲੱਗਾ।

ਫੇਰ ਯਾਦ ਆਈ ਘਰ ਦੀ ਮਾਲਕਣ, ਔਖੇ ਵੇਲੇ ਕੰਮ ਜੋ ਆਵੇ,
ਜਿਹੜੀ ਪਰਮ ਦੀ ਅੱਧੀ ਗੱਲ ਸੁਣ ਕੇ, ਪੂਰੀ ਗੱਲ ਸਮਝ ਜਾਵੇ।

ਹੌਲੀ ਜਾ ਕੇ ਆਖਿਆ, "ਸੁਣਿਓ, ਇੱਕ ਮੁਸੀਬਤ ਭਾਰੀ ਆ,
ਪੈਗ ਬਣਾਇਆ ਸੀ ਮੈਂ ਆਪਣਾ, ਪਰ ਗਲਾਸ ਦੀ ਗੁੰਮਸ਼ੁਦਗੀ ਜਾਰੀ ਆ!"

ਉਹਨੇ ਅੱਖਾਂ ਮਲ ਕੇ ਤੱਕਿਆ, ਨਾ ਘਬਰਾਈ ਨਾ ਸ਼ੋਰ ਮਚਾਇਆ,
ਇੱਕ ਮਿੰਟ ਵੀ ਪੂਰਾ ਨਾ ਲੱਗਿਆ, ਗਲਾਸ ਚੁੱਕ ਕੇ ਸਾਹਮਣੇ ਲਿਆਇਆ!

ਪਰਮ ਹੈਰਾਨ ਹੋ ਕੇ ਪੁੱਛੇ, "ਦੱਸੋ ਕਿੱਥੋਂ ਲੱਭ ਲਿਆ ਏ?"
ਹੱਸ ਕੇ ਬੋਲੀ, "ਜਿੱਥੇ ਰੱਖਿਆ ਸੀ, ਓਥੋਂ ਹੀ ਚੁੱਕ ਲਿਆ ਏ!"

ਓਦੋਂ ਪਰਮ ਦੇ ਦਿਲ ਨੇ ਮੰਨਿਆ, ਸਾਥਣ ਵੱਡੀ ਦਾਤ ਹੈ ਯਾਰੋ,
ਗੁਆਚੇ ਗਲਾਸ ਤਾਂ ਕੀ, ਗੁਆਚਿਆ ਬੰਦਾ ਵੀ ਲੱਭ ਦੇਵੇ, ਇੱਜ਼ਤ ਕਰਿਆ ਕਰੋ ਯਾਰੋ।

ਅੱਜ ਗਲਾਸ ਸੀ, ਕੱਲ੍ਹ ਚਾਬੀ ਹੋਊ, ਪਰਸ ਜਾਂ ਐਨਕ ਗੁਆਚੇਗੀ,
ਜੀਵਨ ਸਾਥਣ ਨਾਲ ਹੋਵੇ ਜੇ, ਹਰ ਮੁਸ਼ਕਲ ਆਪੇ ਨਾਚੇਗੀ।

ਬੰਦਾ ਕਹਿੰਦਾ "ਮੈਂ ਸਭ ਜਾਣਾਂ, ਘਰ ਵਿਚ ਮੇਰੀ ਚੱਲਦੀ ਏ,"
ਪਰ ਗੁੰਮ ਹੋਵੇ ਕੋਈ ਚੀਜ਼ ਤਾਂ ਸਭ ਤੋਂ ਪਹਿਲਾਂ, "ਉਹ" ਹੀ ਯਾਦ ਆਉਂਦੀ ਏ।

ਔਖੇ ਵੇਲੇ ਨਾਲ ਖੜ੍ਹਦੀ ਏ, ਸੁੱਖ ਵਿਚ ਵੀ ਹਿੱਸਾ ਪਾਉਂਦੀ ਏ,
ਬੰਦਾ ਜਿੱਥੇ ਗੱਲ ਉਲਝਾ ਦੇਵੇ, ਉਹ ਮਿੰਟਾਂ ਵਿਚ ਸੁਲਝਾਉਂਦੀ ਏ।

ਸੋ ਜਨਾਨੀ ਦੀ ਕਦਰ ਕਰੋ ਜੀ, ਪਿਆਰ ਨਾਲ ਘਰ ਵਸਾਇਆ ਕਰੋ,
ਗਲਾਸ ਹੀ ਨਹੀਂ, ਜ਼ਿੰਦਗੀ ਗੁਆਚੇ, ਉਸ ਕੋਲੋਂ ਰਾਹ ਲੱਭਾਇਆ ਕਰੋ।

ਰੱਬ ਜਿਉਂਦੀਆਂ ਰੱਖੇ ਜੋੜੀਆਂ, ਹੱਸਦਿਆਂ ਜੀਵਨ ਲੰਘਦਾ ਰਹੇ,
ਪੈਗ ਮਿਲੇ ਜਾਂ ਨਾ ਮਿਲੇ ਕੋਈ, ਸਾਥ ਕਦੇ ਨਾ ਗੁਆਚਦਾ ਰਹੇ!

ਪਰਮ ਦਾ ਗਲਾਸ ਤਾਂ ਆਖ਼ਰ ਮਿਲ ਗਿਆ, ਗੱਲ ਬਣ ਗਈ ਪਿਆਰੀ,
ਪਰ ਇਸ ਗਲਾਸ ਨੇ ਸਮਝਾ ਦਿੱਤੀ, ਘਰਵਾਲੀ ਸਭ ਤੋਂ ਵੱਡੀ ਸਹਾਇਕਾਰੀ!

ਪਰਮ ਦਾ ਗਲਾਸ ਤਾਂ ਮਿਲ ਗਿਆ, ਹਾਸਿਆਂ ਨਾਲ ਗੱਲ ਮੁਕਾਈ,
'ਗੁਰਜਤਿੰਦਰ ਰੰਧਾਵਾ' ਨੇ ਕਲਮ ਚਲਾ ਕੇ, ਇਹ ਹੱਸਦੀ ਗੱਲ ਸੁਣਾਈ।


-ਗੁਰਜਤਿੰਦਰ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲUSA




# ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ 20 ਮਿੰਟ ਦੀ ਅਹਿਮ ਮੁਲਾਕਾਤ

## 2027 ਤੋਂ ਪਹਿਲਾਂ ਅਕਾਲੀ ਦਲ-ਭਾਜਪਾ ਦੇ ਮੁੜ ਗਠਜੋੜ ਦੀ ਚਰਚਾ ਤੇਜ਼





ਪੰਜਾਬ ਦੀ ਸਿਆਸਤ ਵਿਚ ਉਸ ਵੇਲੇ ਵੱਡੀ ਹਲਚਲ ਪੈਦਾ ਹੋ ਗਈ, ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਨਵੀਂ ਦਿੱਲੀ ਵਿਚ ਮੁਲਾਕਾਤ ਕੀਤੀ। ਇਹ ਮੁਲਾਕਾਤ ਸੰਸਦ ਭਵਨ ਕੰਪਲੈਕਸ ਵਿਚ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਹੋਈ ਅਤੇ ਉਪਲਬਧ ਜਾਣਕਾਰੀ ਮੁਤਾਬਕ ਲਗਭਗ 20 ਮਿੰਟ ਚੱਲੀ। ਮੁਲਾਕਾਤ ਤੋਂ ਬਾਅਦ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਨਾ ਹੀ ਭਾਜਪਾ ਵੱਲੋਂ ਗੱਲਬਾਤ ਦਾ ਕੋਈ ਵਿਸਥਾਰਤ ਅਧਿਕਾਰਤ ਬਿਆਨ ਜਾਰੀ ਕੀਤਾ ਗਿਆ। ਸੁਖਬੀਰ ਬਾਦਲ ਦੇ ਨੇੜਲੇ ਸੂਤਰਾਂ ਨੇ ਇਸ ਨੂੰ "ਗੈਰ-ਰਸਮੀ ਮੁਲਾਕਾਤ" ਦੱਸਿਆ ਹੈ।

ਇਸ ਮੀਟਿੰਗ ਬਾਰੇ ਸਭ ਤੋਂ ਪਹਿਲਾਂ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸੋਸ਼ਲ ਮੀਡੀਆ ਜਾਂ ਸਿਆਸੀ ਚਰਚਾਵਾਂ ਵਿਚ ਚੱਲ ਰਹੀਆਂ ਕਈ ਗੱਲਾਂ ਦੇ ਬਾਵਜੂਦ ਅਜੇ ਤੱਕ ਕਿਸੇ ਵੀ ਪਾਰਟੀ ਨੇ ਇਹ ਨਹੀਂ ਦੱਸਿਆ ਕਿ ਮੀਟਿੰਗ ਦਾ ਕੋਈ ਲਿਖਤੀ ਏਜੰਡਾ ਸੀ ਜਾਂ ਕੋਈ ਸਮਝੌਤਾ ਹੋਇਆ। ਇਸ ਲਈ ਇਹ ਕਹਿਣਾ ਕਿ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਦਾ ਫੈਸਲਾ ਹੋ ਗਿਆ ਹੈ, ਫਿਲਹਾਲ ਸਹੀ ਨਹੀਂ ਹੋਵੇਗਾ। ਸਾਹਮਣੇ ਆਈ ਭਰੋਸੇਯੋਗ ਜਾਣਕਾਰੀ ਸਿਰਫ਼ ਇਹ ਪੁਸ਼ਟੀ ਕਰਦੀ ਹੈ ਕਿ ਮੁਲਾਕਾਤ ਹੋਈ, ਕਰੀਬ 20 ਮਿੰਟ ਚੱਲੀ ਅਤੇ ਦੋਵਾਂ ਧਿਰਾਂ ਨੇ ਇਸ ਦੇ ਵਿਸਥਾਰ ਜਨਤਕ ਨਹੀਂ ਕੀਤੇ।

ਇੱਕ ਹੋਰ ਅਹਿਮ ਸਵਾਲ ਹੈ ਕਿ ਸੁਖਬੀਰ ਬਾਦਲ ਦੇ ਨਾਲ ਮੀਟਿੰਗ ਵਿਚ ਕੌਣ ਗਿਆ ਅਤੇ ਪ੍ਰਧਾਨ ਮੰਤਰੀ ਨਾਲ ਕਮਰੇ ਵਿਚ ਹੋਰ ਕਿਹੜਾ ਕੇਂਦਰੀ ਮੰਤਰੀ ਮੌਜੂਦ ਸੀ? ਹੁਣ ਤੱਕ ਪ੍ਰਕਾਸ਼ਿਤ ਮੁੱਖ ਰਿਪੋਰਟਾਂ ਵਿਚ ਕਿਸੇ ਹੋਰ ਅਕਾਲੀ ਆਗੂ ਜਾਂ ਕੇਂਦਰੀ ਮੰਤਰੀ ਦੀ ਮੀਟਿੰਗ ਵਿਚ ਮੌਜੂਦਗੀ ਦੀ ਪੁਸ਼ਟੀ ਨਹੀਂ ਕੀਤੀ ਗਈ। ਖਾਸ ਤੌਰ 'ਤੇ ਹਰਸਿਮਰਤ ਕੌਰ ਬਾਦਲ ਜਾਂ ਕਿਸੇ ਹੋਰ ਸੀਨੀਅਰ ਅਕਾਲੀ ਆਗੂ ਦੇ ਇਸ 20 ਮਿੰਟ ਦੀ ਬੈਠਕ ਵਿਚ ਸ਼ਾਮਲ ਹੋਣ ਦੀ ਭਰੋਸੇਯੋਗ ਪੁਸ਼ਟੀ ਸਾਹਮਣੇ ਨਹੀਂ ਆਈ। ਇਸੇ ਤਰ੍ਹਾਂ ਕਿਸੇ ਕੇਂਦਰੀ ਮੰਤਰੀ ਦੇ ਮੀਟਿੰਗ ਵਿਚ ਬੈਠੇ ਹੋਣ ਦੀ ਜਾਣਕਾਰੀ ਵੀ ਅਧਿਕਾਰਤ ਤੌਰ 'ਤੇ ਨਹੀਂ ਦਿੱਤੀ ਗਈ। ਰਿਪੋਰਟਾਂ ਇਸ ਨੂੰ ਮੁੱਖ ਤੌਰ 'ਤੇ ਸੁਖਬੀਰ ਬਾਦਲ ਅਤੇ ਪ੍ਰਧਾਨ ਮੰਤਰੀ ਮੋਦੀ ਵਿਚਕਾਰ ਹੋਈ ਮੁਲਾਕਾਤ ਵਜੋਂ ਹੀ ਦਰਜ ਕਰ ਰਹੀਆਂ ਹਨ।

ਹਾਲਾਂਕਿ ਮੀਟਿੰਗ ਦੇ ਅਧਿਕਾਰਤ ਮੁੱਦੇ ਜਾਰੀ ਨਹੀਂ ਹੋਏ, ਪਰ ਕੁਝ ਸੂਤਰਾਂ ਅਤੇ ਸਿਆਸੀ ਰਿਪੋਰਟਾਂ ਮੁਤਾਬਕ ਪੰਜਾਬ ਦੀ ਕਾਨੂੰਨ-ਵਿਵਸਥਾ, ਨਸ਼ਿਆਂ ਦੀ ਸਮੱਸਿਆ, ਪ੍ਰਸ਼ਾਸਨਿਕ ਹਾਲਾਤ ਅਤੇ ਭਗਵੰਤ ਮਾਨ ਸਰਕਾਰ ਦੀ ਕਾਰਗੁਜ਼ਾਰੀ ਵਰਗੇ ਵਿਸ਼ਿਆਂ ਬਾਰੇ ਗੱਲ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਨਿਊ ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਵਿਚ ਵੀ ਸਿਆਸੀ ਨਿਗਰਾਨਾਂ ਦੇ ਹਵਾਲੇ ਨਾਲ ਕਾਨੂੰਨ-ਵਿਵਸਥਾ, ਪੇਪਰ ਲੀਕ, ਨਸ਼ਿਆਂ ਅਤੇ ਹੋਰ ਪ੍ਰਸ਼ਾਸਨਿਕ ਚੁਣੌਤੀਆਂ ਦੀ ਚਰਚਾ ਹੋਣ ਦੀ ਸੰਭਾਵਨਾ ਦਰਸਾਈ ਗਈ ਹੈ। ਪਰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਮੁੱਦੇ ਅਜੇ ਦੋਵਾਂ ਪਾਰਟੀਆਂ ਵੱਲੋਂ ਜਾਰੀ ਕਿਸੇ ਅਧਿਕਾਰਤ ਮੀਟਿੰਗ ਨੋਟ ਵਿਚ ਪੁਸ਼ਟ ਨਹੀਂ ਕੀਤੇ ਗਏ।

ਇਸ ਮੀਟਿੰਗ ਦਾ ਸਭ ਤੋਂ ਵੱਡਾ ਸਿਆਸੀ ਪਹਿਲੂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਹਨ। ਪੰਜਾਬ ਵਿਚ ਚੋਣਾਂ ਹੁਣ ਕੁਝ ਮਹੀਨਿਆਂ ਦੀ ਦੂਰੀ 'ਤੇ ਹਨ ਅਤੇ ਅਜਿਹੇ ਸਮੇਂ ਸੁਖਬੀਰ ਬਾਦਲ ਦਾ ਸਿੱਧਾ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣਾ ਸਿਆਸੀ ਤੌਰ 'ਤੇ ਆਮ ਘਟਨਾ ਨਹੀਂ ਮੰਨੀ ਜਾ ਰਹੀ। ਇਸੇ ਕਰਕੇ ਮੀਟਿੰਗ ਤੋਂ ਤੁਰੰਤ ਬਾਅਦ ਅਕਾਲੀ ਦਲ ਅਤੇ ਭਾਜਪਾ ਦੇ ਪੁਰਾਣੇ ਰਿਸ਼ਤੇ ਮੁੜ ਜੁੜਨ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ।

ਇਸ ਮੁਲਾਕਾਤ ਤੋਂ ਕੁਝ ਦਿਨ ਪਹਿਲਾਂ ਸੁਖਬੀਰ ਬਾਦਲ ਦੀ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਵੀ ਮੁਲਾਕਾਤ ਹੋਈ ਸੀ। ਨਿਊ ਇੰਡੀਅਨ ਐਕਸਪ੍ਰੈੱਸ ਨੇ ਇਸ ਘਟਨਾਕ੍ਰਮ ਨੂੰ ਵੀ ਮੋਦੀ ਨਾਲ ਹੋਈ ਇਸ ਮੀਟਿੰਗ ਦੇ ਸਿਆਸੀ ਪਿਛੋਕੜ ਦਾ ਹਿੱਸਾ ਦੱਸਿਆ ਹੈ। ਇਸ ਕਰਕੇ ਇਹ ਸਵਾਲ ਹੋਰ ਗੰਭੀਰ ਹੋ ਗਿਆ ਹੈ ਕਿ ਕੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਉੱਚ ਪੱਧਰ 'ਤੇ ਸੰਪਰਕ ਮੁੜ ਵਧ ਰਿਹਾ ਹੈ।

ਅਕਾਲੀ ਦਲ ਅਤੇ ਭਾਜਪਾ ਦਾ ਰਿਸ਼ਤਾ ਕੋਈ ਨਵਾਂ ਨਹੀਂ ਹੈ। ਦੋਵੇਂ ਪਾਰਟੀਆਂ ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਸਿਆਸੀ ਭਾਈਵਾਲ ਰਹੀਆਂ ਅਤੇ ਪੰਜਾਬ ਵਿਚ 1997 ਤੋਂ 2002, 2007 ਤੋਂ 2012 ਅਤੇ 2012 ਤੋਂ 2017 ਤੱਕ ਗਠਜੋੜ ਸਰਕਾਰਾਂ ਚਲਾਈਆਂ। ਇਹ ਲੰਮਾ ਸਿਆਸੀ ਰਿਸ਼ਤਾ ਸਤੰਬਰ 2020 ਵਿਚ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਟੁੱਟ ਗਿਆ ਸੀ। ਅਕਾਲੀ ਦਲ ਐੱਨ.ਡੀ.ਏ. ਤੋਂ ਬਾਹਰ ਆ ਗਿਆ ਅਤੇ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਸੀ। ਬਾਅਦ ਵਿਚ ਮੋਦੀ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਵਾਪਸ ਲੈ ਲਏ, ਪਰ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਮੁੜ ਬਹਾਲ ਨਹੀਂ ਹੋਇਆ।

2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੋਵਾਂ ਪਾਰਟੀਆਂ ਨੇ ਵੱਖ-ਵੱਖ ਲੜੀਆਂ ਅਤੇ ਦੋਵਾਂ ਨੂੰ ਵੱਡਾ ਸਿਆਸੀ ਨੁਕਸਾਨ ਝੱਲਣਾ ਪਿਆ। ਹੁਣ 2027 ਤੋਂ ਪਹਿਲਾਂ ਪੰਜਾਬ ਦਾ ਸਿਆਸੀ ਮੈਦਾਨ ਹੋਰ ਵੰਡਿਆ ਹੋਇਆ ਹੈ। ਆਮ ਆਦਮੀ ਪਾਰਟੀ ਸੱਤਾ ਵਿਚ ਹੈ, ਕਾਂਗਰਸ ਮੁੱਖ ਵਿਰੋਧੀ ਤਾਕਤਾਂ ਵਿਚ ਸ਼ਾਮਲ ਹੈ, ਭਾਜਪਾ ਆਪਣੇ ਬਲਬੂਤੇ ਪੰਜਾਬ ਵਿਚ ਵਿਸਥਾਰ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਅਕਾਲੀ ਦਲ ਆਪਣਾ ਪੁਰਾਣਾ ਪੇਂਡੂ ਅਤੇ ਪੰਥਕ ਵੋਟ ਬੈਂਕ ਮੁੜ ਇਕੱਠਾ ਕਰਨ ਲਈ ਜ਼ੋਰ ਲਾ ਰਿਹਾ ਹੈ। ਇਸੇ ਕਾਰਨ ਪੁਰਾਣੇ ਅਕਾਲੀ-ਭਾਜਪਾ ਸਮੀਕਰਨ ਦੀ ਵਾਪਸੀ ਦੀ ਸੰਭਾਵਨਾ 'ਤੇ ਸਿਆਸੀ ਵਿਸ਼ਲੇਸ਼ਕਾਂ ਦੀ ਨਜ਼ਰ ਹੈ।


ਪੰਜਾਬ ਭਾਜਪਾ ਨੇ ਹਾਲਾਂਕਿ ਤੁਰੰਤ ਗਠਜੋੜ ਦੀਆਂ ਚਰਚਾਵਾਂ ਨੂੰ ਹਵਾ ਦੇਣ ਤੋਂ ਗੁਰੇਜ਼ ਕੀਤਾ ਹੈ। ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸਾਰੇ ਦੇਸ਼ ਦੇ ਪ੍ਰਧਾਨ ਮੰਤਰੀ ਹਨ ਅਤੇ ਕੋਈ ਵੀ ਸੀਨੀਅਰ ਆਗੂ ਉਨ੍ਹਾਂ ਨੂੰ ਮਿਲ ਸਕਦਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਪੰਜਾਬ ਦੇ ਉਪ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਉਮੀਦ ਹੈ ਕਿ ਉਨ੍ਹਾਂ ਨੇ ਪੰਜਾਬ ਦੀ ਭਲਾਈ ਨਾਲ ਸਬੰਧਤ ਗੱਲ ਕੀਤੀ ਹੋਵੇਗੀ। ਪਰ ਨਾਲ ਹੀ ਢਿੱਲੋਂ ਨੇ ਸਾਫ਼ ਕੀਤਾ ਕਿ ਪੰਜਾਬ ਭਾਜਪਾ ਦੀ ਮੌਜੂਦਾ ਤਿਆਰੀ ਸਾਰੀਆਂ 117 ਵਿਧਾਨ ਸਭਾ ਸੀਟਾਂ ਆਪਣੇ ਬਲਬੂਤੇ ਲੜਨ ਦੀ ਹੈ।

ਇੱਥੇ ਇੱਕ ਹੋਰ ਮੁੱਦਾ ਵੀ ਮਹੱਤਵਪੂਰਨ ਹੈ। ਸੁਖਬੀਰ ਬਾਦਲ ਨੇ ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨੂੰ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਅਤੇ ਅਟਾਰੀ-ਵਾਹਗਾ ਸਰਹੱਦ ਰਾਹੀਂ ਵਪਾਰ ਬਹਾਲ ਕਰਨ ਦੀ ਅਪੀਲ ਕੀਤੀ ਸੀ। 17 ਜੁਲਾਈ ਨੂੰ ਸਾਹਮਣੇ ਆਈ ਰਿਪੋਰਟ ਮੁਤਾਬਕ ਅਕਾਲੀ ਦਲ ਨੇ ਕਿਹਾ ਸੀ ਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਨਾਲ ਸਿੱਖ ਸ਼ਰਧਾਲੂਆਂ ਨੂੰ ਵੱਡੀ ਰਾਹਤ ਮਿਲੇਗੀ, ਜਦਕਿ ਅਟਾਰੀ-ਵਾਹਗਾ ਰਾਹੀਂ ਵਪਾਰ ਮੁੜ ਸ਼ੁਰੂ ਹੋਣ ਨਾਲ ਪੰਜਾਬ ਦੀ ਸਰਹੱਦੀ ਆਰਥਿਕਤਾ ਨੂੰ ਫਾਇਦਾ ਹੋ ਸਕਦਾ ਹੈ। ਇਸ ਮੀਟਿੰਗ ਵਿਚ ਇਹ ਮੁੱਦੇ ਚੁੱਕੇ ਗਏ ਜਾਂ ਨਹੀਂ, ਇਸ ਦੀ ਅਜੇ ਪੁਸ਼ਟੀ ਨਹੀਂ ਹੋਈ; ਇਸ ਲਈ ਇਨ੍ਹਾਂ ਨੂੰ ਮੀਟਿੰਗ ਦੇ ਤੈਅ ਏਜੰਡੇ ਵਜੋਂ ਪੇਸ਼ ਕਰਨਾ ਠੀਕ ਨਹੀਂ ਹੋਵੇਗਾ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੀਟਿੰਗ 'ਤੇ ਤੁਰੰਤ ਸਿਆਸੀ ਪ੍ਰਤੀਕਿਰਿਆ ਦਿੱਤੀ ਅਤੇ ਅਕਾਲੀ ਦਲ ਤੇ ਭਾਜਪਾ ਦੇ ਮੁੜ ਨੇੜੇ ਆਉਣ ਬਾਰੇ ਵਿਅੰਗ ਕੀਤਾ। ਇਸ ਪ੍ਰਤੀਕਿਰਿਆ ਤੋਂ ਵੀ ਸਪੱਸ਼ਟ ਹੈ ਕਿ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਇਸ ਮੀਟਿੰਗ ਨੂੰ ਸਿਰਫ਼ ਰਸਮੀ ਮੁਲਾਕਾਤ ਵਜੋਂ ਨਹੀਂ ਦੇਖ ਰਹੀਆਂ, ਸਗੋਂ ਇਸ ਦੇ ਸੰਭਾਵਿਤ ਚੋਣ ਪ੍ਰਭਾਵਾਂ ਨੂੰ ਧਿਆਨ ਨਾਲ ਵੇਖ ਰਹੀਆਂ ਹਨ।

ਅਕਾਲੀ ਦਲ ਲਈ ਵੀ 2027 ਦੀ ਚੋਣ ਬਹੁਤ ਮਹੱਤਵਪੂਰਨ ਹੈ। ਪਾਰਟੀ ਪਿਛਲੇ ਕੁਝ ਸਾਲਾਂ ਦੌਰਾਨ ਅੰਦਰੂਨੀ ਬਗਾਵਤਾਂ ਅਤੇ ਧੜੇਬੰਦੀ ਦਾ ਸਾਹਮਣਾ ਕਰਦੀ ਰਹੀ ਹੈ। ਦੂਜੇ ਪਾਸੇ ਪੰਜਾਬ ਭਾਜਪਾ ਅੰਦਰ ਵੀ ਕੁਝ ਸੀਨੀਅਰ ਆਗੂਆਂ ਵੱਲੋਂ ਸੂਬਾਈ ਲੀਡਰਸ਼ਿਪ ਬਾਰੇ ਅਸੰਤੁਸ਼ਟੀ ਸਾਹਮਣੇ ਆਉਂਦੀ ਰਹੀ ਹੈ। ਅਜਿਹੇ ਹਾਲਾਤਾਂ ਵਿਚ ਦੋਵੇਂ ਪੁਰਾਣੀਆਂ ਭਾਈਵਾਲ ਪਾਰਟੀਆਂ ਲਈ ਵੋਟਾਂ ਦਾ ਪੁਰਾਣਾ ਸਮਾਜਿਕ ਸਮੀਕਰਨ—ਅਕਾਲੀ ਦਲ ਦਾ ਪੇਂਡੂ ਅਤੇ ਸਿੱਖ ਆਧਾਰ ਅਤੇ ਭਾਜਪਾ ਦਾ ਸ਼ਹਿਰੀ ਵੋਟ ਬੈਂਕ — ਮੁੜ ਚਰਚਾ ਦਾ ਵਿਸ਼ਾ ਬਣ ਰਿਹਾ ਹੈ।

ਫਿਲਹਾਲ ਇਸ ਮੀਟਿੰਗ ਦਾ ਸਭ ਤੋਂ ਮਹੱਤਵਪੂਰਨ ਨਤੀਜਾ ਕੋਈ ਐਲਾਨ ਨਹੀਂ, ਸਗੋਂ ਸੰਵਾਦ ਦੀ ਮੁੜ ਖੁੱਲ੍ਹੀ ਖਿੜਕੀ ਹੈ। ਅਜੇ ਨਾ ਸੀਟਾਂ ਦੀ ਵੰਡ ਬਾਰੇ ਕੋਈ ਗੱਲ ਅਧਿਕਾਰਤ ਤੌਰ 'ਤੇ ਸਾਹਮਣੇ ਆਈ ਹੈ, ਨਾ ਐੱਨ.ਡੀ.ਏ. ਵਿਚ ਅਕਾਲੀ ਦਲ ਦੀ ਵਾਪਸੀ ਦਾ ਐਲਾਨ ਹੋਇਆ ਹੈ ਅਤੇ ਨਾ ਹੀ 2027 ਲਈ ਸਾਂਝੀ ਚੋਣ ਰਣਨੀਤੀ ਦਾ ਕੋਈ ਫੈਸਲਾ ਜਨਤਕ ਕੀਤਾ ਗਿਆ ਹੈ। ਇਸ ਲਈ ਇਸ ਵੇਲੇ ਸਭ ਤੋਂ ਸਹੀ ਸਥਿਤੀ ਇਹ ਹੈ ਕਿ ਸੁਖਬੀਰ ਬਾਦਲ ਅਤੇ ਨਰਿੰਦਰ ਮੋਦੀ ਵਿਚਕਾਰ 20 ਮਿੰਟ ਦੀ ਗੈਰ-ਰਸਮੀ ਪਰ ਸਿਆਸੀ ਤੌਰ 'ਤੇ ਬੇਹੱਦ ਮਹੱਤਵਪੂਰਨ ਮੁਲਾਕਾਤ ਹੋਈ ਹੈ, ਜਿਸ ਨੇ 6 ਸਾਲ ਪਹਿਲਾਂ ਵੱਖ ਹੋਏ ਅਕਾਲੀ ਦਲ ਅਤੇ ਭਾਜਪਾ ਦੇ ਮੁੜ ਇਕੱਠੇ ਹੋਣ ਦੀ ਸੰਭਾਵਨਾ ਨੂੰ ਪੰਜਾਬ ਦੀ ਸਿਆਸਤ ਦੇ ਕੇਂਦਰ ਵਿਚ ਲਿਆ ਦਿੱਤਾ ਹੈ। ਅਗਲੇ ਦਿਨਾਂ ਵਿਚ ਜੇ ਦੋਵਾਂ ਪਾਰਟੀਆਂ ਦੇ ਸੀਨੀਅਰ ਆਗੂਆਂ ਦੀਆਂ ਹੋਰ ਬੈਠਕਾਂ ਹੁੰਦੀਆਂ ਹਨ, ਤਾਂ ਇਹ ਇਸ ਗੱਲ ਦਾ ਵੱਡਾ ਸੰਕੇਤ ਹੋਵੇਗਾ ਕਿ ਇਹ ਮੁਲਾਕਾਤ ਸਿਰਫ਼ ਸ਼ਿਸ਼ਟਾਚਾਰਕ ਸੀ ਜਾਂ 2027 ਦੀਆਂ ਚੋਣਾਂ ਤੋਂ ਪਹਿਲਾਂ ਕਿਸੇ ਵੱਡੇ ਸਿਆਸੀ ਸਮੀਕਰਨ ਦੀ ਸ਼ੁਰੂਆਤ।

# ਇੱਕੋ-ਇੱਕ: ਤੁਹਾਡੀ ਵਿਲੱਖਣ ਪਹਿਚਾਣ



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA

ਦੁਨੀਆਂ ਵਿਚ ਅਰਬਾਂ ਲੋਕ ਵੱਸਦੇ ਹਨ, ਪਰ ਉਨ੍ਹਾਂ ਵਿਚੋਂ ਕੋਈ ਵੀ ਤੁਹਾਡੇ ਵਰਗਾ ਨਹੀਂ ਹੈ। ਹਰ ਮਨੁੱਖ ਆਪਣੇ ਵਿਚਾਰਾਂ, ਸੁਭਾਵ, ਯੋਗਤਾਵਾਂ, ਤਜ਼ਰਬਿਆਂ ਅਤੇ ਸੁਪਨਿਆਂ ਕਰਕੇ ਵਿਲੱਖਣ ਹੁੰਦਾ ਹੈ। ਇਹੀ ਵਿਲੱਖਣਤਾ ਉਸਨੂੰ "ਇੱਕੋ-ਇੱਕ" ਬਣਾਉਂਦੀ ਹੈ।

ਅੱਜ ਦਾ ਯੁੱਗ ਮੁਕਾਬਲੇ ਅਤੇ ਤੁਲਨਾ ਦਾ ਯੁੱਗ ਬਣ ਗਿਆ ਹੈ। ਸੋਸ਼ਲ ਮੀਡੀਆ ਅਤੇ ਸਫਲਤਾ ਦੀ ਦੌੜ ਵਿਚ ਲੋਕ ਅਕਸਰ ਆਪਣੀ ਤੁਲਨਾ ਦੂਜਿਆਂ ਨਾਲ ਕਰਨ ਲੱਗ ਪੈਂਦੇ ਹਨ। ਕਿਸੇ ਨੂੰ ਕਿਸੇ ਦੀ ਦੌਲਤ ਪ੍ਰਭਾਵਿਤ ਕਰਦੀ ਹੈ, ਕਿਸੇ ਨੂੰ ਪ੍ਰਸਿੱਧੀ, ਤਾਂ ਕਿਸੇ ਨੂੰ ਸੁੰਦਰਤਾ ਜਾਂ ਉਪਲਬਧੀਆਂ। ਪਰ ਅਸਲ ਗੱਲ ਇਹ ਹੈ ਕਿ ਹਰ ਵਿਅਕਤੀ ਦੀ ਜ਼ਿੰਦਗੀ ਦੀ ਯਾਤਰਾ ਵੱਖਰੀ ਹੁੰਦੀ ਹੈ। ਇਸ ਲਈ ਦੂਜਿਆਂ ਵਰਗਾ ਬਣਨ ਦੀ ਬਜਾਏ ਆਪਣੇ ਆਪ ਦਾ ਸਭ ਤੋਂ ਵਧੀਆ ਰੂਪ ਬਣਨਾ ਹੀ ਅਸਲ ਕਾਮਯਾਬੀ ਹੈ।

ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਲੋਕਾਂ ਨੇ ਦੁਨੀਆਂ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ, ਉਨ੍ਹਾਂ ਨੇ ਕਿਸੇ ਦੀ ਨਕਲ ਨਹੀਂ ਕੀਤੀ। ਉਨ੍ਹਾਂ ਨੇ ਆਪਣੀ ਸੋਚ, ਆਪਣੀ ਰਚਨਾਤਮਕਤਾ ਅਤੇ ਆਪਣੇ ਹੌਸਲੇ 'ਤੇ ਭਰੋਸਾ ਕੀਤਾ। ਵਿਗਿਆਨ, ਸਾਹਿਤ, ਕਲਾ, ਖੇਡਾਂ ਜਾਂ ਵਪਾਰ—ਹਰ ਖੇਤਰ ਵਿਚ ਉਹੀ ਲੋਕ ਅੱਗੇ ਵਧੇ, ਜਿਨ੍ਹਾਂ ਨੇ ਆਪਣੀ ਵਿਲੱਖਣਤਾ ਨੂੰ ਆਪਣੀ ਤਾਕਤ ਬਣਾਇਆ।

ਸਿੱਖਿਆ ਦਾ ਮਕਸਦ ਸਿਰਫ਼ ਚੰਗੇ ਅੰਕ ਪ੍ਰਾਪਤ ਕਰਨਾ ਨਹੀਂ, ਸਗੋਂ ਹਰ ਵਿਦਿਆਰਥੀ ਦੀ ਲੁਕਵੀਂ ਯੋਗਤਾ ਨੂੰ ਪਛਾਣਨਾ ਅਤੇ ਉਸ ਨੂੰ ਨਿਖਾਰਨਾ ਵੀ ਹੈ। ਹਰ ਬੱਚਾ ਡਾਕਟਰ ਜਾਂ ਇੰਜੀਨੀਅਰ ਨਹੀਂ ਬਣੇਗਾ, ਪਰ ਉਹ ਇੱਕ ਵਧੀਆ ਅਧਿਆਪਕ, ਵਿਗਿਆਨੀ, ਕਲਾਕਾਰ, ਖਿਡਾਰੀ, ਕਿਸਾਨ, ਉਦਯੋਗਪਤੀ ਜਾਂ ਸਮਾਜ ਸੇਵਕ ਜ਼ਰੂਰ ਬਣ ਸਕਦਾ ਹੈ। ਹਰ ਪ੍ਰਤਿਭਾ ਦੀ ਆਪਣੀ ਮਹੱਤਤਾ ਹੁੰਦੀ ਹੈ।

"ਇੱਕੋ-ਇੱਕ" ਹੋਣ ਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਡਾ ਸਮਝੀਏ। ਇਸਦਾ ਅਰਥ ਹੈ ਆਪਣੇ ਅੰਦਰ ਦੀਆਂ ਖੂਬੀਆਂ ਨੂੰ ਸਵੀਕਾਰਨਾ ਅਤੇ ਦੂਜਿਆਂ ਦੀ ਵਿਲੱਖਣਤਾ ਦਾ ਵੀ ਸਤਿਕਾਰ ਕਰਨਾ। ਵੱਖ-ਵੱਖ ਵਿਚਾਰਾਂ, ਸੱਭਿਆਚਾਰਾਂ ਅਤੇ ਯੋਗਤਾਵਾਂ ਨਾਲ ਹੀ ਸਮਾਜ ਅੱਗੇ ਵਧਦਾ ਹੈ।

ਅੱਜ ਕ੍ਰਿਤ੍ਰਿਮ ਬੁੱਧੀ (ਏ.ਆਈ.) ਅਤੇ ਆਧੁਨਿਕ ਤਕਨਾਲੋਜੀ ਦੇ ਯੁੱਗ ਵਿਚ ਵੀ ਮਨੁੱਖ ਦੀ ਸਭ ਤੋਂ ਵੱਡੀ ਤਾਕਤ ਉਸਦੀ ਰਚਨਾਤਮਕ ਸੋਚ, ਸੰਵੇਦਨਸ਼ੀਲਤਾ ਅਤੇ ਮਨੁੱਖੀ ਮੁੱਲ ਹਨ। ਮਸ਼ੀਨਾਂ ਜਾਣਕਾਰੀ ਦੇ ਸਕਦੀਆਂ ਹਨ, ਪਰ ਨਵੇਂ ਵਿਚਾਰ, ਮਨੁੱਖੀ ਭਾਵਨਾਵਾਂ ਅਤੇ ਨੈਤਿਕ ਫ਼ੈਸਲੇ ਮਨੁੱਖ ਹੀ ਦੇ ਸਕਦਾ ਹੈ। ਇਸ ਲਈ ਆਪਣੀ ਅਸਲ ਪਹਿਚਾਣ ਨੂੰ ਸੰਭਾਲ ਕੇ ਰੱਖਣਾ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਹੋ ਗਿਆ ਹੈ।

ਜ਼ਿੰਦਗੀ ਦਾ ਮਕਸਦ ਕਿਸੇ ਹੋਰ ਦੀ ਨਕਲ ਕਰਨਾ ਨਹੀਂ, ਸਗੋਂ ਆਪਣੀ ਸਮਰੱਥਾ ਨੂੰ ਪਛਾਣ ਕੇ ਉਸਦਾ ਸਦਉਪਯੋਗ ਕਰਨਾ ਹੈ। ਤੁਹਾਡੀ ਆਵਾਜ਼, ਤੁਹਾਡੀ ਸੋਚ ਅਤੇ ਤੁਹਾਡੀ ਪਹਿਚਾਣ ਇਸ ਸੰਸਾਰ ਵਿਚ ਬਿਲਕੁਲ ਵਿਲੱਖਣ ਹੈ। ਇਸਨੂੰ ਪਿਆਰ ਕਰੋ, ਨਿਖਾਰੋ ਅਤੇ ਆਪਣੇ ਕੰਮਾਂ ਰਾਹੀਂ ਸਮਾਜ ਲਈ ਸਕਾਰਾਤਮਕ ਯੋਗਦਾਨ ਪਾਓ।

ਯਾਦ ਰੱਖੋ, ਇਸ ਦੁਨੀਆਂ ਵਿਚ ਤੁਹਾਡੇ ਵਰਗਾ ਨਾ ਕੋਈ ਪਹਿਲਾਂ ਸੀ, ਨਾ ਅੱਜ ਹੈ ਅਤੇ ਨਾ ਹੀ ਭਵਿੱਖ ਵਿਚ ਹੋਵੇਗਾ। ਇਹੀ ਤੁਹਾਡੀ ਸਭ ਤੋਂ ਵੱਡੀ ਤਾਕਤ ਹੈ। ਆਪਣੇ ਆਪ 'ਤੇ ਵਿਸ਼ਵਾਸ ਰੱਖੋ, ਆਪਣੀ ਵਿਲੱਖਣਤਾ ਨੂੰ ਅਪਣਾਓ ਅਤੇ ਆਪਣੇ ਜੀਵਨ ਨੂੰ ਅਰਥਪੂਰਨ ਬਣਾਓ। ਇਹੀ "ਇੱਕੋ-ਇੱਕ" ਹੋਣ ਦਾ ਅਸਲ ਅਰਥ ਹੈ।

# ਵਧੀਆ ਲੋਕਤੰਤਰ ’ਤੇ ਨਿਰਭਰ ਹੈ ਮਨੁੱਖੀ ਖੁਸ਼ਹਾਲੀ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA





ਕਿਸੇ ਵੀ ਦੇਸ਼ ਦੀ ਉੱਨਤੀ ਉਸ ਦੇਸ਼ ਦੇ ਵਿਸ਼ੇਸ਼ ਵਿਅਕਤੀਆਂ ’ਤੇ ਨਿਰਭਰ ਕਰਦੀ ਹੈ। ਇਨ੍ਹਾਂ ਲੋਕਾਂ ਦਾ ਸਦਕਾ ਹੀ ਲੋਕਾਂ ਦਾ ਜੀਵਨ ਸੁਖਮਈ, ਸ਼ਾਂਤ ਤੇ ਖੁਸ਼ਹਾਲ ਹੋ ਸਕਦਾ ਹੈ। ਇਹ ਵਿਸ਼ੇਸ਼ ਵਿਅਕਤੀ ਹਨ, ਜਿਵੇਂ ਰਾਜਨੀਤਿਕ, ਪ੍ਰਬੰਧਕ, ਧਾਰਮਿਕ ਆਗੂ, ਅਧਿਆਪਕ, ਪੱਤਰਕਾਰ, ਨਿਆਂਪਾਲਿਕਾ, ਪੁਲਿਸ ਤੇ ਸਾਹਿਤਕਾਰ।

**ਰਾਜਨੀਤਿਕ**: ਪਹਿਲਾਂ ਗੱਲ ਰਾਜਨੀਤਿਕਾਂ ਦੀ ਕਰਦੇ ਹਾਂ। ਇਕ ਚੰਗਾ ਰਾਜਨੀਤਿਕ ਕਿਹੜਾ ਹੈ, ਜਿਹੜਾ ਆਪਣੇ ਫਰਜ਼ ਪ੍ਰਤੀ ਸੁਹਿਰਦ ਹੋਵੇ ਤੇ ਲੋਕਾਂ ਬਾਰੇ ਠੀਕ ਤਰ੍ਹਾਂ ਸੋਚ ਸਕੇ, ਭਾਵ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਅਤੇ ਸਮੱਸਿਆਵਾਂ ਬਾਰੇ ਸੋਚੇ। ਜਿਸ ਮਨੁੱਖ ਦੇ ਹਿਰਦੇ ਵਿਚ ਮਨੁੱਖਤਾ ਲਈ ਪਿਆਰ ਅਤੇ ਮਨੁੱਖੀ ਪੀੜਾ ਦਾ ਅਹਿਸਾਸ ਹੈ, ਭਾਵ ਰਾਜਨੀਤਿਕ ਮਾਨਵਵਾਦੀ ਹੋਣਾ ਚਾਹੀਦਾ ਹੈ। ਸੱਤਾ ਦਾ ਭੁੱਖਾ ਅਤੇ ਮਾਇਆਧਾਰੀ ਮਨੁੱਖ ਕਦੀ ਵੀ ਚੰਗਾ ਰਾਜਨੀਤਿਕ ਨਹੀਂ ਹੋ ਸਕਦਾ ਅਤੇ ਉਹ ਜਨਤਾ ਦਾ ਕੁੱਝ ਵੀ ਸੁਆਰ ਨਹੀਂ ਸਕਦਾ। ਅੱਜਕੱਲ੍ਹ ਰਾਜਨੀਤਿਕਾਂ ਵਿਚ ਨਿਘਾਰ ਆਉਣ ਦਾ ਕਾਰਨ ਵੀ ਇਹੋ ਹੈ ਕਿ ਯੋਗ ਮਨੁੱਖ ਰਾਜਨੀਤਿਕ ਖੇਤਰ ਵਿਚ ਨਹੀਂ ਆ ਰਹੇ। ਕਿੰਨੇ ਸੰਸਦ ਮੈਂਬਰ ਪੈਸੇ ਦੇ ਸਕੈਂਡਲ ਕਰਦੇ ਟਰਮੀਨੇਟ ਕੀਤੇ ਗਏ ਹਨ, ਕਿੰਨਿਆਂ ਨੂੰ ਸਜ਼ਾ ਹੋ ਚੁੱਕੀ ਹੈ ਅਤੇ ਸੰਸਦਾਂ ਤੇ ਵਿਧਾਇਕਾਂ ’ਤੇ ਕੋਰਟਾਂ ਅੰਦਰ ਕੇਸ ਚੱਲ ਰਹੇ ਹਨ। ਰਾਜਨੀਤਿਕ ਕਿਰਦਾਰ ਪੱਖੋਂ ਭਾਵ ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਦਾ ਵੀ ਧਾਰਨੀ ਹੋਣਾ ਚਾਹੀਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

‘ਸੱਚ ਹੂੰ ਉਰੇ ਸਭ ਕੋ, ਸੱਚ ਉਪਰ ਆਚਾਰ’॥

**ਪੁਲਿਸ, ਪ੍ਰਬੰਧਕ ਅਤੇ ਕਰਮਚਾਰੀ**: ਲੋਕ ਰਾਜ ਵਿਚ ਕਰਮਚਾਰੀ ਜਨਤਾ ਦੇ ਸੇਵਕ ਹੋਇਆ ਕਰਦੇ ਹਨ ਅਤੇ ਪ੍ਰਬੰਧਕ ਵੀ ਇਵੇਂ ਯੋਗ ਵਿਅਕਤੀ ਤੇ ਸੂਝ-ਬੂਝ ਵਾਲੇ ਹੋਣੇ ਚਾਹੀਦੇ ਹਨ। ਉਹ ਕੰਮ ਦੇ ਕਰਿੰਦੇ, ਮਿਹਨਤੀ ਤੇ ਇਮਾਨਦਾਰ ਹੋਣ।

ਸਾਨੂੰ ਯੂਰਪ ਦੇ ਦੇਸ਼ਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ, ਉਥੋਂ ਦੇ ਕਰਮਚਾਰੀ ਕਿੰਨੇ ਮਿਹਨਤੀ, ਇਮਾਨਦਾਰ ਤੇ ਕਿੰਨੇ ਸੱਭਿਅਕ ਤਰੀਕੇ ਨਾਲ ਜਨਤਾ ਨਾਲ ਪੇਸ਼ ਆਉਂਦੇ ਹਨ, ਜਿਸ ਕਰਕੇ ਇਨ੍ਹਾਂ ਦੇਸ਼ਾਂ ਨੇ ਉਨਤੀ ਕੀਤੀ ਹੈ।

**ਧਾਰਮਿਕ ਆਗੂ** : ਧਰਮ ਦਾ ਸਾਡੀ ਜ਼ਿੰਦਗੀ ਵਿਚ ਬਹੁਤ ਡੂੰਘਾ ਸਬੰਧ ਹੈ। ਧਰਮ ਨੇ ਮਨੁੱਖੀ ਜੀਵਨ ਲਈ ਸੇਧ ਦੇਣੀ ਹੁੰਦੀ ਹੈ। ਧਰਮ ਦਾ ਸਬੰਧ ਜਿੱਥੇ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਦਾ ਸਾਧਨ ਹੈ, ਉਥੇ ਹੀ ਧਰਮ ਦਾ ਸਬੰਧ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਵੀ ਹੈ। ਪਰ ਅੱਜਕੱਲ੍ਹ ਧਰਮ ਵਿਚ ਜੋ ਕਮਜ਼ੋਰੀਆਂ ਆ ਚੁੱਕੀਆਂ ਹਨ, ਜੇਕਰ ਅਸੀਂ ਇਨ੍ਹਾਂ ਤਰੁੱਟੀਆਂ ਨੂੰ ਦੂਰ ਨਾ ਕੀਤਾ, ਤਾਂ ਧਰਮ ਵਿਚ ਬਹੁਤ ਗਿਰਾਵਟ ਆ ਜਾਏਗੀ ਤੇ ਮਨੁੱਖ ਸਦਾਚਾਰਕ ਜੀਵਨ ਤੋਂ ਦੂਰ ਚਲੇ ਜਾਣਗੇ। ਦਾਰਸ਼ਨਿਕ ਅਗਿਆਤ ਦਾ ਕਹਿਣਾ ਹੈ ਕਿ ਧਰਮ ਦੇ ਹੁੰਦਿਆਂ ਵੀ ਦੁਨੀਆਂ ਵਿਚ ਕਿੰਨੇ ਕਮੀਨੇ ਲੋਕ ਹਨ, ਪਰ ਜੇਕਰ ਧਰਮ ਨਾ ਹੁੰਦਾ, ਤਾਂ ਫਿਰ ਦੁਨੀਆਂ ਦਾ ਕੀ ਬਣਦਾ।

ਅੱਜ ਅਸੀਂ ਗੁਰਬਾਣੀ ਤੋਂ ਬਹੁਤ ਦੂਰ ਜਾ ਰਹੇ ਹਾਂ ਤੇ ਧਾਰਮਿਕ ਖੇਤਰ ਵਿਚ ਵੀ ਬਹੁਤ ਨਿਘਾਰ ਆ ਚੁੱਕਾ ਹੈ। ਇਹ ਸਭ ਕੁੱਝ ਠੀਕ ਤਾਂ ਹੀ ਹੋ ਸਕਦਾ ਹੈ, ਜੇਕਰ ਸਾਡੇ ਧਾਰਮਿਕ ਆਗੂ ਸੱਚ-ਮੁੱਚ ਹੀ ਧਰਮੀ ਹੋਣ ਪਰ ਅਜਿਹਾ ਨਹੀਂ ਹੈ, ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ, ਭਾਵ ਉਹ ਆਪਣੇ ਗੁਰੂਆਂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਨਹੀਂ ਗੁਜ਼ਾਰ ਰਹੇ ਤੇ ਲੋਕਾਂ ’ਤੇ ਉਨ੍ਹਾਂ ਦਾ ਪ੍ਰਭਾਵ ਕੀ ਪੈਣਾ ਹੈ। ਇਸੇ ਤਰ੍ਹਾਂ ਹੀ ਪ੍ਰਚਾਰਕਾਂ, ਕਥਾਵਾਚਕਾਂ ਤੇ ਗ੍ਰੰਥੀਆਂ ਦਾ ਕਿਰਦਾਰ ਵੀ ਉੱਚਾ ਤੇ ਸੁੱਚਾ ਚਾਹੀਦਾ ਹੈ।

ਅੱਜ ਅਸੀਂ ਗੁਰਬਾਣੀ ਤੋਂ ਬਹੁਤ ਦੂਰ ਜਾ ਰਹੇ ਹਾਂ ਤੇ ਧਾਰਮਿਕ ਖੇਤਰ ਵਿਚ ਵੀ ਬਹੁਤ ਨਿਘਾਰ ਆ ਚੁੱਕਾ ਹੈ। ਇਹ ਸਭ ਕੁੱਝ ਠੀਕ ਤਾਂ ਹੀ ਹੋ ਸਕਦਾ ਹੈ, ਜੇਕਰ ਸਾਡੇ ਧਾਰਮਿਕ ਆਗੂ ਸੱਚ-ਮੁੱਚ ਹੀ ਧਰਮੀ ਹੋਣ ਪਰ ਅਜਿਹਾ ਨਹੀਂ ਹੈ, ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ, ਭਾਵ ਉਹ ਆਪਣੇ ਗੁਰੂਆਂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਨਹੀਂ ਗੁਜ਼ਾਰ ਰਹੇ ਤੇ ਲੋਕਾਂ ’ਤੇ ਉਨ੍ਹਾਂ ਦਾ ਪ੍ਰਭਾਵ ਕੀ ਪੈਣਾ ਹੈ। ਇਸੇ ਤਰ੍ਹਾਂ ਹੀ ਪ੍ਰਚਾਰਕਾਂ, ਕਥਾਵਾਚਕਾਂ ਤੇ ਗ੍ਰੰਥੀਆਂ ਦਾ ਕਿਰਦਾਰ ਵੀ ਉੱਚਾ ਤੇ ਸੁੱਚਾ ਚਾਹੀਦਾ ਹੈ।

ਪੱਤਰਕਾਰਾਂ ਸੱਚ ਤੇ ਇਨਸਾਫ ਦੀ ਖਾਤਿਰ ਜਾਨ ਦੀ ਬਾਜ਼ੀ ਵੀ ਲਾਉਣੀ ਪੈਂਦੀ ਹੈ। ਇਸ ਲਈ ਇਕ ਚੰਗਾ ਪੱਤਰਕਾਰ ਉਹੀ ਹੈ, ਜਿਹੜਾ ਹੱਕ-ਸੱਚ ਅਤੇ ਇਨਸਾਫ ਦੇ ਰਾਹ ’ਤੇ ਚੱਲੇ ਤੇ ਨਿਰਪੱਖ ਹੋ ਕੇ ਕਿਸੇ ਵੀ ਵਿਸ਼ੇ ਬਾਰੇ ਆਪਣੇ ਵਿਚਾਰ ਦੇਵੇ। ਅੱਜਕੱਲ੍ਹ ਪੱਤਰਕਾਰੀ ਵੀ ਦੋ ਭਾਗਾਂ ਵਿਚ ਵੰਡੀ ਹੋਈ ਹੈ। ਇੱਕ ਤਾਂ ਸੱਚ ’ਤੇ ਪਹਿਰਾ ਦੇ ਰਹੇ ਹਨ ਤੇ ਉਹ ਪੱਖਪਾਤ ਤੋਂ ਰਹਿਤ ਹਨ ਅਤੇ ਅਜਿਹਾ ਕਰਦੇ ਹੋਏ ਕਈਆਂ ਨੂੰ ਸ਼ਹਾਦਤਾਂ ਵੀ ਦੇਣੀਆਂ ਪਈਆਂ ਹਨ ਪਰ ਅਜਿਹੇ ਥੋੜ੍ਹੇ ਹਨ ਤੇ ਬਹੁਤੇ ਪੱਖਪਾਤੀ ਤੇ ਆਪਣੇ ਧੜੇ ਨਾਲ ਖੜ੍ਹਦੇ ਹਨ, ਨਾ ਕਿ ਸੱਚ ਨਾਲ। ਸੱਚੀ ਪੱਤਰਕਾਰੀ ਸਮਾਜ ਦਾ ਬਹੁਤ ਸੁਧਾਰ ਕਰ ਸਕਦੀ ਹੈ, ਜੇਕਰ ਪੱਤਰਕਾਰ ਮਾਨਵਵਾਦੀ ਹੋਣ, ਭਾਵ ਜਿਨ੍ਹਾਂ ਦੇ ਦਿਲ ਵਿਚ ਮਨੁੱਖਤਾ ਲਈ ਹਮਦਰਦੀ ਤੇ ਪਿਆਰ ਹੈ।

**ਨਿਆਂਪਾਲਿਕਾ**: ਕਿਸੇ ਵੀ ਦੇਸ਼ ਦੀ ਉੱਨਤੀ ਤੇ ਮਨੁੱਖਤਾ ਦੇ ਭਲੇ ਲਈ ਬਹੁਤ ਅਹਿਮ ਰੋਲ ਅਦਾ ਕਰ ਸਕਦੀ ਹੈ। ਆਰਥਿਕ ਪੱਖ ਇੰਨਾ ਜ਼ਰੂਰੀ ਨਹੀਂ, ਜੇਕਰ ਮਨੁੱਖ ਨੂੰ ਕੁੱਲੀ, ਗੁੱਲੀ, ਜੁੱਲੀ ਤੇ ਮਨੁੱਖ ਦੀ ਇੱਜ਼ਤ, ਜਾਨ ਮਹਿਫੂਜ਼ ਹੈ ਤੇ ਜਨਤਾ ਨੂੰ ਨਿਆਂਪਾਲਿਕਾ ਵੱਲੋਂ ਇਨਸਾਫ ਮਿਲ ਜਾਵੇ, ਤਾਂ ਮਨੁੱਖੀ ਜੀਵਨ ਬਹੁਤ ਹੱਕ ਤੱਕ ਸੁਹਾਵਣਾ ਹੋ ਸਕਦਾ ਹੈ। ਇਹ ਤਾਂ ਹੀ ਸਭ ਕੁੱਝ ਹੋ ਸਕਦਾ ਹੈ, ਜੇਕਰ ਜੱਜ ਵੀ ਇਮਾਨਦਾਰ ਤੇ ਮਾਨਵਵਾਦੀ ਹੋਣ ਅਤੇ ਉੱਚੇ ਤੇ ਸੁੱਚੇ ਕਿਰਦਾਰ ਦੇ ਮਾਲਕ ਹੋਣ, ਨਾ ਕਿ ਮਾਇਆਧਾਰੀ। ਮਾਇਆਧਾਰੀ ਮਨੁੱਖ ਕਦੀ ਵੀ ਇਨਸਾਫ ਨਹੀਂ ਦੇ ਸਕਦਾ।

ਪਰ ਖੁਸ਼ੀ ਦੀ ਗੱਲ ਇਹ ਹੈ ਕਿ ਜਿੱਥੇ ਅੱਜ ਤੱਕ ਭਾਰਤ ਦੀ ਨਿਆਂਪਾਲਿਕਾ ’ਤੇ ਉਂਗਲੀ ਉਠਦੀ ਰਹੀ ਹੈ ਕਿ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ, ਉਥੇ ਭਾਰਤ ਦੀ ਨਿਆਂਪਾਲਿਕਾ ਨੇ ਕੁੱਝ ਦੋਸ਼ਾਂ ਵਿਚ ਪੂਰਾ ਇਨਸਾਫ ਦੇ ਕੇ ਇਸ ਗੱਲ ਨੂੰ ਗਲਤ ਸਿੱਧ ਕਰ ਦਿੱਤਾ ਤੇ ਲੋਕਾਂ ਨੂੰ ਅਸਚਰਜ ਕਰ ਦਿੱਤਾ। ਜੇਕਰ ਇਸੇ ਤਰ੍ਹਾਂ ਹੀ ਨਿਆਂਪਾਲਿਕਾ ਲੋਕਾਂ ਨੂੰ ਇਨਸਾਫ ਦਿੰਦੀ ਰਹੀ, ਤਾਂ ਲੋਕਾਂ ਨੂੰ ਨਿਆਂਪਾਲਿਕਾ ’ਤੇ ਹੋਰ ਵੀ ਵਿਸ਼ਵਾਸ, ਇਨਸਾਫ ਪ੍ਰਤੀ ਪੱਕਾ ਹੋ ਜਾਏਗਾ, ਕਿਉਂਕਿ ਹੁਣ ਇਹ ਗੱਲ ਸਿੱਧ ਹੋ ਗਈ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਤੇ ਅਮੀਰ ਆਦਮੀ ਵੀ ਦੋਸ਼ ਤੋਂ ਮੁਕਤ ਨਹੀਂ ਹੋ ਸਕਦਾ।

**ਸਾਹਿਤਕਾਰ**: ਸਾਹਿਤ ਦੀ ਵੀ ਸਮਾਜ ਵਿਚ ਬੜੀ ਮਹਾਨਤਾ ਹੈ। ਚੰਗਾ ਸਾਹਿਤ ਵੀ ਸਮਾਜ ਵਿਚ ਬਹੁਤ ਪਰਿਵਰਤਨ ਲਿਆ ਸਕਦਾ ਹੈ, ਪਰ ਜੇਕਰ ਸਾਹਿਤ ਮਨੁੱਖੀ ਜੀਵਨ ਤੇ ਸਮਾਜ ਦੇ ਨੇੜੇ ਹੋਵੇ। ਚੰਗਾ ਸਾਹਿਤ ਸਮਾਜ ਲਈ ਬਹੁਤ ਹੀ ਕਲਿਆਣਕਾਰੀ ਤੇ ਗੁਣਕਾਰੀ ਹੁੰਦਾ ਹੈ ਤੇ ਸਮਾਜ ਤੋਂ ਦੂਰ ਦੇ ਸਾਹਿਤ ਦਾ ਕੋਈ ਲਾਭ ਨਹੀਂ ਹੁੰਦਾ। ਸਾਹਿਤ ਕਿਸੇ ਵੀ ਵਿਚਾਰਧਾਰਾ ਅਧੀਨ ਲਿਖਿਆ ਗਿਆ ਹੋਵੇ, ਜਿਹੜਾ ਸਾਹਿਤ ਇੰਨਾ ਲਾਭਦਾਇਕ ਨਹੀਂ ਹੁੰਦਾ, ਸਗੋਂ ਮਨੁੱਖ ਨੂੰ ਗੁੰਮਰਾਹ ਕਰਦਾ ਹੈ। ਘੱਟੋ-ਘੱਟ ਸਾਹਿਤ ਜਾਂ ਕੋਈ ਵੀ ਰਚਨਾ ਪੜ੍ਹਨਯੋਗ ਤਾਂ ਹੋਵੇ, ਭਾਵ ਮਨ ਨੂੰ ਟੁੰਬਦੀ ਹੋਵੇ ਪਰ ਕਈ ਰਚਨਾਵਾਂ ਤਾਂ ਇੰਨੀਆਂ ਲੱਚਰ ਤੇ ਅਸ਼ਲੀਲ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਪੜ੍ਹਨ ਲੱਗਿਆਂ ਤਾਂ ਮਨੁੱਖ ਨੂੰ ਉਲਟੀਆਂ ਆਉਣ ਲੱਗ ਪੈਂਦੀਆਂ ਹਨ। ਇਕ ਚੰਗਾ ਲੇਖਕ ਹੋਣਾ ਹੋਰ ਗੱਲ ਹੈ ਤੇ ਇੱਕ ਵਧੀਆ ਮਨੁੱਖ ਹੋਣਾ ਹੋਰ ਗੱਲ ਹੈ। ਕਹਾਣਕਾਰੀ ਸੁਜਾਨ ਸਿੰਘ ਨੇ ਨਾਵਲਕਾਰ ਨਾਨਕ ਸਿੰਘ ਨੂੰ ਉਨ੍ਹਾਂ ਦੀ ਸ਼ਰਧਾਂਜਲੀ ਸਮਾਗਮ ’ਤੇ ਕਿਹਾ ਸੀ ਕਿ ਲੇਖਕ ਬਣਨਾ ਸੌਖਾ ਹੈ ਪਰ ਇਕ ਚੰਗਾ ਇਨਸਾਨ ਬਣਨਾ ਔਖਾ ਹੈ। ਉਨ੍ਹਾਂ ਕਿਹਾ ਸੀ ਕਿ ਨਾਨਕ ਸਿੰਘ ਇੱਕ ਬਹੁਤ ਵਧੀਆ ਇਨਸਾਨ ਸਨ, ਕਿਉਂਕਿ ਉਹ ਕਹਿਣੀ ਤੇ ਕਰਨੀ ਦੇ ਧਾਰਨੀ ਸਨ। ਇਸ ਲਈ ਵਧੀਆ ਸਾਹਿਤਕਾਰ ਹੋਣ ਦੇ ਨਾਲ-ਨਾਲ ਜੇਕਰ ਸਾਹਿਤਕਾਰ ਉੱਚੇ ਤੇ ਸੁੱਚੇ ਕਿਰਦਾਰ ਦਾ ਮਾਲਕ ਵੀ ਹੋਵੇ, ਤਾਂ ਫਿਰ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਇਸ ਤਰ੍ਹਾਂ ਸੰਖੇਪ ਵਿਚ ਆਖ ਸਕਦੇ ਹਾਂ ਕਿ ਸਰਕਾਰੀ ਮਸ਼ੀਨਰੀ ਕਈ ਪੁਰਜਿਆਂ ਨਾਲ ਬਣੀ ਹੋਈ ਹੈ ਤੇ ਹਰ ਇੱਕ ਪਰਜਾ ਆਪਣੇ ਥਾਂ ਠੀਕ-ਠਾਕ ਕੰਮ ਕਰੇ, ਤਾਂ ਹੀ ਉਹ ਸਰਕਾਰ ਰੂਪੀ ਮਸ਼ੀਨ ਮਨੁੱਖਤਾ ਦਾ ਕੁੱਝ ਸੁਆਰ ਸਕਦੀ ਹੈ। ਜਿੱਥੇ ਰਾਜਨੀਤਿਕ, ਅਧਿਆਪਕ, ਧਾਰਮਿਕ ਆਗੂ, ਪੁਲਿਸ, ਨਿਆਂਪਾਲਿਕਾ, ਪ੍ਰਬੰਧਕ, ਪੱਤਰਕਾਰ ਤੇ ਸਾਹਿਤਕਾਰ ਯੋਗ ਤੇ ਉੱਚੇ ਤੇ ਸੁੱਚੇ ਕਿਰਦਾਰ ਵਾਲੇ ਹੋਣੇ ਚਾਹੀਦੇ ਹਨ, ਇਵੇਂ ਹੀ ਦੇਸ਼ ਦੇ ਪ੍ਰਧਾਨ ਤੇ ਪ੍ਰਧਾਨ ਮੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਹੋਣੇ ਚਾਹੀਦੇ ਹਨ।



# ਮੋਬਾਈਲ ਫ਼ੋਨ ਅਤੇ ਕਿਤਾਬ ਦਾ ਅੰਤਰ ਸਮਝਣ ਦੀ ਲੋੜ



-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਸਮਾਰਟ ਫ਼ੋਨ ਦੀ ਸਕਰੀਨ ਅਤੇ ਪੁਸਤਕ ਦੇ ਪੰਨਿਆਂ ਵਿਚ ਜ਼ਮੀਨ-ਅਸਮਾਨ ਦਾ ਅੰਤਰ ਹੈ।

ਭਾਵੇਂ ਦੋਵੇਂ ਗਿਆਨ ਅਤੇ ਜਾਣਕਾਰੀ ਦੇ ਮਾਧਿਅਮ ਹਨ। ਪ੍ਰੰਤੂ ਕਿਤਾਬ ਦੇ ਗਿਆਨ ਅਤੇ ਫ਼ੋਨ ਦੇ ਗਿਆਨ ਵਿਚ ਵੱਡਾ ਫਰਕ ਹੈ।

ਮਾਹਿਰ ਵਿਅਕਤੀਆਂ ਨੇ ਇਸ ਅੰਤਰ, ਇਸ ਫਰਕ 'ਤੇ ਬੜੀ ਬਾਰੀਕੀ ਵਿਚ ਖੋਜ-ਪੜਤਾਲ ਕੀਤੀ ਹੈ। ਇਸ ਖੋਜ-ਪੜਤਾਲ ਦੇ ਨਤੀਜੇ ਹੈਰਾਨ ਕਰਨ ਵਾਲੇ ਹਨ।

ਕਿਸੇ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ ਅਤੇ ਕਿਸੇ ਨੂੰ ਮੋਬਾਈਲ ਫ਼ੋਨ 'ਤੇ ਵੱਧ ਤੋਂ ਵੱਧ ਸਮਾਂ ਬਤੀਤ ਕਰਨ ਦੀ ਲਤ ਹੈ। ਸਮੇਂ ਨਾਲ ਦੋਹਾਂ ਵਿਅਕਤੀਆਂ ਦੇ ਵਿਚਰਨ, ਸੋਚ, ਸੁਭਾਅ ਅਤੇ ਸ਼ਖਸੀਅਤ ਵਿਚ ਜਿਹੜੇ ਵਿਸ਼ੇਸ਼ ਅੰਤਰ ਨਜ਼ਰ ਆਉਂਦੇ ਹਨ, ਉਨ੍ਹਾਂ ਨੂੰ ਅਮੀਰ ਗੌਰ ਨੇ ਸੂਚੀਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮੋਬਾਈਲ ਫ਼ੋਨ ਦੀ ਵਧੇਰੇ ਵਰਤੋਂ ਨਾਲ ਧਿਆਨ ਭਟਕਦਾ ਹੈ। ਸੋਸ਼ਲ ਮੀਡੀਆ, ਆਨਲਾਈਨ ਗੇਮਾਂ ਅਤੇ ਨੋਟੀਫਿਕੇਸ਼ਨ ਇਕਾਗਰਤਾ ਭੰਗ ਕਰਦੇ ਹਨ ਅਤੇ ਸਮੇਂ ਦੀ ਬਰਬਾਦੀ ਹੁੰਦੀ ਹੈ। ਔਸਤਨ ਤਿੰਨ ਤੋਂ ਪੰਜ ਘੰਟੇ ਫ਼ੋਨ 'ਤੇ ਬਿਤਾਉਣ ਨਾਲ ਦਿਨ ਵਿਅਰਥ ਚਲਾ ਜਾਂਦਾ ਹੈ। ਅੱਖਾਂ ਥੱਕੀਆਂ ਰਹਿੰਦੀਆਂ ਹਨ। ਜਲਣ ਹੁੰਦੀ ਹੈ, ਨਜ਼ਰ ਘਟਦੀ ਹੈ। ਵਧੇਰੇ ਸਕਰੀਨ ਟਾਈਮ ਨਾਲ ਮਾਨਸਿਕ ਤਣਾਅ ਰਹਿੰਦਾ ਹੈ। ਚਿੰਤਾ ਅਤੇ ਚਿੜਚਿੜਾਪਣ ਵਧਦਾ ਹੈ।

ਗਲਤ ਜਾਣਕਾਰੀ ਮਿਲਦੀ ਹੈ। ਜਾਣਕਾਰੀ ਦੀ ਬਹੁਤਾਤ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣਦੀ ਹੈ। ਫੇਕ ਨਿਊਜ਼ ਨਾਲ ਭਰਮ ਦੀ ਸਥਿਤੀ ਪੈਦਾ ਹੁੰਦੀ ਹੈ।

ਨੀਂਦ ਪ੍ਰਭਾਵਿਤ ਹੁੰਦੀ ਹੈ। ਨੀਂਦ ਦੀ ਗੁਣਵੱਤਾ ਘਟਦੀ ਹੈ। ਯਾਦਾਸ਼ਤ ਕਮਜ਼ੋਰ ਹੁੰਦੀ ਹੈ। ਸਕਰੋਲਿੰਗ ਦੀ ਆਦਤ ਨਾਲ ਗਹਿਰੀ ਸੋਚ ਨੂੰ ਸੱਟ ਵੱਜਦੀ ਹੈ।

ਮੋਬਾਈਲ ਫ਼ੋਨ ਦੀ ਸਹੀ ਵਰਤੋਂ ਲਈ ਆਨਲਾਈਨ ਪੜ੍ਹਾਈ ਕੀਤੀ ਜਾ ਸਕਦੀ ਹੈ। ਕੋਈ ਕੋਰਸ ਕੀਤਾ ਜਾ ਸਕਦਾ ਹੈ। ਵੀਡੀਓ ਲੈਕਚਰ ਸੁਣ ਸਕਦੇ ਹਾਂ। ਈ-ਬੁਕਸ ਪੜ੍ਹ ਸਕਦੇ ਹਾਂ।

ਤੱਥ ਖੋਜਣ ਲਈ, ਚਲੰਤ ਮਾਮਲਿਆਂ ਸੰਬੰਧੀ ਜਾਣਕਾਰੀ ਲੈਣ ਲਈ ਅਤੇ ਨੋਟਿਸ ਬਣਾਉਣ ਲਈ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਸਮੇਂ ਦੀ ਸੁਚੱਜੀ ਵਰਤੋਂ ਕਰਨ ਲਈ ਅਲਾਰਮ ਲਗਾਇਆ ਜਾ ਸਕਦਾ ਹੈ। ਕੈਲੰਡਰ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਰੀਮਾਈਂਡਰ ਦੀ ਵਰਤੋਂ ਹੋ ਸਕਦੀ ਹੈ। ਪ੍ਰੇਰਨਾ ਅਤੇ ਸਕਾਰਾਤਮਿਕਤਾ ਲਈ ਮੋਟੀਵੇਸ਼ਨਲ ਵੀਡੀਓ ਵੇਖ ਸਕਦੇ ਹਾਂ। ਪੌਡਕਾਸਟ ਸੁਣ ਸਕਦੇ ਹਾਂ। ਪ੍ਰੇਰਨਾਦਾਇਕ ਵਿਚਾਰ ਪੜ੍ਹ ਸਕਦੇ ਹਾਂ।

ਜਿਹੜੇ ਲੋਕ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਹਨ, ਉਨ੍ਹਾਂ ਦੀ ਸਮਝ-ਸੋਚ ਗਹਿਰੀ ਹੁੰਦੀ ਹੈ ਕਿਉਂਕਿ ਕਿਤਾਬਾਂ ਗਹਿਰਾਈ ਵਿਚ ਗਿਆਨ ਦਿੰਦੀਆਂ ਹਨ ਅਤੇ ਸੋਚਣ ਦੀ ਸ਼ਕਤੀ ਵਧਾਉਂਦੀਆਂ ਹਨ। ਕਿਤਾਬਾਂ ਪੜ੍ਹਨ ਨਾਲ ਧਿਆਨ ਇਕਾਗਰ ਹੁੰਦਾ ਹੈ ਅਤੇ ਇਕਾਗਰਤਾ ਵਧਦੀ ਹੈ। ਯਾਦਾਸ਼ਤ ਤੇਜ਼ ਹੁੰਦੀ ਹੈ ਅਤੇ ਟਿਕਾਊ ਬਣਦੀ ਹੈ।

ਸ਼ਬਦ-ਭੰਡਾਰ ਵਧਦਾ ਹੈ। ਭਾਸ਼ਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਨਤੀਜੇ ਵਜੋਂ ਭਾਸ਼ਾ 'ਤੇ ਪਕੜ ਮਜ਼ਬੂਤ ਹੁੰਦੀ ਹੈ।

ਚੰਗੀਆਂ ਕਿਤਾਬਾਂ ਪੜ੍ਹਨ ਨਾਲ ਚੰਗੇ ਸੰਸਕਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਆਤਮਵਿਸ਼ਵਾਸ ਵਧਦਾ ਹੈ। ਕਲਪਨਾ-ਸ਼ਕਤੀ ਦਾ ਵਿਸਥਾਰ ਹੁੰਦਾ ਹੈ।

ਕਿਤਾਬਾਂ ਕਾਮਯਾਬੀ ਦੀ ਕੁੰਜੀ ਹਨ। ਮਹਾਨ ਲੋਕ ਕਿਤਾਬਾਂ ਤੋਂ ਸਿੱਖਿਆ ਗ੍ਰਹਿਣ ਕਰਕੇ ਹੀ ਸਫਲਤਾ ਦੀ ਸਿਖਰ 'ਤੇ ਪਹੁੰਚਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਕਿਤਾਬਾਂ ਸਭ ਤੋਂ ਵਧੀਆ ਮਿੱਤਰ ਹੁੰਦੀਆਂ ਹਨ ਕਿਉਂਕਿ ਕਿਤਾਬਾਂ ਕਦੇ ਕਿਸੇ ਨੂੰ ਧੋਖਾ ਨਹੀਂ ਦਿੰਦੀਆਂ।

ਕਿਤਾਬਾਂ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਨਿਯਮਿਤ ਪੜ੍ਹਾਈ ਕਰਨੀ ਚਾਹੀਦੀ ਹੈ। ਹਰ ਰੋਜ਼ ਨਿਸ਼ਚਿਤ ਸਮੇਂ 'ਤੇ ਪੜ੍ਹਿਆ ਜਾਵੇ, ਤਾਂ ਤਨ-ਮਨ 'ਤੇ ਹੋਰ ਚੰਗੇਰਾ ਪ੍ਰਭਾਵ ਪੈਂਦਾ ਹੈ।

ਉਦੇਸ਼ ਤੈਅ ਕਰਕੇ ਪੜ੍ਹਨਾ ਵਧੇਰੇ ਬਿਹਤਰ, ਵਧੇਰੇ ਕਾਰਗਰ, ਵਧੇਰੇ ਸਿਹਤਮੰਦ ਹੁੰਦਾ ਹੈ। ਕੀ ਪੜ੍ਹਨਾ ਹੈ? ਕਿਉਂ ਪੜ੍ਹਨਾ ਹੈ? ਇਹ ਸਪੱਸ਼ਟ ਹੋਣਾ ਜ਼ਰੂਰੀ ਹੈ। ਪੜ੍ਹਦੇ ਸਮੇਂ ਹਰੇਕ ਪੁਸਤਕ ਦੇ ਨੋਟਸ ਬਣਾਉਣੇ ਚਾਹੀਦੇ ਹਨ। ਮਹੱਤਵਪੂਰਨ ਗੱਲਾਂ, ਅਹਿਮ ਵਿਚਾਰ ਨੋਟ ਕਰਦੇ ਜਾਣਾ ਚਾਹੀਦਾ ਹੈ।

ਜੇਕਰ ਤੁਸੀਂ ਹਰ ਰੋਜ਼ 30 ਮਿੰਟ ਵੀ ਪੜ੍ਹਦੇ ਹੋ, ਤਾਂ ਸਾਲ ਵਿਚ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਵੋਗੇ। ਜਿਹੜੇ ਵਿਦਿਆਰਥੀ ਸਿਲੇਬਸ ਤੋਂ ਇਲਾਵਾ ਹੋਰ ਕਿਤਾਬਾਂ ਪੜ੍ਹਦੇ ਹਨ, ਉਹ ਵਧੇਰੇ ਨੰਬਰ ਪ੍ਰਾਪਤ ਕਰਦੇ ਹਨ।

ਭਾਰਤ ਦੇ ਪਹਿਲੇ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀ ਰੋਜ਼ਾਨਾ 7-8 ਘੰਟੇ ਪੜ੍ਹਾਈ ਕਰਦੇ ਹਨ।

ਮੋਬਾਈਲ ਫ਼ੋਨ ਕਈ ਤਰ੍ਹਾਂ ਨਾਲ ਤੁਹਾਡੀ ਸਹਾਇਤਾ ਕਰ ਸਕਦਾ ਹੈ। ਪਰ ਕਿਤਾਬਾਂ ਤੁਹਾਨੂੰ ਜੀਵਨ 'ਚ ਸਫਲਤਾ ਦਿਵਾਉਂਦੀਆਂ ਹਨ।

ਮੋਬਾਈਲ ਫ਼ੋਨ ਇਕ ਮਸ਼ੀਨ ਹੈ। ਕਿਤਾਬ ਇਕ ਅਧਿਆਪਕ ਹੈ। ਚੋਣ ਤੁਹਾਡੇ ਹੱਥ ਹੈ। ਸਹੀ ਚੋਣ ਕਰੋ।

ਸਫਾ 1 ਦਾ ਬਾਕੀ

## ਆਂ ਤੋਂ ਜੁਰਮਾਨੇ ਵਸੂਲਣ ਦੀ ਤਿਆਰੀ 'ਚ ਟਰੰਪ...

ਡਿਪੋਰਟ ਹੋ ਚੁੱਕੇ ਪ੍ਰਵਾਸੀਵਾਇਰਡ ਮੁਤਾਬਕ ਦਸਤਾਵੇਜ਼ਾਂ ਵਿਚ ਭੁਗਤਾਨ ਲਈ Pay.gov ਦਾ ਜ਼ਿਕਰ ਹੈ ਅਤੇ ਇਸ ਵਿਵਸਥਾ ਦੀ ਵਿਹਾਰਕਤਾ ਬਾਰੇ ਵੀ ਸਵਾਲ ਹਨ। ਇੱਕ ਹੋਰ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਵੇਲੇ ਇਸ ਨੂੰ ਲਾਗੂ ਹੋ ਚੁੱਕੀ ਵਿਦੇਸ਼ੀ ਵਸੂਲੀ ਮੁਹਿੰਮ ਦੀ ਬਜਾਏ ਪ੍ਰਸਤਾਵਿਤ ਠੇਕਾ/ਪ੍ਰੋਗਰਾਮ ਕਹਿਣਾ ਵਧੇਰੇ ਸਹੀ ਹੈ। ਇਸ ਲਈ ਇਹ ਕਹਿਣਾ ਕਿ ਅਮਰੀਕੀ ਸਰਕਾਰ ਨੇ ਹਰ ਡਿਪੋਰਟ ਵਿਅਕਤੀ ਤੋਂ ਵਿਦੇਸ਼ ਵਿਚ ਜਾ ਕੇ ਜੁਰਮਾਨਾ ਵਸੂਲਣਾ ਸ਼ੁਰੂ ਕਰ ਦਿੱਤਾ ਹੈ, ਰਿਪੋਰਟ ਤੋਂ ਅੱਗੇ ਦੀ ਗੱਲ ਹੋਵੇਗੀ।

ਸਫਾ 1 ਦਾ ਬਾਕੀ

## ਅਮਰੀਕੀ ਨਾਗਰਿਕਤਾ 'ਤੇ ਵੀ ਹੋ ਸਕਦੈ ਖਤਰਾ...

ਇੱਕ ਹੋਰ ਵੱਖਰਾ ਮਾਮਲਾ ਆਪਣੀ ਮਰਜ਼ੀ ਨਾਲ ਅਮਰੀਕੀ ਨਾਗਰਿਕਤਾ ਛੱਡਣ ਦਾ ਹੈ। ਕੋਈ ਅਮਰੀਕੀ ਨਾਗਰਿਕ ਨਿਰਧਾਰਤ ਕਾਨੂੰਨੀ ਪ੍ਰਕਿਰਿਆ ਰਾਹੀਂ ਵਿਦੇਸ਼ ਵਿਚ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਅੱਗੇ ਆਪਣੀ ਨਾਗਰਿਕਤਾ ਤਿਆਗ ਸਕਦਾ ਹੈ। ਪਰ ਸਿਰਫ਼ ਵਿਦੇਸ਼ ਵਿਚ ਲੰਬਾ ਸਮਾਂ ਰਹਿਣ, ਦੂਜੇ ਦੇਸ਼ ਦੀ ਨਾਗਰਿਕਤਾ ਰੱਖਣ ਜਾਂ ਅਮਰੀਕੀ ਸਰਕਾਰ ਨਾਲ ਅਸਹਿਮਤੀ ਪ੍ਰਗਟ ਕਰਨ ਨਾਲ ਨਾਗਰਿਕਤਾ ਆਪਣੇ ਆਪ ਖਤਮ ਨਹੀਂ ਹੁੰਦੀ।

ਇਸ ਵਿਸ਼ੇ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਸਰਕਾਰ ਕਿਸੇ ਨੈਚੁਰਲਾਈਜ਼ਡ ਸਿਟੀਜ਼ਨ ਦੀ ਨਾਗਰਿਕਤਾ ਸਿਰਫ਼ ਇੱਕ ਇਮੀਗ੍ਰੇਸ਼ਨ ਅਧਿਕਾਰੀ ਦੇ ਫ਼ੈਸਲੇ ਨਾਲ ਮਨਮਰਜ਼ੀ ਨਾਲ ਨਹੀਂ ਖੋਹ ਸਕਦੀ। ਡੀਨੈਚੁਰਲਾਈਜ਼ੇਸ਼ਨ ਲਈ ਕਾਨੂੰਨੀ ਪ੍ਰਕਿਰਿਆ ਹੁੰਦੀ ਹੈ ਅਤੇ ਵਿਅਕਤੀ ਨੂੰ ਆਪਣਾ ਬਚਾਅ ਕਰਨ ਦਾ ਅਧਿਕਾਰ ਹੁੰਦਾ ਹੈ।

ਇਸ ਲਈ ਅਮਰੀਕਾ ਦੇ ਕਰੋੜਾਂ ਨਾਗਰਿਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ "ਨਾਗਰਿਕਤਾ ਖ਼ਤਰੇ ਵਿਚ ਹੈ" ਦਾ ਮਤਲਬ ਇਹ ਨਹੀਂ ਕਿ ਆਮ ਨਾਗਰਿਕਾਂ ਦੀ ਸਿਟੀਜ਼ਨਸ਼ਿਪ ਕਿਸੇ ਛੋਟੀ ਗਲਤੀ ਨਾਲ ਖਤਮ ਹੋ ਸਕਦੀ ਹੈ। ਮੁੱਖ ਖ਼ਤਰਾ ਉਨ੍ਹਾਂ ਨੈਚੁਰਲਾਈਜ਼ਡ ਸਿਟੀਜ਼ਨਸ ਲਈ ਬਣਦਾ ਹੈ, ਜਿੱਥੇ ਸਰਕਾਰ ਕੋਲ ਇਹ ਦੋਸ਼ ਲਗਾਉਣ ਦਾ ਆਧਾਰ ਹੋਵੇ ਕਿ ਨਾਗਰਿਕਤਾ ਗੈਰਕਾਨੂੰਨੀ ਤਰੀਕੇ, ਜਾਣਬੁੱਝ ਕੇ ਧੋਖਾਧੜੀ ਜਾਂ ਮਹੱਤਵਪੂਰਨ ਜਾਣਕਾਰੀ ਛੁਪਾ ਕੇ ਪ੍ਰਾਪਤ ਕੀਤੀ ਗਈ ਸੀ।

ਸਫਾ 1 ਦਾ ਬਾਕੀ

## ਇਮੀਗ੍ਰੇਸ਼ਨ ਅਰਜ਼ੀ 'ਚ ਅਧੂਰੇ ਦਸਤਾਵੇਜ਼ ਪੈ ਸਕਦੇ...

ਖ਼ਾਸ ਤੌਰ 'ਤੇ ਗ੍ਰੀਨ ਕਾਰਡ ਦੀ ਅਰਜ਼ੀ ਦਾਇਰ ਕਰਨ ਵਾਲਿਆਂ ਨੂੰ ਆਪਣੇ ਕੇਸ ਮੁਤਾਬਕ ਰਿਸ਼ਤੇ ਜਾਂ ਯੋਗਤਾ ਦੇ ਸਬੂਤ, ਲੋੜ ਪੈਣ 'ਤੇ ਐਫੀਡੇਵਿਟ ਆਫ ਸਪੋਰਟ, ਮੈਡੀਕਲ ਜਾਂ ਹੋਰ ਲਾਜ਼ਮੀ ਦਸਤਾਵੇਜ਼ ਅਤੇ ਗੈਰ-ਅੰਗਰੇਜ਼ੀ ਦਸਤਾਵੇਜ਼ਾਂ ਦੇ ਪ੍ਰਮਾਣਿਤ ਅਨੁਵਾਦ ਬਾਰੇ ਯੂ.ਐੱਸ.ਸੀ.ਆਈ.ਐੱਸ. ਦੀਆਂ ਮੌਜੂਦਾ ਹਦਾਇਤਾਂ ਧਿਆਨ ਨਾਲ ਦੇਖਣੀਆਂ ਚਾਹੀਦੀਆਂ ਹਨ। ਸਭ ਤੋਂ ਵੱਡਾ ਸੰਦੇਸ਼ ਇਹ ਹੈ ਕਿ ਹੁਣ ਕਿਸੇ ਵੀ ਬਿਨੈਕਾਰ ਨੂੰ ਆਪਣੀ ਅਰਜ਼ੀ ਇਸ ਸੋਚ ਨਾਲ ਦਾਇਰ ਨਹੀਂ ਕਰਨੀ ਚਾਹੀਦੀ ਕਿ "ਜੇ ਕੁਝ ਰਹਿ ਗਿਆ, ਤਾਂ ਯੂ.ਐੱਸ.ਸੀ.ਆਈ.ਐੱਸ. ਬਾਅਦ ਵਿਚ ਆਰ.ਐੱਫ.ਈ. ਭੇਜ ਦੇਵੇਗਾ।" ਅਰਜ਼ੀ ਪਹਿਲੀ ਵਾਰ ਹੀ ਸੰਭਵ ਹੱਦ ਤੱਕ ਪੂਰੀ, ਸਹੀ ਅਤੇ ਲੋੜੀਂਦੇ ਸਬੂਤਾਂ ਨਾਲ ਦਾਇਰ ਕਰਨੀ ਚਾਹੀਦੀ ਹੈ। ਜਿਨ੍ਹਾਂ ਲੋਕਾਂ ਦੇ ਕੇਸ ਵਿਚ ਪਹਿਲਾਂ ਇਮੀਗ੍ਰੇਸ਼ਨ ਇਨਕਾਰ, ਅਪਰਾਧਿਕ ਮਾਮਲਾ, ਵੀਜ਼ਾ ਓਵਰਸਟੇਅ, ਗੈਰਕਾਨੂੰਨੀ ਮੌਜੂਦਗੀ ਜਾਂ ਕੋਈ ਹੋਰ ਪੇਚੀਦਾ ਕਾਨੂੰਨੀ ਮਸਲਾ ਹੈ, ਉਨ੍ਹਾਂ ਲਈ ਅਰਜ਼ੀ ਦਾਇਰ ਕਰਨ ਤੋਂ ਪਹਿਲਾਂ ਯੋਗ ਇਮੀਗ੍ਰੇਸ਼ਨ ਵਕੀਲ ਜਾਂ ਮਾਨਤਾ ਪ੍ਰਾਪਤ ਕਾਨੂੰਨੀ ਪ੍ਰਤੀਨਿਧੀ ਤੋਂ ਸਲਾਹ ਲੈਣਾ ਹੋਰ ਵੀ ਮਹੱਤਵਪੂਰਨ ਹੋ ਸਕਦਾ ਹੈ। ਸਿੱਧੀ ਗੱਲ ਇਹ ਹੈ– ਇਮੀਗ੍ਰੇਸ਼ਨ ਅਰਜ਼ੀ ਨੂੰ "ਪਹਿਲਾਂ ਫਾਈਲ ਕਰ ਦਿਓ, ਬਾਕੀ ਕਾਗਜ਼ ਬਾਅਦ ਵਿਚ ਦੇ ਦਿਆਂਗੇ" ਵਾਲੀ ਸੋਚ ਨਾਲ ਦਾਇਰ ਕਰਨਾ ਹੁਣ ਵੱਡਾ ਜੋਖ਼ਮ ਬਣ ਸਕਦਾ ਹੈ।

ਸਫਾ 1 ਦਾ ਬਾਕੀ

## ਗ੍ਰੀਨ ਕਾਰਡ ਅਰਜ਼ੀਆਂ ਦੇ ਤਰੀਕੇ 'ਚ ਵੱਡੀ ਤਬਦੀਲੀ ਦੀ ਤਿਆਰੀ...

ਯੂ.ਐੱਸ.ਸੀ.ਆਈ.ਐੱਸ. ਦੀ ਇਹ ਨਵੀਂ ਦਿਸ਼ਾ ਗ੍ਰੀਨ ਕਾਰਡ ਲਈ ਅਪਲਾਈ ਕਰਨ ਵਾਲਿਆਂ ਲਈ ਖਾਸ ਮਹੱਤਵ ਰੱਖਦੀ ਹੈ, ਕਿਉਂਕਿ ਸਥਾਈ ਨਿਵਾਸ ਨਾਲ ਸਬੰਧਤ ਕਈ ਪ੍ਰਕਿਰਿਆਵਾਂ ਵਿਚ ਵੱਖ-ਵੱਖ ਫਾਰਮ ਵਰਤੇ ਜਾਂਦੇ ਹਨ। ਇਸ ਲਈ ਕਿਸੇ ਵੀ ਬਿਨੈਕਾਰ ਨੂੰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਉਸਦਾ ਖਾਸ ਫਾਰਮ ਅੱਜ ਤੋਂ ਹੀ ਸਿਰਫ ਆਨਲਾਈਨ ਜਮ੍ਹਾਂ ਹੋਵੇਗਾ। ਹਰ ਫਾਰਮ ਲਈ ਯੂ.ਐੱਸ.ਸੀ.ਆਈ.ਐੱਸ. ਦੀ ਤਾਜ਼ਾ ਹਦਾਇਤ ਅਤੇ ਲਾਗੂ ਹੋਣ ਦੀ ਤਾਰੀਖ ਦੇਖਣੀ ਬਹੁਤ ਜ਼ਰੂਰੀ ਹੋਵੇਗੀ।

ਇਸ ਤਬਦੀਲੀ ਨਾਲ ਬਿਨੈਕਾਰਾਂ ਲਈ ਯੂ.ਐੱਸ.ਸੀ.ਆਈ.ਐੱਸ. ਦਾ ਆਨਲਾਈਨ ਅਕਾਊਂਟ ਹੋਰ ਵੀ ਮਹੱਤਵਪੂਰਨ ਬਣ ਸਕਦਾ ਹੈ। ਆਉਣ ਵਾਲੇ ਸਮੇਂ ਵਿਚ ਅਰਜ਼ੀ ਜਮ੍ਹਾਂ ਕਰਵਾਉਣ, ਫੀਸ ਅਦਾ ਕਰਨ, ਦਸਤਾਵੇਜ਼ ਅਪਲੋਡ ਕਰਨ ਅਤੇ ਕੇਸ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕਰਨ ਵਿਚ ਡਿਜ਼ੀਟਲ ਪ੍ਰਕਿਰਿਆ ਦੀ ਭੂਮਿਕਾ ਹੋਰ ਵਧਣ ਦੀ ਸੰਭਾਵਨਾ ਹੈ।

ਯੂ.ਐੱਸ.ਸੀ.ਆਈ.ਐੱਸ. ਨੇ ਇਸ ਕਦਮ ਨੂੰ ਸਿਰਫ ਪ੍ਰਕਿਰਿਆ ਨੂੰ ਆਧੁਨਿਕ ਬਣਾਉਣ ਨਾਲ ਹੀ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਨਾਲ ਵੀ ਜੋੜਿਆ ਹੈ। ਡਿਜ਼ੀਟਲ ਪ੍ਰਕਿਰਿਆ ਰਾਹੀਂ ਜਾਣਕਾਰੀ ਦੀ ਜਾਂਚ, ਰਿਕਾਰਡ ਸੰਭਾਲਣ ਅਤੇ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਦਾ ਉਦੇਸ਼ ਦੱਸਿਆ ਗਿਆ ਹੈ।

ਇਸ ਲਈ ਜਿਹੜੇ ਲੋਕ ਗ੍ਰੀਨ ਕਾਰਡ, ਪਰਿਵਾਰਕ ਇਮੀਗ੍ਰੇਸ਼ਨ, ਰੁਜ਼ਗਾਰ-ਆਧਾਰਿਤ ਇਮੀਗ੍ਰੇਸ਼ਨ ਜਾਂ ਹੋਰ ਯੂ.ਐੱਸ.ਸੀ.ਆਈ.ਐੱਸ. ਅਰਜ਼ੀਆਂ ਦਾਖਲ ਕਰਨ ਦੀ ਤਿਆਰੀ ਕਰ ਰਹੇ ਹਨ, ਉਨ੍ਹਾਂ ਨੂੰ ਆਪਣੇ ਖਾਸ ਫਾਰਮ ਦੀ ਤਾਜ਼ਾ ਫਾਈਲਿੰਗ ਹਦਾਇਤ ਜ਼ਰੂਰ ਜਾਂਚਣੀ ਚਾਹੀਦੀ ਹੈ। ਜਦੋਂ ਤੱਕ ਯੂ.ਐੱਸ.ਸੀ.ਆਈ.ਐੱਸ. ਕਿਸੇ ਖਾਸ ਫਾਰਮ ਲਈ ਲਾਜ਼ਮੀ ਇਲੈਕਟ੍ਰਾਨਿਕ ਫਾਈਲਿੰਗ ਦੀ ਤਾਰੀਖ ਦਾ ਐਲਾਨ ਨਹੀਂ ਕਰਦਾ, ਮੌਜੂਦਾ ਅਧਿਕਾਰਤ ਹਦਾਇਤਾਂ ਅਨੁਸਾਰ ਹੀ ਅਰਜ਼ੀ ਦਾਖਲ ਕਰਨੀ ਚਾਹੀਦੀ ਹੈ।

ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਇਹ ਖ਼ਬਰ ਗ੍ਰੀਨ ਕਾਰਡ ਦੀ ਯੋਗਤਾ ਦੇ ਨਿਯਮ ਬਦਲਣ ਬਾਰੇ ਨਹੀਂ, ਸਗੋਂ ਮੁੱਖ ਤੌਰ 'ਤੇ ਅਰਜ਼ੀ ਦਾਖਲ ਕਰਨ ਦੇ ਤਰੀਕੇ ਨੂੰ ਡਿਜ਼ੀਟਲ ਬਣਾਉਣ ਬਾਰੇ ਹੈ। ਇਸ ਲਈ ਇਸਨੂੰ ਗ੍ਰੀਨ ਕਾਰਡ ਪ੍ਰੋਗਰਾਮ ਬੰਦ ਹੋਣ ਜਾਂ ਗ੍ਰੀਨ ਕਾਰਡ ਮਿਲਣ ਦੇ ਨਿਯਮ ਤੁਰੰਤ ਬਦਲ ਜਾਣ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ।

ਇਮੀਗ੍ਰੇਸ਼ਨ ਨਿਯਮਾਂ ਵਿਚ ਹੋ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ ਸਹੀ ਅਤੇ ਪ੍ਰਮਾਣਿਤ ਜਾਣਕਾਰੀ ਰੱਖਣਾ ਬਹੁਤ ਜ਼ਰੂਰੀ ਹੈ।

ਸਫਾ 1 ਦਾ ਬਾਕੀ

## ਓਹਾਇਓ ਕਤਲ ਮਾਮਲਾ : ਗੁਰਪ੍ਰੀਤ ਸਿੰਘ ਦੀ ਮੌਤ ਦੀ ਸਜ਼ਾ ਖਿਲਾਫ਼...

ਇਸ ਲਈ ਇਹ ਕਹਿਣਾ ਅਜੇ ਸਹੀ ਨਹੀਂ ਹੋਵੇਗਾ ਕਿ ਓਹਾਇਓ ਸੁਪਰੀਮ ਕੋਰਟ ਨੇ ਗੁਰਪ੍ਰੀਤ ਸਿੰਘ ਨੂੰ ਨਵਾਂ ਟ੍ਰਾਇਲ ਦੇ ਦਿੱਤਾ ਹੈ। ਇਸ ਵੇਲੇ ਸਹੀ ਸਥਿਤੀ ਇਹ ਹੈ ਕਿ ਉਸਨੇ ਆਪਣੀ ਦੋਸ਼ਸਿੱਧੀ ਅਤੇ ਮੌਤ ਦੀ ਸਜ਼ਾ ਖ਼ਿਲਾਫ਼ ਅਪੀਲ ਕੀਤੀ ਹੈ ਅਤੇ ਨਵਾਂ ਟ੍ਰਾਇਲ ਉਸ ਵੱਲੋਂ ਮੰਗੀ ਜਾ ਰਹੀ ਰਾਹਤ ਵਿਚ ਸ਼ਾਮਲ ਹੈ। ਸੁਪਰੀਮ ਕੋਰਟ ਨੇ ਦਲੀਲਾਂ ਸੁਣੀਆਂ ਹਨ; ਅੰਤਿਮ ਫ਼ੈਸਲਾ ਅਜੇ ਆਉਣਾ ਬਾਕੀ ਹੈ। ਅਦਾਲਤ ਦੇ ਫ਼ੈਸਲੇ ਨਾਲ ਇਹ ਤੈਅ ਹੋਵੇਗਾ ਕਿ ਗੁਰਪ੍ਰੀਤ ਸਿੰਘ ਦੀ ਦੋਸ਼ਸਿੱਧੀ ਅਤੇ ਮੌਤ ਦੀ ਸਜ਼ਾ ਬਰਕਰਾਰ ਰਹੇਗੀ, ਕੇਸ ਵਿਚ ਕੋਈ ਹੋਰ ਕਾਨੂੰਨੀ ਰਾਹਤ ਮਿਲੇਗੀ ਜਾਂ ਨਵੇਂ ਟ੍ਰਾਇਲ ਵੱਲ ਰਸਤਾ ਖੁੱਲ੍ਹੇਗਾ।

ਸਫਾ 1 ਦਾ ਬਾਕੀ

## ਅਮਰੀਕਾ 'ਚ ਡਿਪਲੋਮੈਟਾਂ ਦੇ ਬੱਚਿਆਂ ਦਾ ਭਵਿੱਖ ਧੁੰਦਲਾ...

ਇਹ ਆਮ ਪਰਿਵਾਰਕ ਜਾਂ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਪ੍ਰਕਿਰਿਆ ਤੋਂ ਵੱਖਰੀ ਵਿਵਸਥਾ ਹੈ ਅਤੇ ਇਸ ਲਈ ਸੰਘੀ ਇਮੀਗ੍ਰੇਸ਼ਨ ਨਿਯਮ ਲਾਗੂ ਹੁੰਦੇ ਹਨ।

ਇਸ ਦੇ ਨਾਲ ਯੂ.ਐੱਸ.ਸੀ.ਆਈ.ਐੱਸ. ਨੇ ਇੱਕ ਮਹੱਤਵਪੂਰਨ ਅਪਵਾਦ ਵੀ ਸਪੱਸ਼ਟ ਕੀਤਾ ਹੈ। ਜੇ ਅਮਰੀਕਾ ਵਿਚ ਜਨਮੇ ਬੱਚੇ ਦਾ ਇੱਕ ਮਾਪਾ ਮਾਨਤਾ ਪ੍ਰਾਪਤ ਵਿਦੇਸ਼ੀ ਡਿਪਲੋਮੈਟ ਹੈ ਪਰ ਦੂਜਾ ਮਾਪਾ ਅਮਰੀਕੀ ਨਾਗਰਿਕ ਹੈ ਅਤੇ ਲਾਗੂ ਨਾਗਰਿਕਤਾ ਕਾਨੂੰਨ ਅਧੀਨ ਬੱਚਾ ਜਨਮ ਤੋਂ ਹੀ ਅਮਰੀਕੀ ਨਾਗਰਿਕ ਬਣਦਾ ਹੈ, ਤਾਂ ਉਹ ਬੱਚਾ ਇਸ ਵਿਸ਼ੇਸ਼ ਡਿਪਲੋਮੈਟ-ਬੱਚਾ ਪ੍ਰਕਿਰਿਆ ਰਾਹੀਂ ਗ੍ਰੀਨ ਕਾਰਡ ਲਈ ਰਜਿਸਟਰ ਨਹੀਂ ਕਰ ਸਕਦਾ, ਕਿਉਂਕਿ ਉਹ ਪਹਿਲਾਂ ਹੀ ਅਮਰੀਕੀ ਨਾਗਰਿਕ ਹੈ।

ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਹੈ ਕਿ ਇਹ ਤਬਦੀਲੀ ਤੁਰੰਤ ਪ੍ਰਭਾਵ ਨਾਲ ਲਾਗੂ ਹੈ ਅਤੇ ਪ੍ਰਕਾਸ਼ਨ ਦੀ ਤਾਰੀਖ ਨੂੰ ਬਕਾਇਆ ਪਏ ਜਾਂ ਉਸ ਤੋਂ ਬਾਅਦ ਦਾਇਰ ਕੀਤੇ ਜਾਣ ਵਾਲੇ ਸਬੰਧਤ ਮਾਮਲਿਆਂ 'ਤੇ ਲਾਗੂ ਹੋਵੇਗੀ। ਨਵੀਂ ਹਦਾਇਤ ਪਹਿਲਾਂ ਦੀ ਇਸ ਵਿਸ਼ੇ ਨਾਲ ਸਬੰਧਤ ਯੂ.ਐੱਸ.ਸੀ.ਆਈ.ਐੱਸ. ਨੀਤੀ ਦੀ ਥਾਂ ਲਵੇਗੀ।

ਇਸ ਅਪਡੇਟ ਦਾ ਮੁੱਖ ਮਕਸਦ ਕੋਈ ਨਵੀਂ ਵੱਡੀ ਇਮੀਗ੍ਰੇਸ਼ਨ ਸ਼੍ਰੇਣੀ ਬਣਾਉਣਾ ਨਹੀਂ, ਸਗੋਂ ਮੌਜੂਦਾ ਕਾਨੂੰਨੀ ਨਿਯਮਾਂ ਨੂੰ ਸਪੱਸ਼ਟ ਕਰਨਾ ਅਤੇ ਹੁਣ ਬੰਦ ਹੋ ਚੁੱਕੀ "ਬਲੂ ਲਿਸਟ" ਦੇ ਹਵਾਲਿਆਂ ਨੂੰ ਯੂ.ਐੱਸ.ਸੀ.ਆਈ.ਐੱਸ. ਪਾਲਿਸੀ ਮੈਨੂਅਲ ਵਿਚੋਂ ਹਟਾਉਣਾ ਹੈ।

# ਕੀ ਅਸਲ ਵਿਚ ਅਸੀਂ ਆਜ਼ਾਦ ਹਾਂ?

ਰਚਨਾ
ਅਧਿਆਪਿਕਾ, ਲੁਧਿਆਣਾ
ਪੰਜਾਬ ਮੇਲ USA



"ਆਜ਼ਾਦੀ ਦਾ ਅਰਥ ਕੇਵਲ ਗੁਲਾਮੀ ਦੀਆਂ ਬੇੜੀਆਂ ਤੋਂ ਮੁਕਤ ਹੋਣਾ ਨਹੀਂ, ਬਲਕਿ ਆਪਣੀ ਸੋਚ, ਕਰਮ ਅਤੇ ਸਮਾਜ ਨੂੰ ਬੰਧਨਾਂ ਤੋਂ ਮੁਕਤ ਕਰਨਾ ਵੀ ਹੈ।"

15 ਅਗਸਤ, 1947 ਦਾ ਉਹ ਦਿਨ ਜਦੋਂ ਅਣਗਿਣਤ ਕੁਰਬਾਨੀਆਂ ਤੋਂ ਬਾਅਦ ਭਾਰਤ ਨੇ ਆਜ਼ਾਦੀ ਦਾ ਜਸ਼ਨ ਮਨਾਇਆ ਸੀ, ਆਪਣੇ ਸੁਪਨਿਆਂ ਨੂੰ ਹਕੀਕਤ ਦਾ ਜਾਮਾ ਪਹਿਨਾਇਆ ਸੀ ਅਤੇ ਪੂਰੀ ਆਨ-ਬਾਨ-ਸ਼ਾਨ ਨਾਲ ਤਿਰੰਗਾ ਲਹਿਰਾਇਆ ਸੀ। ਅੱਜ ਵੀ ਅਸੀਂ ਹਰ ਸਾਲ ਆਜ਼ਾਦੀ ਦਾ ਜਸ਼ਨ ਮਨਾਉਂਦੇ ਹਾਂ। ਦੇਸ਼-ਭਗਤੀ ਦੇ ਗੀਤ ਗਾਉਂਦੇ ਹਾਂ ਅਤੇ ਆਪਣੇ ਵੀਰਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ। ਪਰ ਹੁਣ ਵੀ ਮਨ ਵਿਚ ਇਕ ਸਵਾਲ ਵਾਰ-ਵਾਰ ਉੱਠਦਾ ਹੈ — ਕੀ ਅਸਲ ਵਿਚ ਅਸੀਂ ਆਜ਼ਾਦ ਹਾਂ?

ਕੀ ਸਿਰਫ਼ ਗੁਲਾਮੀ ਦੀਆਂ ਬੇੜੀਆਂ ਕੱਟ ਦੇਣਾ ਹੀ ਆਜ਼ਾਦੀ ਹੈ? ਕੀ ਆਜ਼ਾਦ ਭਾਰਤ ਵਿਚ ਸਾਡੀ ਸੋਚ ਵੀ ਆਜ਼ਾਦ ਹੈ? ਕੀ ਅਸੀਂ ਮਾਨਸਿਕ ਅਤੇ ਆਰਥਿਕ ਤੌਰ 'ਤੇ ਸੰਤੁਸ਼ਟ ਹਾਂ? ਕਹਿਣ ਨੂੰ ਤਾਂ ਸਾਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੈ, ਪਰ ਕੀ ਸਾਨੂੰ ਆਪਣੀ ਜ਼ਿੰਦਗੀ ਖ਼ੁਦ ਚੁਣਨ ਦਾ ਅਧਿਕਾਰ ਹੈ? ਆਜ਼ਾਦ ਭਾਰਤ ਵਿਚ ਵੀ ਅਸੀਂ ਅੱਜ ਵੀ ਧਰਮ ਅਤੇ ਜਾਤ-ਪਾਤ ਦੇ ਨਾਂ 'ਤੇ ਲੜ ਰਹੇ ਹਾਂ। ਇੱਥੋਂ ਤੱਕ ਕਿ ਭ੍ਰਿਸ਼ਟਾਚਾਰ, ਗਰੀਬੀ ਅਤੇ ਮਹਿੰਗਾਈ ਵਰਗੀਆਂ ਸਮੱਸਿਆਵਾਂ ਤੋਂ ਤਾਂ ਸਾਨੂੰ ਆਜ਼ਾਦੀ ਮਿਲੀ ਹੀ ਨਹੀਂ। ਕੁਰਬਾਨੀਆਂ ਦੀ ਨੀਂਹ 'ਤੇ ਮਿਲੀ ਆਜ਼ਾਦੀ ਨੂੰ ਅਸੀਂ ਜੀਅ ਰਹੇ ਹਾਂ, ਆਜ਼ਾਦ ਭਾਰਤ ਵਿਚ ਸਾਹ ਲੈ ਰਹੇ ਹਾਂ, ਪਰ ਆਪਣੇ ਆਪ ਨਾਲ ਹੋ ਰਹੀ ਲੜਾਈ ਤੋਂ ਆਜ਼ਾਦ ਹੋਣ ਦਾ ਰਾਹ ਤਾਂ ਨਜ਼ਰ ਹੀ ਨਹੀਂ ਆ ਰਿਹਾ।



ਅੱਜ ਅਸੀਂ ਤਕਨਾਲੋਜੀ ਦੇ ਯੁੱਗ ਵਿਚ ਹਾਂ, ਪਰ ਕਈ ਵਾਰ ਤਕਨਾਲੋਜੀ ਹੀ ਸਾਡੀ ਆਜ਼ਾਦੀ 'ਤੇ ਹਾਵੀ ਹੋ ਜਾਂਦੀ ਹੈ। ਮੋਬਾਈਲ ਅਤੇ ਸੋਸ਼ਲ ਮੀਡੀਆ ਦੀ ਬੇਹੱਦ ਵਰਤੋਂ ਨੇ ਸਾਨੂੰ ਆਪਣੀਆਂ ਇੱਛਾਵਾਂ ਅਤੇ ਸਮੇਂ ਦਾ ਗੁਲਾਮ ਬਣਾ ਦਿੱਤਾ ਹੈ। ਅਸੀਂ ਇਸ ਸੱਚਾਈ ਤੋਂ ਅਣਜਾਣ ਹਾਂ ਕਿ ਇਸ ਨੇ ਸਾਨੂੰ ਆਪਣੀ ਹੀ ਸੋਚ ਵਿਚ ਕੈਦ ਕਰ ਦਿੱਤਾ ਹੈ। ਅਜੇ ਵੀ ਸਹੀ ਅਰਥਾਂ ਵਿਚ ਅਸੀਂ ਆਪਣੀ ਸੋਚ ਤੋਂ ਆਜ਼ਾਦ ਨਹੀਂ ਹੋ ਸਕੇ।

ਕਿਤੇ ਵੀ ਕੁਝ ਗਲਤ ਹੁੰਦਾ ਦੇਖਦੇ ਹਾਂ, ਜਾਂ ਤਾਂ ਉੱਥੋਂ ਚਲੇ ਜਾਂਦੇ ਹਾਂ ਜਾਂ ਚੁੱਪ ਧਾਰ ਲੈਂਦੇ ਹਾਂ। ਅਸੀਂ ਉਦੋਂ ਹੀ ਪੂਰੀ ਤਰ੍ਹਾਂ ਆਜ਼ਾਦ ਹੋਵਾਂਗੇ, ਜਦੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਾਂਗੇ, ਗਲਤ ਨੂੰ ਗਲਤ ਕਹਾਂਗੇ ਅਤੇ ਸਹੀ ਫ਼ੈਸਲਾ ਲਵਾਂਗੇ।

ਹਰ ਵਿਅਕਤੀ ਨੂੰ ਸਿੱਖਿਆ ਅਤੇ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਕਿਸੇ ਦੇ ਅੱਗੇ ਹੱਥ ਨਾ ਫੈਲਾਉਣੇ ਪੈਣ, ਇਹੀ ਸੱਚੀ ਆਜ਼ਾਦੀ ਦੀ ਨਿਸ਼ਾਨੀ ਹੋਵੇਗੀ। ਅਸਲੀ ਆਜ਼ਾਦੀ ਸਿਰਫ਼ ਮਨਮਾਨੀ ਕਰਨਾ ਨਹੀਂ, ਆਪਣੇ ਅਧਿਕਾਰਾਂ ਦੀ ਗੱਲ ਕਰਨਾ ਹੀ ਨਹੀਂ, ਸਗੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਣਾ ਵੀ ਹੈ। ਦੇਸ਼ ਨੂੰ ਸਾਫ਼-ਸੁਥਰਾ ਰੱਖਣਾ, ਕੁਦਰਤ ਦੀ ਰੱਖਿਆ ਕਰਨਾ, ਨਿਯਮਾਂ ਦੀ ਪਾਲਣਾ ਕਰਨਾ, ਵੱਡਿਆਂ ਦਾ ਸਤਿਕਾਰ ਕਰਨਾ ਅਤੇ ਤੰਗ ਸੋਚ ਦੇ ਦਾਇਰੇ ਤੋਂ ਬਾਹਰ ਨਿਕਲਣਾ ਹੀ ਸੱਚੀ ਆਜ਼ਾਦੀ ਹੈ। ਭਾਰਤ ਆਜ਼ਾਦ ਹੈ, ਪਰ ਅਸਲੀ ਆਜ਼ਾਦੀ ਦੀ ਯਾਤਰਾ ਅਜੇ ਖ਼ਤਮ ਨਹੀਂ ਹੋਈ। ਕੇਵਲ ਤਿਰੰਗਾ ਲਹਿਰਾਉਣਾ ਹੀ ਆਜ਼ਾਦੀ ਨਹੀਂ, ਉਸ ਤਿਰੰਗੇ ਦਾ ਦਿਲੋਂ ਸਤਿਕਾਰ ਕਰਨਾ ਵੀ ਜ਼ਰੂਰੀ ਹੈ। ਜਿਸ ਦਿਨ ਅਸੀਂ ਆਪਣੇ ਅੰਦਰਲੇ ਰਾਵਣ 'ਤੇ ਜਿੱਤ ਪ੍ਰਾਪਤ ਕਰ ਲਵਾਂਗੇ, ਆਲੋਚਨਾ ਦੀ ਬਜਾਏ ਸੁਝਾਅ ਦੇਵਾਂਗੇ, ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਦਾਖਲਾ ਅਤੇ ਨੌਕਰੀ ਦੇ ਮੌਕੇ ਮਿਲਣਗੇ ਅਤੇ ਉਹ ਵਿਦੇਸ਼ ਜਾ ਕੇ ਰਹਿਣ ਦੀ ਸੋਚ ਨੂੰ ਤਿਆਗ ਦੇਣਗੇ, ਬਿਨਾਂ ਕਿਸੇ ਡਰ ਦੇ ਆਪਣੇ ਵੇਖੇ ਹੋਏ ਸੁਪਨਿਆਂ ਨੂੰ ਪੂਰਾ ਕਰਨ ਲਈ ਉਡਾਣ ਭਰਨਗੇ, ਸਾਰੇ ਸਨਮਾਨ ਨਾਲ ਆਪਣੀ ਜ਼ਿੰਦਗੀ ਜੀਣਗੇ ਅਤੇ ਹਰ ਚਿਹਰੇ 'ਤੇ ਮੁਸਕਾਨ ਹੋਵੇਗੀ, ਨਿਡਰਤਾ ਦੀ ਚਮਕ ਹੋਵੇਗੀ, ਆਤਮ-ਵਿਸ਼ਵਾਸ ਦੀ ਝਲਕ ਹੋਵੇਗੀ ਅਤੇ ਸੋਚ ਦਾ ਦਾਇਰਾ ਵਿਸ਼ਾਲ ਹੋਵੇਗਾ, ਉਸ ਦਿਨ ਸਹੀ ਮਾਇਨੇ ਵਿਚ ਭਾਰਤ ਆਜ਼ਾਦ ਹੋਵੇਗਾ। ਤੇ ਇਸਦੇ ਲਈ ਸਾਨੂੰ ਇਕਜੁੱਟ ਹੋਣਾ ਪਵੇਗਾ।

# "ਆਜ਼ਾਦੀ ਦਿਵਸ"

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA



15 ਅਗਸਤ ਨੂੰ ਅਸੀਂ ਸੁੱਖ ਨਾਲ 79ਵਾਂ ਆਜ਼ਾਦੀ ਦਿਵਸ ਮਨਾ ਰਹੇ ਹਾਂ। ਇਸ ਮੌਕੇ ਸਭ ਨੂੰ ਮੁਬਾਰਕਾਂ ਪੇਸ਼ ਕਰਦਾ ਹਾਂ ਅਤੇ ਬੜੀ ਸ਼ਿੱਦਤ ਨਾਲ ਅੰਦਰ ਝਾਤੀਆਂ ਮਾਰਦਾ ਹਾਂ ਕਿ ਕੀ ਮੈਂ ਸੱਚੇ ਦਿਲੋਂ ਮੁਬਾਰਕਾਂ ਦੇ ਰਿਹਾ ਹਾਂ, ਤਾਂ ਅੰਦਰੋਂ ਅਵਾਜ਼ ਆਉਂਦੀ ਹੈ ਕਿ ਵਧਾਈ ਤਾਂ ਸੋਲਾਂ ਆਨੇ ਸੱਚ ਹੈ ਪਰ ਆਜ਼ਾਦੀ ਦਾ ਮਕਸਦ ਪੂਰਾ ਨਾ ਹੋਣ ਦਾ ਸ਼ਿਕਵਾ ਵੀ ਹੈ। ਸਭ ਤੋਂ ਪਹਿਲੀ ਗੱਲ ਤਾਂ ਪੌਣੀ ਸਦੀ ਬੀਤ ਜਾਣ ਬਾਅਦ ਵੀ ਦੇਸ਼ ਦੀ ਪੂਰੀ ਜਨਤਾ ਕੋਲ ਸਿਰ 'ਤੇ ਛੱਤ ਨਹੀਂ, ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਸਕੂਲ, ਹਸਪਤਾਲ, ਪੂਰੀ ਸਰਕਾਰੀ ਟ੍ਰਾਂਸਪੋਰਟ, ਰੇਲਵੇ ਸਟੇਸ਼ਨਾਂ ਉਤੇ ਪਾਣੀ ਪੀਣ ਵਾਲੇ ਪਿਆਉ, ਬਾਥਰੂਮ, ਵਿਸ਼ਰਾਮ ਘਰ, ਪਖਾਨੇ ਤਰਸਯੋਗ ਹਾਲਤ ਵਿਚ ਹਨ। ਰੇਲ ਗੱਡੀ ਦੀਆਂ ਜਨਰਲ ਬੋਘੀਆਂ ਅੱਸੀ ਸੀਟਾਂ ਅਤੇ ਤਿੰਨ ਸੌ ਸਵਾਰੀਆਂ ਵੇਖ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਅਸੀਂ ਕਿਸ ਦੁਨੀਆਂ ਵਿਚ ਰਹਿ ਰਹੇ ਹਾਂ? ਇੱਕੋ ਸੜਕ ਹੋਣ ਦੇ ਬਾਵਜੂਦ ਉਸ ਉੱਪਰ ਏਨੇ ਮਹਿੰਗੇ ਟੋਲ ਪਲਾਜ਼ਾ, ਓ ਮਾਈ ਗਾਡ। ਪੂਰੀ ਪਬਲਿਕ ਕੋਲ ਬਿਜਲੀ ਨਹੀਂ, ਜਿਥੇ ਹੈ

24 ਘੰਟੇ ਦੀ ਗਾਰੰਟੀ ਨਹੀਂ। ਪੂਰੇ ਅਵਾਮ ਕੋਲ ਇੰਟਰਨੈੱਟ ਨਹੀਂ। ਅਜਿਹਾ ਨਹੀਂ ਕਿ ਸਿਰਫ ਅਸੀਂ ਦੁਖੀ ਹਾਂ, ਪਾਕਿਸਤਾਨ ਦੇ ਹਾਲਾਤ ਸਾਡੇ ਤੋਂ ਵੀ ਮਾੜੇ ਹਨ। 1947 ਵੇਲੇ ਡਾਲਰ ਅਤੇ ਰੁਪਿਆ ਬਰਾਬਰ ਸਨ। ਅੱਜ ਡਾਲਰ ਕਿੱਥੇ ਹੈ ਅਤੇ ਰੁਪਏ ਦੀ ਕੀ ਦਸ਼ਾ ਹੈ, ਦੱਸਣ ਦੀ ਲੋੜ ਨਹੀਂ। ਹੇਠ ਲਿਖੀ ਗ਼ਜ਼ਲ ਜਦੋਂ ਇੰਡੋ-ਪਾਕਿ ਮੁਸ਼ਾਇਰੇ ਵਿਚ ਪੜ੍ਹੀ ਗਈ, ਤਾਂ ਜਵਾਹਰ ਲਾਲ ਨਹਿਰੂ ਦੀਆਂ ਅੱਖਾਂ ਵਿਚ ਵੀ ਪਾਣੀ ਆ ਗਿਆ ਸੀ ।



ਸੰਨ 1947 ਦੀ ਵੰਡ ਤੋਂ ਬਾਅਦ ਜਦੋਂ ਹਿੰਦ-ਪਾਕਿ ਦਾ ਪਹਿਲਾ ਮੁਸ਼ਾਇਰਾ ਹੋਇਆ, ਤਾਂ ਉਸਤਾਦ ਦਾਮਨ ਨੇ ਇਹ ਪੰਜਾਬੀ ਗ਼ਜ਼ਲ ਉਸ ਮੁਸ਼ਾਇਰੇ ਵਿਚ ਪੜ੍ਹੀ ਸੀ:-

ਭਾਵੇਂ ਮੂੰਹੋਂ ਨਾ ਕਹੀਏ ਪਰ ਵਿੱਚੋਂ ਵਿੱਚੀ
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ
ਇਨ੍ਹਾਂ ਅਜ਼ਾਦੀਆਂ ਹੱਥੋਂ ਬਰਬਾਦ ਹੋਣਾ
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ
ਕੁਝ ਉਮੀਦ ਏ ਜ਼ਿੰਦਗੀ ਮਿਲ ਜਾਏਗੀ
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ
ਜਿਊਂਦੀ ਜਾਨ ਈ, ਮੌਤ ਦੇ ਮੂੰਹ ਅੰਦਰ
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ
ਲਾਲੀ ਅੱਖੀਆਂ ਦੀ ਪਈ ਦੱਸਦੀ ਏ
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ
(ਉਸਤਾਦ ਦਾਮਨ)

ਹੁਣ ਇਸ ਸਾਰੇ ਕੁਝ ਦੇ ਬੇਹੱਦ ਦੁਖਦਾਈ ਪੰਨੇ ਨੂੰ ਪੜ੍ਹਦੇ ਹਾਂ:-


ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਲੋਕ ਆਮ ਹੀ ਜੰਗਲੀ ਜਾਨਵਰਾਂ ਅਤੇ ਪਰਿੰਦਿਆਂ ਦਾ ਸ਼ਿਕਾਰ ਕਰਦੇ ਹੁੰਦੇ ਸਨ। ਵੱਡੇ ਸ਼ਿਕਾਰੀ ਵੱਡਾ ਸ਼ਿਕਾਰ ਕਰਦੇ ਤੇ ਆਮ ਦਰਜੇ ਦੇ ਲੋਕ ਪ੍ਰਵਾਸੀ ਪੰਛੀਆਂ, ਤਿੱਤਰ, ਬਟੇਰੇ, ਕਬੂਤਰ, ਘੁੱਗੀਆਂ ਦਾ ਸ਼ਿਕਾਰ ਕਰਦੇ ਸਨ। ਜਦੋਂ ਕੋਈ ਸ਼ਿਕਾਰੀ ਦਾਣੇ ਚੁਗਦੇ ਕਬੂਤਰਾਂ 'ਤੇ ਫਾਇਰ ਕਰਦਾ, ਤਾਂ ਕੁਝ ਕਾਂ ਜਾਂ ਤੋਤੇ ਆਦਿ ਜਿਨ੍ਹਾਂ ਨੂੰ ਖਾਧਾ ਨਹੀਂ ਜਾਂਦਾ, ਮਰ ਜਾਂਦੇ ਤਾਂ ਸ਼ਿਕਾਰੀ ਉਨ੍ਹਾਂ ਮ੍ਰਿਤਕ ਪੰਛੀਆਂ ਨੂੰ ਕਹਿੰਦੇ, ਮੁਆਫ਼ ਕਰਿਉ ਤੁਹਾਨੂੰ ਮਾਰਨ ਦਾ ਕੋਈ ਇਰਾਦਾ ਨਹੀਂ ਸੀ, ਗਲਤੀ ਨਾਲ ਮਾਰੇ ਗਏ ਹੋ। ਹੁਣ ਇਨਸਾਨੀਅਤ ਵੇਖੋ, ਪੰਛੀ ਵਾਸਤੇ ਸਾਡੇ ਕੋਲ ਅਫਸੋਸ ਹੈ ਪਰ ਦੇਸ਼ ਦੀ ਵੰਡ ਵੇਲੇ ਦੋਵੇਂ ਫਿਰਕਿਆਂ ਦਾ ਦਸ ਲੱਖ ਬੰਦਾ ਮਾਰਿਆ ਗਿਆ, ਉਸ ਵਾਸਤੇ ਸਾਡੇ ਲੀਡਰਾਂ ਨੂੰ ਦੋ ਲਫਜ਼ ਅਫ਼ਸੋਸ ਦੇ ਵੀ ਨਾ ਜੁੜੇ। ਜਿਨ੍ਹਾਂ ਦੇ ਪ੍ਰੀਵਾਰ ਉੱਜੜ ਗਏ, ਉਨ੍ਹਾਂ ਨੂੰ ਪੁੱਛੋ ਕੀ ਭਾਅ ਪਈ ਆਜ਼ਾਦੀ?

ਖੈਰ! ਆਉ ਇਨ੍ਹਾਂ ਕੌੜੀਆਂ ਮਿੱਠੀਆਂ ਗੱਲਾਂ ਤੋਂ ਫਾਰਗ ਹੋ ਕੇ ਆਉਣ ਵਾਲੇ ਕੱਲ੍ਹ ਨੂੰ ਸਵਾਰਨ ਦਾ ਯਤਨ ਕਰੀਏ। ਉਨ੍ਹਾਂ ਫਿਰਕੂ ਤਾਕਤਾਂ ਤੋਂ ਬਚੀਏ, ਜੋ ਹਰ ਵੇਲੇ ਹਿੰਦੂ, ਸਿੱਖ, ਮੁਸਲਿਮ ਵਿਚ ਫੁੱਟ ਪਾ ਕੇ ਆਪਣਾ ਉੱਲੂ ਸਿੱਧਾ ਕਰਨ ਦੀ ਤਾਕ ਵਿਚ ਹਨ।

# ਪੰਜਾਬੀ ਸਿਨੇਮਾ ਤੇ 47 ਦੀ ਵੰਡ

ਅੰਗਰੇਜ ਸਿੰਘ
ਵਿਰਦੀ
ਮੋਬਾਇਲ : 94646-28857
ਪੰਜਾਬ ਮੇਲ USA






ਪੰਜਾਬੀ ਸਿਨੇਮਾਂ ਕਲਾ ਦਾ ਇੱਕ ਐਸਾ ਖੇਤਰ ਜਿਸ ਬਾਰੇ ਲਿਖਣ ਤੇ ਜਾਨਣ ਦੀ ਮੇਰੀ ਉਤਸੁਕਤਾ ਹਮੇਸ਼ਾ ਹੀ ਬਣੀ ਰਹੀ ਹੈ। ਮੇਰੇ ਵਾਂਗ ਹੀ ਪੰਜਾਬੀ ਸਿਨੇਮਾਂ ਬਾਰੇ ਜਾਨਣ ਦੀ ਇੱਛਾ ਹਰ ਉਸ ਸ਼ਕਸ਼ ਦੀ ਹੋਵੇਗੀ, ਜੋ ਕਲਾ ਦੇ ਇਸ ਖੇਤਰ ਨੂੰ ਪਿਆਰ ਕਰਦਾ ਹੈ, ਜੋ ਪੰਜਾਬੀ ਜ਼ੁਬਾਨ, ਪੰਜਾਬੀ ਰਹਿਤਲ ਅਤੇ ਪੰਜਾਬੀਅਤ ਨੂੰ ਪਿਆਰ ਕਰਦਾ ਹੈ, ਜੋ ਸਿਨੇ ਪਰਦੇ ’ਤੇ ਪੰਜਾਬੀਅਤ ਨੂੰ ਪੇਸ਼ ਕਰਦੀਆਂ ਪੰਜਾਬੀ ਲੋਕ ਸੰਗੀਤ ਨਾਲ ਲਬਰੇਜ਼, ਪੰਜਾਬੀ ਅਦਬ ਨੂੰ ਆਪਣੇ ਵਿਚ ਸਮੇਟੀ, ਪੰਜਾਬ ਦੀ ਮਿੱਟੀ ਦੀਆਂ, ਪੰਜਾਬ ਦੇ ਲੋਕਾਂ ਦੀਆਂ ਬਾਤਾਂ ਪਾਉਂਦੀਆਂ ਪੰਜਾਬੀ ਫ਼ਿਲਮਾਂ ਨੂੰ ਵੇਖ ਕੇ ਖੁਸ਼ ਹੁੰਦਾ ਹੈ। ਪਰ ਪੰਜਾਬ ਵਾਂਗ ਪੰਜਾਬੀ ਸਿਨੇਮੇ ਨੇ ਵੀ ਮੁੱਢ ਤੋਂ ਈ ਸੰਤਾਪ ਹੰਢਾਇਆ ਹੈ। 1947 ਦੀ ਵੰਡ ਨੇ ਪੰਜਾਬ ਦੇ ਦੋ ਟੋਟੇ ਕਰ ਦਿੱਤੇ ਤੇ ਪੰਜਾਬ ਦੇ ਸੀਨੇ ’ਤੇ ਖਿੱਚੀ ਲਕੀਰ ਨੇ ਸਦਾ ਲਈ ਪੰਜਾਬ ਨੂੰ ਦੋ ਹਿੱਸਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਵੰਡ ਦਿੱਤਾ। ਇਸੇ 47 ਦੀ ਵੰਡ ਨੇ ਪੰਜਾਬ ਦੇ ਨਾਲ ਪੰਜਾਬੀ ਸਿਨੇਮੇ ਦੇ ਵੀ ਦੋ ਟੋਟੇ ਕਰ ਦਿੱਤੇ। ਸਾਂਝੇ ਪੰਜਾਬ ਦਾ ਪੰਜਾਬੀ ਸਿਨੇਮਾ ਜੋ ਅਜੇ ਆਪਣੀਆਂ ਮਹਿਕਾਂ ਬਿਖੇਰਨ ਹੀ ਲੱਗਾ ਸੀ, ਸਦਾ ਲਈ ਦੋ ਹਿੱਸਿਆਂ ਭਾਰਤੀ ਪੰਜਾਬੀ ਸਿਨੇਮਾ ਤੇ ਪਾਕਿਸਤਾਨੀ ਪੰਜਾਬੀ ਸਿਨੇਮਾ ਵਿਚ ਵੰਡਿਆ ਗਿਆ। ਵੰਡ ਤੋਂ ਬਾਅਦ ਦੋਵੇ ਪਾਸਿਆਂ ਦੇ ਪੰਜਾਬੀ ਸਿਨੇਮੇ ਨੂੰ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਲੰਬੀ ਜਦੋ-ਜਹਿਦ ਕਰਨੀ ਪਈ। ਭਾਰਤੀ ਪੰਜਾਬੀ ਸਿਨੇਮਾ ਤਾਂ ਆਪਣਾ ਸਥਾਈ ਘਰ ਈ ਗਵਾ ਬੈਠਾ, ਵੱਸਿਆ ਵਸਾਇਆ ਲਾਹੌਰ ਸ਼ਹਿਰ ਸਾਥੋਂ ਸਦਾ ਲਈ ਵਿੱਛੜ ਗਿਆ। ਵੰਡ ਨੇ ਪੰਜਾਬੀ ਸਿਨੇਮੇ ਨੂੰ ਬਰਬਾਦ ਕਰਕੇ ਰੱਖ ਦਿੱਤਾ ਸੀ। ਸਾਰੀ ਦੁਨੀਆਂ ਜਾਣਦੀ ਹੈ ਕਿ ਪੰਜਾਬੀਆਂ ਦੇ ਖ਼ੂਨ ਵਿਚ ਦੱਬ ਕੇ ਮਿਹਨਤ ਕਰਨਾ, ਹਰ ਹਾਲ ਵਿਚ ਸੰਘਰਸ਼ ਕਰਨਾ, ਜ਼ਿੰਦਗੀ ਵਿਚ ਕਦੇ ਹਾਰ ਨਾ ਮੰਨਣ ਦਾ ਜ਼ਜਬਾ ਕੁੱਟ-ਕੁੱਟ ਕੇ ਭਰਿਆ ਹੈ। ਇਤਿਹਾਸ ਦੇ ਪੰਨਿਆਂ ਨੂੰ ਫਰੋਲਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਜਾਏ ਹਮੇਸ਼ਾ ਆਪਣੇ ’ਤੇ ਆਈ ਹਰ ਮੁਸੀਬਤ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਆਏ ਹਨ ਤੇ ਇਹ ਹਰ ਔਖੀ ਘੜੀ ਵਿਚ ਕਦੇ ਹਿੰਮਤ ਨਹੀਂ ਹਾਰਦੇ। ਸੋ ਦਿਲਾਂ ਵਿਚ ਇਹੋ ਜ਼ਜ਼ਬਾ ਲੈ ਕੇ ਪੰਜਾਬੀ ਸਿਨੇਮੇ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਵੀ ਪੰਜਾਬੀ ਕਲਾਕਾਰਾਂ ਨੇ, ਪੰਜਾਬੀ ਲੇਖਕਾਂ, ਗੀਤਕਾਰਾਂ, ਗਾਇਕਾਂ ਅਤੇ ਪੰਜਾਬੀ ਨਿਰਮਾਤਾ ਨਿਰਦੇਸ਼ਕਾਂ ਨੇ ਲੰਬੀਆਂ ਘਾਲਨਾਵਾਂ ਘਾਲੀਆਂ ਤੇ ਵੰਡ ਤੋਂ ਬਾਅਦ ਬਣੇ ਮੁਸ਼ਕਿਲ ਹਾਲਾਤਾਂ ਵਿਚ ਵੀ ਹਿੰਮਤ ਅਤੇ ਬਹਾਦਰੀ ਨਾਲ ਪੰਜਾਬੀ ਸਿਨੇਮੇ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਮਿਸਾਲੀ ਕੰਮ ਕੀਤਾ।

**ਪੰਜਾਬੀ ਸਿਨੇਮੇ ਦਾ ਆਗਾਜ਼:-** ਪੰਜਾਬ ਵਿਚ ਭਾਵੇਂ ਸਿਨੇਮਾ ਵੇਖਣ ਦੀ ਰੀਤ ਕੋਈ 100 ਸਾਲ ਤੋਂ ਵੀ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ਬ੍ਰਿਟਿਸ਼ ਰਾਜ ਵੇਲੇ ਹਿੰਦੀ ਸਿਨੇਮੇ ਨੇ ਸੰਨ 1913 ਵਿਚ ਭਾਰਤ ਵਿਚ ਦਾਦਾ ਸਾਹਿਬ ਫਾਲਕੇ ਦੁਆਰਾ ਬਣਾਈ ਪਹਿਲੀ ਭਾਰਤੀ ਮੂਕ ਫ਼ਿਲਮ ਰਾਜਾ ਹਰੀਸ਼ ਚੰਦਰ ਰਾਹੀਂ ਸਿਨੇ ਪਰਦੇ ’ਤੇ ਦਸਤਕ ਦਿੱਤੀ। ਹਿੰਦੀ ਸਿਨੇਮੇ ਵਾਂਗ ਹੀ ਪੰਜਾਬੀ ਸਿਨੇਮੇ ਨੇ ਵੀ ਆਪਣਾ ਸਫ਼ਰ ਮੂਕ ਫ਼ਿਲਮਾਂ ਤੋਂ ਹੀ ਸ਼ੁਰੂ ਕੀਤਾ। ਸੰਨ 1920 ਦੇ ਦਹਾਕੇ ਦੌਰਾਨ ਬ੍ਰਿਟਿਸ਼ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਪੰਜਾਬੀ ਫ਼ਿਲਮ ਇੰਡਸਟਰੀ ਦਾ ਮੁੱਢ ਬੱਝਦਾ ਹੈ। ਪਹਿਲੀ ਮੂਕ (ਆਵਾਜ਼ ਰਹਿਤ) ਫ਼ਿਲਮ ਡਾਟਰਸ ਆਫ਼ ਟੂਡੇ ਸੰਨ 1924 ਵਿਚ ਲਾਹੌਰ ਵਿਚ ਬਨਣੀ ਸ਼ੁਰੂ ਹੋਈ ਤੇ ਪੈਸੇ ਦੀ ਕਮੀ ਕਰਕੇ ਇਸ ਨੂੰ ਪੂਰਾ ਹੋਣ ’ਤੇ 4 ਸਾਲ ਦਾ ਲੰਬਾ ਵਕਤ ਲੱਗ ਗਿਆ। ਇਹ ਉਹ ਸਮਾਂ ਸੀ, ਜਦੋਂ ਲਾਹੌਰ ਸ਼ਹਿਰ ਵਿਚ ਨੌ ਸਿਨੇਮਾ ਘਰ ਬਣ ਚੁੱਕੇ ਸਨ ਤੇ ਇਨ੍ਹਾਂ ਸਿਨੇਮਾ ਘਰਾਂ ਵਿਚ ਦਿਖਾਈਆਂ ਜਾਣ ਵਾਲੀਆਂ ਮੂਕ ਫ਼ਿਲਮਾਂ ਜ਼ਿਆਦਾਤਰ ਬੰਬਈ (ਮੁੰਬਈ) ਅਤੇ ਕਲਕੱਤਾ ਵਿਚ ਬਣਾਈਆਂ ਜਾਂਦੀਆਂ ਸਨ। ਫ਼ਿਲਮ ਡਾਟਰਸ ਆਫ ਟੂਡੇ 1928 ਵਿਚ ਰਿਲੀਜ਼ ਹੋਈ ਲਾਹੌਰ ਵਿਚ ਬਣੀ ਪਹਿਲੀ ਮੂਕ ਫ਼ਿਲਮ ਸੀ। ਇਸ ਫ਼ਿਲਮ ਦੇ ਨਿਰਮਾਤਾ ਜੀ.ਕੇ. ਮਹਿਤਾ ਜੋ ਉੱਤਰ-ਪੱਛਮੀ ਰੇਲਵੇ ਦੇ ਇੱਕ ਸਾਬਕਾ ਅਧਿਕਾਰੀ ਸਨ, ਦੇ ਦਿਮਾਗ ਦੀ ਉਪਜ ਇਸ ਫ਼ਿਲਮ ਨੂੰ ਨਿਰਦੇਸ਼ਿਤ ਕੀਤਾ ਸੀ ਸ਼ੰਕਰਦੇਵ ਆਰਿਆ ਨੇ। ਫ਼ਿਲਮ ਵਿਚ ਮੁੱਖ ਕਿਰਦਾਰ ਅਦਾ ਕੀਤੇ ਸਨ ਏ.ਆਰ. ਕਾਰਦਾਰ, ਵਿਲਾਇਤ ਬੇਗਮ, ਐੱਮ. ਇਸਮਾਇਲ, ਹੀਰਾ ਲਾਲ ਅਤੇ ਜੀ.ਕੇ. ਮਹਿਤਾ ਨੇ। ਇਸ ਫ਼ਿਲਮ ਦੇ ਦੋ ਕਿਰਦਾਰ ਐੱਮ. ਇਸਮਾਇਲ਼ ਤੇ ਏ.ਆਰ. ਕਾਰਦਾਰ ਹੀ ਉਹ ਇਨਸਾਨ ਸਨ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬੀ ਫ਼ਿਲਮ ਇੰਡਸਟਰੀ ਦਾ ਆਗਾਜ਼ ਹੋਇਆ। ਅਬਦੁਰ ਰਸ਼ੀਦ ਕਾਰਦਾਰ ਉਰਫ਼ ਏ.ਆਰ. ਕਾਰਦਾਰ ਤੇ ਉਨ੍ਹਾਂ ਦੇ ਜਿਗਰੀ ਯਾਰ ਅਦਾਕਾਰ ਐੱਮ. ਇਸਮਾਇਲ ਨੇ ਯੂਨਾਈਟਿਡ ਪਲੇਅਰਸ ਕਾਰਪੋਰੇਸ਼ਨ ਨਾਂ ਦੀ ਫ਼ਿਲਮ ਕੰਪਨੀ ਸ਼ੁਰੂ ਕਰਕੇ ਲਾਹੌਰ ਫ਼ਿਲਮ ਇੰਡਸਟਰੀ ਦੀ ਨੀਂਹ ਰੱਖੀ। ਸੰਨ 1929 ਵਿਚ ਏ.ਆਰ. ਕਾਰਦਾਰ ਨੇ ਆਪਣੀ ਇਸ ਕੰਪਨੀ ਦੀ ਪਹਿਲੀ ਪ੍ਰੋਡਕਸ਼ਨ ਫ਼ਿਲਮ ਹੁਸਨ ਕਾ ਡਾਕੂ ਦਾ ਨਿਰਮਾਣ ਕੀਤਾ ਤੇ ਇਸ ਤਰ੍ਹਾਂ ਇਸ ਫ਼ਿਲਮ ਦੇ ਬਨਣ ਨਾਲ ਲਾਹੌਰ ਸ਼ਹਿਰ ਜਿੱਥੇ ਏ.ਆਰ. ਕਾਰਦਾਰ ਨੇ ਫ਼ਿਲਮ ਸਟੂਡੀਓ ਵੀ ਬਣਾ ਲਿਆ ਸੀ, ਫ਼ਿਲਮਾਂ ਬਣਾਉਣ ਦਾ ਇੱਕ ਪ੍ਰਮੁੱਖ ਕੇਂਦਰ ਬਣ ਗਿਆ। ਸ਼ਹਿਰ ਵਿਚ ਨਵੀਂ ਫ਼ਿਲਮ ਇੰਡਸਟਰੀ ਨੂੰ ਤਰੱਕੀ ਕਰਦਿਆਂ ਵੇਖ ਹੋਰ ਵੀ ਕਾਰੋਬਾਰੀ ਤੇ ਫ਼ਿਲਮਾਂ ਬਣਾਉਣ ਦੇ ਸ਼ੌਕੀਨ ਲਾਹੌਰ ਫ਼ਿਲਮ ਇੰਡਸਟਰੀ ਵੱਲ ਖਿੱਚੇ ਆਉਣ ਲੱਗੇ। ਫ਼ਿਲਮਾਂ ਨਾਲ ਸੰਬੰਧਿਤ ਬਹੁਤ ਸਾਰੀਆਂ ਸ਼ਖਸੀਅਤਾਂ ਲਾਹੌਰ ਫ਼ਿਲਮ ਇੰਡਸਟਰੀ ਦਾ ਹਿੱਸਾ ਬਣਨ ਲੱਗੀਆਂ। ਠੀਕ ਉਸੇ ਸਮੇਂ ਦਲਸੁਖ ਐੱਮ. ਪੰਚੋਲੀ ਵੀ ਏ.ਆਰ. ਕਾਰਦਾਰ ਦੇ ਨਾਲ ਫ਼ਿਲਮ ਨਿਰਮਾਣ ਵਿਚ ਸ਼ਾਮਲ ਹੋ ਗਏ। ਹਾਲਾਂਕਿ ਉਨ੍ਹਾਂ ਦੇ ਪਿਤਾ ਰੇਵਾ ਸ਼ੰਕਰ ਪੰਚੋਲੀ ਫ਼ਿਲਮ ਕਾਰੋਬਾਰ ਨਾਲ ਪਹਿਲਾਂ ਹੀ ਜੁੜੇ ਹੋਏ ਸਨ। ਰੇਵਾ ਸ਼ੰਕਰ 1920 ਦੇ ਦਹਾਕੇ ਵਿਚ ਫ਼ਿਲਮ ਡਿਸਟ੍ਰੀਬਿਊਸ਼ਨ ਅਤੇ ਪ੍ਰਦਰਸ਼ਨ ਦੇ ਕਾਰੋਬਾਰ ਨਾਲ ਜੁੜੇ ਹੋਏ ਵੱਡੇ ਕਾਰੋਬਾਰੀ ਵਿਅਕਤੀ ਸਨ, ਜਿਨ੍ਹਾਂ ਦੇ ਕਰਾਚੀ ਵਿਚ ਇੰਪੀਰੀਅਲ ਅਤੇ ਪਿਕਚਰ ਹਾਊਸ ਨਾਂ ਦੇ ਦੋ ਸਿਨੇਮਾ ਘਰ ਸਨ। ਇਸੇ ਤਰ੍ਹਾਂ ਬਰਾਂਡਰੇਥ ਰੋਡ ਲਾਹੌਰ ਦੇ ਵਸਨੀਕ ਸ਼ੌਰੀ ਪਰਿਵਾਰ ਰੋਸ਼ਨ ਲਾਲ ਸ਼ੋਰੀ ਅਤੇ ਉਨ੍ਹਾਂ ਦਾ ਪੁੱਤਰ ਰੂਪ ਕੇ. ਸ਼ੋਰੀ ਵੀ ਇਸ ਨਵੀ ਇੰਡਸਟਰੀ ਦਾ ਹਿੱਸਾ ਬਣ ਗਏ, ਜਿਨ੍ਹਾਂ ਦੀਆਂ ਫ਼ਿਲਮਾਂ ਨੇ ਪੰਜਾਬੀ ਸਿਨੇਮੇ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਵਿਚ ਸਭ ਤੋਂ ਵੱਧ ਯੋਗਦਾਨ ਪਾਇਆ।

**47 ਤੋਂ ਪਹਿਲਾਂ ਫ਼ਿਲਮਾਂ ਬਣਾਉਣ ਦੇ ਤਿੰਨ ਪ੍ਰਮੁੱਖ ਕੇਂਦਰ:-** ਸੰਨ 1930-40 ਦੇ ਦਹਾਕੇ ਵਿਚ ਭਾਰਤੀ ਫ਼ਿਲਮਾਂ ਬਣਾਉਣ ਦੇ ਤਿੰਨ ਪ੍ਰਮੁੱਖ ਕੇਂਦਰ ਹੋਇਆ ਕਰਦੇ ਸਨ ਬੰਬਈ (ਮੁੰਬਈ), ਕਲਕੱਤਾ ਅਤੇ ਲਾਹੌਰ। ਜਿਉਂ-ਜਿਉਂ ਫ਼ਿਲਮ ਤਕਨੀਕ ਵਿਚ ਵਾਧਾ ਹੁੰਦਾ ਗਿਆ, ਇਨ੍ਹਾਂ ਤਿੰਨਾਂ ਹੀ ਸ਼ਹਿਰਾਂ ਵਿਚ ਫ਼ਿਲਮਾਂ ਦਾ ਨਿਰਮਾਣ ਵੀ ਵੱਡੀ ਪੱਧਰ ’ਤੇ ਹੋਣ ਲੱਗਾ। ਭਾਰਤ ਦੀ ਪਹਿਲੀ ਸਾਊਂਡ (ਆਵਾਜ਼ ਵਾਲੀ) ਫ਼ਿਲਮ ਆਲਮ ਆਰਾ ਸੰਨ 1931 ’ਚ ਰਿਲੀਜ਼ ਹੋਈ, ਜਿਸ ਨਾਲ ਭਾਰਤੀ ਸਿਨੇਮੇ ਦੇ ਨਵੇਂ ਯੁੱਗ ਦਾ ਆਗਾਜ਼ ਹੋਇਆ। ਇਸ ਤੋਂ ਇਕ ਸਾਲ ਬਾਅਦ ਲਾਹੌਰ ਫ਼ਿਲਮ ਇੰਡਸਟਰੀ ਵਿਚ ਪਹਿਲੀ ਬੋਲਦੀ (ਸਾਊਂਡ) ਫ਼ਿਲਮ ਉਰਦੂ/ਹਿੰਦੀ ਜ਼ੁਬਾਨ ਵਿਚ ਫ਼ਿਲਮ ਰਾਧੇ ਸ਼ਿਆਮ ਮਿਤੀ 2 ਸਤੰਬਰ 1932 ਨੂੰ ਰਿਲੀਜ਼ ਹੋਈ। ਕਮਲਾ ਮੂਵੀਟੋਨ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਮੋਹਨ ਲਾਲ ਕਪੂਰ, ਮਧੋਕ, ਬਦਰੀ ਪ੍ਰਸਾਦ, ਰਾਧਾ, ਸੁਨੀਤਾ ਦੇਵੀ ਅਤੇ ਪੰਡਿਤ ਗੰਗਾ ਪ੍ਰਸ਼ਾਦ ਫ਼ਿਲਮ ਵਿਚ ਅਦਾਕਾਰੀ ਕੀਤੀ ਸੀ ਰਾਧਾ, ਮੋਹਨ, ਮਧੋਕ, ਜੀ.ਐੱਨ. ਡਾਰ ਅਤੇ ਗੰਗਾ ਪ੍ਰਸ਼ਾਦ ਨੇ। ਇਸ ਫ਼ਿਲਮ ਤੋਂ ਇਕ ਹਫ਼ਤਾ ਬਾਅਦ 9 ਸਤੰਬਰ ਸੰਨ 1932 ਵਿਚ ਪੰਜਾਬੀ ਸਿਨੇਮੇ ਦੀ ਪੰਜਾਬੀ ਜ਼ੁਬਾਨ ਵਿਚ ਪਹਿਲੀ ਸਾਊਂਡ (ਆਵਾਜ਼ ਵਾਲੀ) ਫ਼ਿਲਮ ਹੀਰ ਰਾਂਝਾ ਰਿਲੀਜ਼ ਹੋਈ (ਹਵਾਲਾ ਹਿਸਟਰੀ ਆਫ ਪਾਕਿਸਤਾਨੀ ਪੰਜਾਬੀ ਸਿਨੇਮਾ, ਪਾਕਿਸਤਾਨ ਫ਼ਿਲਮ ਮੈਗਜ਼ੀਨ)। ਪਲੇਅ ਆਰਟ ਫ਼ੋਟੋਟੋਨ ਕਾਰਪੋਰੇਸ਼ਨ ਦੀ ਫ਼ਿਲਮ ਕੰਪਨੀ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਨੂੰ ਏ.ਆਰ. ਕਾਰਦਾਰ ਨੇ ਨਿਰਦੇਸ਼ਿਤ ਕੀਤਾ ਸੀ। ਲਾਹੌਰ ਦੇ ਰੀਜੈਂਟ ਸਿਨੇਮੇ ਵਿਚ ਰਿਲੀਜ਼ ਹੋਈ ਇਸ ਫ਼ਿਲਮ ਦੇ ਨਿਰਮਾਤਾ ਸਨ ਹਕੀਮ ਰਾਮ ਪ੍ਰਸ਼ਾਦ ਜਿਹੜੇ ਲਾਹੌਰ ਦੇ ਕੈਪੀਟਲ ਸਿਨੇਮਾ ਦੇ ਮਾਲਿਕ ਸਨ। ਅਬਦੁਰ ਰਸ਼ੀਦ ਕਾਰਦਾਰ ਪੰਜਾਬੀ ਸਿਨੇਮੇ ਦੇ ਉਹ ਪਹਿਲੇ ਨਿਰਦੇਸ਼ਕ ਸਨ, ਜਿਨ੍ਹਾਂ ਲਾਹੌਰ ਵਿਚ ਬਣੀ ਇਸ ਪਹਿਲੀ ਪੰਜਾਬੀ ਫ਼ਿਲਮ ਦਾ ਨਿਰਦੇਸ਼ਨ ਦਿੱਤਾ ਸੀ। ਇਸ ਫ਼ਿਲਮ ਵਿਚ ਹੀਰ ਦਾ ਕਿਰਦਾਰ ਅਦਾ ਕੀਤਾ ਸੀ ਅਦਾਕਾਰਾ ਤੇ ਗਾਇਕਾ ਅਨਵਰੀ ਬੇਗ਼ਮ ਨੇ ਅਤੇ ਰਾਂਝੇ ਦਾ ਕਿਰਦਾਰ ਅਦਾ ਕੀਤਾ ਸੀ ਅਦਾਕਾਰ ਤੇ ਸੰਗੀਤਕਾਰ ਰਫ਼ੀਕ ਗਜ਼ਨਵੀ ਨੇ, ਜੋ ਫ਼ਿਲਮ ਦੇ ਗਾਇਕ ਤੇ ਸੰਗੀਤਕਾਰ ਵੀ ਸਨ। ਅਨਵਰੀ ਬੇਗ਼ਮ ਤੇ ਰਫ਼ੀਕ ਗਜ਼ਨਵੀ ਮਸ਼ਹੂਰ ਫ਼ਿਲਮ ਅਦਾਕਾਰਾ ਸਲਮਾ ਆਗਾ ਦੇ ਦਾਦਾ-ਦਾਦੀ ਹਨ। ਫ਼ਿਲਮ ਹੀਰ ਰਾਂਝਾ ਵਿਚ ਕੈਦੋਂ ਦਾ ਕਿਰਦਾਰ ਨਿਭਾਇਆ ਸੀ ਐੱਮ. ਇਸਮਾਇਲ ਨੇ ਅਤੇ ਸੈਦਾ ਖੇੜੇ ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਦਾ ਨਾਮ ਸੀ ਲਾਲਾ ਯਾਕੂਬ। ਫ਼ਿਲਮ ਦੇ ਲੇਖਕ ਸਨ ਸਈਅਦ ਆਬਿਦ ਅਲੀ ਆਬਿਦ, ਪਟਕਥਾ ਲਿਖੀ ਸੀ ਐੱਮ. ਸਾਦਿਕ ਨੇ ਅਤੇ ਸੰਵਾਦ ਲਿਖੇ ਸਨ ਲਾਲਾ ਯਾਕੂਬ ਨੇ। ਬੇਸ਼ੱਕ ਇਹ ਫ਼ਿਲਮ ਕੋਈ ਬਹੁਤੀ ਸਫ਼ਲਤਾ ਹਾਸਿਲ ਨਹੀਂ ਕਰ ਸਕੀ ਸੀ ਪਰ ਇਸ ਫ਼ਿਲਮ ਨਾਲ ਲਾਹੌਰ, ਕਲਕੱਤਾ ਅਤੇ ਮੁੰਬਈ ਫ਼ਿਲਮ ਇੰਡਸਟਰੀ ਵਿਚ ਜਿੱਥੇ ਉਰਦੂ, ਹਿੰਦੀ ਫ਼ਿਲਮਾਂ ਹੀ ਜ਼ਿਆਦਾ ਬਣਦੀਆਂ ਸਨ, ਵਿਖੇ ਪੰਜਾਬੀ ਫ਼ਿਲਮਾਂ ਬਣਾਉਣ ਦੀ ਸ਼ੁਰੂਆਤ ਹੋ ਗਈ, ਜੋ ਮਗਰੋਂ 1947 ਦੀ ਵੰਡ ਤੋਂ ਪਹਿਲਾਂ ਤੱਕ ਵੱਡੀ ਗਿਣਤੀ ਵਿਚ ਬਣਨ ਲੱਗੀਆਂ।

> **ਪੰਜਾਬ ਵਿਚ ਭਾਵੇਂ ਸਿਨੇਮਾ ਵੇਖਣ ਦੀ ਰੀਤ ਕੋਈ 100 ਸਾਲ ਤੋਂ ਵੀ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ਬ੍ਰਿਟਿਸ਼ ਰਾਜ ਵੇਲੇ ਹਿੰਦੀ ਸਿਨੇਮੇ ਨੇ ਸੰਨ 1913 ਵਿਚ ਭਾਰਤ ਵਿਚ ਦਾਦਾ ਸਾਹਿਬ ਫਾਲਕੇ ਦੁਆਰਾ ਬਣਾਈ ਪਹਿਲੀ ਭਾਰਤੀ ਮੂਕ ਫ਼ਿਲਮ ਰਾਜਾ ਹਰੀਸ਼ ਚੰਦਰ ਰਾਹੀਂ ਸਿਨੇ ਪਰਦੇ ’ਤੇ ਦਸਤਕ ਦਿੱਤੀ। ਹਿੰਦੀ ਸਿਨੇਮੇ ਵਾਂਗ ਹੀ ਪੰਜਾਬੀ ਸਿਨੇਮੇ ਨੇ ਵੀ ਆਪਣਾ ਸਫ਼ਰ ਮੂਕ ਫ਼ਿਲਮਾਂ ਤੋਂ ਹੀ ਸ਼ੁਰੂ ਕੀਤਾ।**

**1947 ਦੀ ਵੰਡ ਤੋਂ ਪਹਿਲਾਂ ਦੀਆਂ ਪੰਜਾਬੀ ਫ਼ਿਲਮਾਂ ਦਾ ਵੇਰਵਾ:-** ਸਾਲ 1932 ਤੋਂ ਲੈ ਕੇ 1947 ਤੱਕ ਪੰਜਾਬੀ ਜ਼ੁਬਾਨ ਵਿਚ ਕੁੱਲ 40 ਦੇ ਕਰੀਬ ਫ਼ਿਲਮਾਂ ਬਣੀਆਂ।

**ਲਾਹੌਰ ਪੰਜਾਬੀ ਫ਼ਿਲਮ ਇੰਡਸਟਰੀ ਵੱਲੋਂ ਬਣਾਈਆਂ 19 ਪੰਜਾਬੀ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ:-**

ਪਹਿਲੀ ਪੰਜਾਬੀ ਫ਼ਿਲਮ ਹੀਰ ਰਾਂਝਾ (ਰਿਲੀਜ਼ 9 ਸਤੰਬਰ, 1932), ਰਾਜਾ ਗੋਪੀ ਚੰਦ (1933), ਭਗਤ ਸੂਰਦਾਸ (1939), ਸੋਹਣੀ ਮਹੀਵਾਲ (1939), ਗੁੱਲ ਬਕਾਵਲੀ (1939 ਦੀ ਹਿੱਟ ਫ਼ਿਲਮ), ਦੁੱਲਾ ਭੱਟੀ (1940 ਦੀ ਹਿੱਟ ਫ਼ਿਲਮ), ਯਮਲਾ ਜੱਟ (1940 ਦੀ ਹਿੱਟ ਫ਼ਿਲਮ), ਇਕ ਮੁਸਾਫ਼ਿਰ (1940), ਸਹਿਤੀ ਮੁਰਾਦ (1940), ਮੇਰਾ ਮਾਹੀ (1941), ਚੌਧਰੀ (1941 ਦੀ ਹਿੱਟ ਫ਼ਿਲਮ), ਪਟਵਾਰੀ (1942 ਦੀ ਹਿੱਟ ਫ਼ਿਲਮ), ਮੰਗਤੀ (1942 ਦੀ ਗੋਲਡਨ ਜ਼ੁਬਲੀ ਸੁਪਰਹਿੱਟ ਫ਼ਿਲਮ), ਗਵਾਂਢੀ (1942), ਰਾਵੀ ਪਾਰ (1942), ਨਿਖੱਟੂ (1944 ਦੀ ਹਿੱਟ ਫ਼ਿਲਮ), ਗੁੱਲ ਬਲੋਚ (1944 ਦੀ ਹਿੱਟ ਫ਼ਿਲਮ), ਕੋਇਲ (1944 ਦੀ ਹਿੱਟ ਫ਼ਿਲਮ) ਅਤੇ ਕਮਲੀ (1946)।

**ਕਲਕੱਤਾ ਫ਼ਿਲਮ ਇੰਡਸਟਰੀ ਵਲੋਂ ਬਣਾਈਆਂ 15 ਪੰਜਾਬੀ ਫ਼ਿਲਮਾਂ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ:-** ਸ਼ੀਲਾ ਉਰਫ਼ ਪਿੰਡ ਦੀ ਕੁੜੀ (ਮਦਾਨ ਥੀਏਟਰ ਦੇ ਬੈਨਰ ਹੇਠ 26 ਮਾਰਚ 1936 ਨੂੰ ਰਿਲੀਜ਼ ਹੋਈ ਅਤੇ ਮਸ਼ਹੂਰ ਨਿਰਦੇਸ਼ਕ ਕੇ.ਡੀ. ਮਹਿਰਾ ਦੀ ਨਿਰਦੇਸ਼ਨਾਂ ਵਿਚ ਬਣੀ ਇਸ ਫ਼ਿਲਮ ਨੂੰ ਕੁਝ ਭਾਰਤੀ ਫ਼ਿਲਮ ਹਿਸਟੋਰੀਅਨ ਪੰਜਾਬੀ ਦੀ ਪਹਿਲੀ ਫ਼ਿਲਮ ਹੋਣ ਦਾ ਦਾਅਵਾ ਕਰਦੇ ਸਨ ਪਰ ਮਗਰੋਂ ਇਸ ਨੂੰ ਖਾਰਜ ਕਰ ਦਿੱਤਾ ਗਿਆ)

ਹੀਰ ਸਿਆਲ (1938 ਦੀ ਹਿੱਟ ਫ਼ਿਲਮ), ਪੂਰਨ ਭਗਤ (1939), ਸੋਹਣੀ ਕੁਮਾਹਰਣ (1939 ਦੀ ਹਿੱਟ ਫ਼ਿਲਮ), ਸੱਸੀ ਪੁੰਨੂ (1939 ਦੀ ਹਿੱਟ ਫ਼ਿਲਮ), ਮਰਦ ਏ ਪੰਜਾਬ (1940), ਮਤਵਾਲੀ ਮੀਰਾਂ (1940), ਜੱਗਾ ਡਾਕੂ (1940), ਲੈਲਾ ਮਜਨੂੰ (1940), ਮੇਰਾ ਪੰਜਾਬ (1940), ਮੁਬਾਰਕ (1941), ਸਿਪਾਹੀ (1941), ਚਤਰਾ ਬਕਾਵਲੀ (1941), ਚੰਬੇ ਦੀ ਕਲੀ (1941), ਪਰਦੇਸੀ ਢੋਲਾ (1941)

**ਬੰਬਈ ਫ਼ਿਲਮ ਇੰਡਸਟਰੀ ਵੱਲੋਂ ਬਣਾਈਆਂ 6 ਪੰਜਾਬੀ ਫ਼ਿਲਮਾਂ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ:-**

ਪਹਿਲੀ ਪੰਜਾਬੀ ਫ਼ਿਲਮ ਇਸ਼ਕ ਏ ਪੰਜਾਬ ਉਰਫ਼ ਮਿਰਜ਼ਾ ਸਾਹਿਬਾਂ (ਹਿੰਦਮਾਤਾ ਸਿਨੇਟੋਨ ਕੰਪਨੀ, ਬੰਬੇ ਦੇ ਬੈਨਰ ਹੇਠ 29 ਮਾਰਚ 1935 ਨੂੰ ਰਿਲੀਜ਼ ਹੋਈ। ਨਿਰਦੇਸ਼ਕ ਜੀ.ਆਰ. ਸੇਠੀ ਦੀ ਇਸ ਫ਼ਿਲਮ ਨੂੰ ਵੀ ਚੜ੍ਹਦੇ ਪੰਜਾਬ ਦੇ ਪੰਜਾਬੀ ਫ਼ਿਲਮ ਹਿਸਟੋਰੀਅਨ ਪੰਜਾਬੀ ਸਿਨੇਮੇ ਦੀ ਪਹਿਲੀ ਫ਼ਿਲਮ ਹੋਣ ਦਾ ਦਾਅਵਾ ਕਰਦੇ ਹਨ)

ਮਿਰਜ਼ਾ ਸਾਹਿਬਾਂ (1939), ਅਲੀ ਬਾਬਾ ਚਾਲੀ ਚੋਰ (1940) ਜੋ ਪੰਜਾਬੀ ਦੇ ਨਾਲ-ਨਾਲ ਹਿੰਦੀ, ਉਰਦੂ ਵਿਚ ਵੀ ਫਿਲਮਾਈ ਗਈ, ਕੁੜਮਾਈ (1941 ਦੀ ਹਿੱਟ ਫ਼ਿਲਮ), ਪਟੋਲਾ (1942) ਅਤੇ ਸੋਹਣੀ ਮਹੀਵਾਲ(1946)।

ਇਨ੍ਹਾਂ ਤਿੰਨਾਂ ਕੇਂਦਰਾਂ ’ਤੇ ਬਣੀਆਂ 40 ਫ਼ਿਲਮਾਂ ਵਿਚੋਂ 13 ਫ਼ਿਲਮਾਂ ਨੇ ਸ਼ਾਨਦਾਰ ਬਿਜ਼ਨਸ ਕੀਤਾ ਤੇ ਸੁਪਰਹਿੱਟ ਰਹੀਆਂ, ਜਿਨ੍ਹਾਂ ਵਿਚ 9 ਲਾਹੌਰ ਦੀਆਂ, 1 ਮੁੰਬਈ ਦੀ ਅਤੇ 3 ਕੱਲਕੱਤੇ ਦੀਆਂ ਫ਼ਿਲਮਾਂ ਸ਼ਾਮਲ ਸਨ।

**ਲਾਹੌਰ ਫ਼ਿਲਮ ਇੰਡਸਟਰੀ ਦਾ ਪੰਜਾਬੀ ਸਿਨੇਮੇ ਵਿਚ ਯੋਗਦਾਨ:-** ਪੰਜਾਬੀ ਸਿਨੇਮੇ ਵਿਚ ਜਿੰਨੀਆਂ ਵੀ ਬੇਹਤਰੀਨ ਫ਼ਿਲਮਾਂ ਬਣੀਆਂ ਜ਼ਿਆਦਾਤਰ ਉਹ ਲਾਹੌਰ ਫ਼ਿਲਮ ਇੰਡਸਟਰੀ ਦੀ ਹੀ ਦੇਣ ਸਨ। ਲਾਹੌਰ ਸਾਂਝੇ ਪੰਜਾਬ ਦੀ ਰਾਜਧਾਨੀ, ਪੰਜਾਬੀ ਸੱਭਿਆਚਾਰ ਦੀ ਤਰਜ਼ਮਾਨੀ ਕਰਦਾ ਇਕ ਐਸਾ ਖ਼ੂਬਸੂਰਤ ਸ਼ਹਿਰ ਸੀ, ਜੋ ਕਲਾ ਅਤੇ ਸਾਹਿਤਿਕ ਸਰਗਰਮੀਆਂ ਦਾ ਵੱਡਾ ਕੇਂਦਰ ਰਿਹਾ, ਜਿਸ ਦਾ ਅਸਰ ਉਸ ਵੇਲੇ ਦੇ ਪੰਜਾਬੀ ਸਿਨੇਮੇ ’ਤੇ ਵੀ ਦਿਖਾਈ ਦਿੰਦਾ ਸੀ।

ਪੰਜਾਬੀ ਫ਼ਿਲਮ ਇੰਡਸਟਰੀ ਦਾ ਸਭ ਤੋਂ ਵੱਡਾ ਕੇਂਦਰ ਲਾਹੌਰ ਸ਼ਹਿਰ ਪਾਕਿਸਤਾਨ ਦੇ ਹਿੱਸੇ ਆਉਣ ਅਤੇ 47 ਦੀ ਵੰਡ ਵੇਲੇ ਹੋਈ ਫ਼ਿਰਕੂ ਹਿੰਸਾ ਵਿਚ ਕਈ ਖ਼ੂਬਸੂਰਤ ਸਟੂਡੀਓ ਅੱਗ ਦੀ ਭੇਟ ਚੜ੍ਹ ਗਏ। ਸਾਰੇ ਹਿੰਦੂ, ਸਿੱਖ ਫ਼ਿਲਮੀ ਕਲਾਕਾਰਾਂ ਅਤੇ ਸਟੂਡੀਓ ਮਾਲਕਾਂ ਨੂੰ ਲਾਹੌਰ ਛੱਡ ਕੇ ਆਪਣੀਆਂ ਜਾਨਾਂ ਬਚਾ ਮਜਬੂਰੀ ਵਿਚ ਭਾਰਤ ਆਉਣਾ ਪਿਆ। ਜਿਸ ਨਾਲ ਲਾਹੌਰ ਫ਼ਿਲਮ ਇੰਡਸਟਰੀ ਪੂਰੀ ਤਰ੍ਹਾਂ ਉੱਜੜ ਗਈ। 47 ਦੀ ਵੰਡ ਕਰਕੇ ਪੰਜਾਬੀਆਂ ਵਾਂਗੂ ਲਾਹੌਰ ਦੀ ਪੰਜਾਬੀ ਫ਼ਿਲਮ ਇੰਡਸਟਰੀ ਵੀ ਘਰੋਂ ਬੇਘਰ ਹੋ ਗਈ ਤੇ ਮੁੜਕੇ ਉਸ ਨੂੰ ਕਦੇ ਲਾਹੌਰ ਵਰਗਾ ਆਪਣਾ ਘਰ ਨਸੀਬ ਨਾ ਹੋਇਆ।

# PUNJAB MAIL USA

TV Channel, Newspaper, Radio

24 Hours
7 Days






## All over America, Canada, Australia & Europe

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**





## FOR SALE & PURCHASE OF ANY KIND OF PROPERTY





RE/MAX

RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**